# ਵਰਿਆਮ

ਨਵੰਬਰ ੧੯੯੧ ੧/੫੦




Sri Satguru Jagjit Singh Ji Elibrary NamdhariElibrary@gmail.com

WITH COMPLIMENTS

FROM

Bliss

THE GUEST HOUSE

11/10 Pusa Road

NEW DELHI-110005,

Phone : 589596

AIR CONDITIONED

AND

NON AIR CONDITIONED ROOMS

HALLS FOR MARRIAGES,

RECEPTIONS & CONFERENCES

24 HOURS ROOM SERVICE

TELEPHONE

IN EVERY ROOM

*GOLDEN HOLIDAYS*

*Present*

*most exciting and high value tours to*

- THAILAND
- MALAYASIA
- SINGAPORE
- HONGKONG
- PHILLIPINES
- JAPAN
- EUROPE AND
- U. S. A.

*for details, please contact operators :*

**Kwick Travels Pvt. Ltd.**

6/85, W.E.A. Karol Bagh,

NEW DELHI-110005.

Phones : 562588 ; 569206

Cable : KWICKAIR

# ਇਹ ਅੰਕ

ਵਰਿਆਮ ਦੇ ਹਥਲੇ ਅੰਕ ਨਾਲ ਅਸੀਂ ਸਤਵੇਂ ਵਰ੍ਹੇ ਵਿਚ ਪੈਰ ਧਰ ਰਹੇ ਹਾਂ।

ਖਾਮੀਆਂ ਦੇ ਬਾਵਜੂਦ ਏਨਾ ਸਮਾਂ ਤੁਹਾਡਾ ਪਰਚਾ ਲਗਾਤਾਰ ਪ੍ਰਕਾਸ਼ਤ ਹੁੰਦਾ ਰਿਹਾ ਹੈ। ਸਾਡਾ ਜਤਨ ਰਿਹਾ ਹੈ ਕਿ ਵਧ ਤੋਂ ਵਧ ਪਾਠਕਾਂ ਦੀਆਂ ਆਸਾਂ ਤੇ ਪੂਰੇ ਉਤਰੀਏ ਅਤੇ ਅਸੀਂ ਇਸ ਨਿਸ਼ਾਨੇ ਵਲ ਸਦਾ ਤਤਪਰ ਰਹਿੰਦੇ ਹਾਂ। ਮਹਿੰਗਾਈ ਕਰਕੇ ਆਈਆਂ ਮਾਰੂ ਤਕਲੀਫਾਂ ਦੀ ਤਫਸੀਲ 'ਚ ਜਾਣ ਤੋਂ ਅਸੀਂ ਸੰਕੋਚ ਕਰਦੇ ਹੋਏ ਅਜ ਆਪਣੇ ਪਾਠਕਾਂ ਨੂੰ ਕੇਵਲ ਸਤਵੇਂ ਵਰ੍ਹੇ ਦੀ ਵਧਾਈ ਪੇਸ਼ ਕਰਦੇ ਹੋਏ ਅਗੇ ਤੋਂ ਵੀ ਜ਼ਿਆਦਾ ਸਹਿਯੋਗ ਦੀ ਅਸ਼ੀਰਵਾਦ ਚਾਹੁੰਦੇ ਹਾਂ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਲੰਧਰ ਵਿਚ ਹੋਏ ਸਿਲਵਰ ਜੁਬਲੀ ਸਮਾਰੋਹਾਂ ਬਾਬਤ ਇਸ ਅੰਕ ਵਿਚ ਜ਼ਿਕਰ ਹੈ। ਹਾਲਤਾਂ ਵਸ ਸਾਡੀ ਵਿਓਂਤ ਤੋਂ ਬਹੁਤ ਕੁਝ ਘਟ ਰਹਿ ਗਿਆ ਹੈ ਪਰ ਪਾਠਕ ਸਾਡਾ ਇਹ ਨਿਮਾਣਾ ਜਿਹਾ ਯੋਗਦਾਨ ਪਰਵਾਨ ਕਰਨ। —ਜਗਦੀਸ਼ ਸਿੰਘ

Sri Satguru Jagjit Singh Ji Elibrary NamdhariElibrary@gmail.com

ਮਾਸਕ

# ਵਰਿਆਮ

ਨਵੰਬਰ
੧੯੯੧

ਜਿਲਦ ਨੰ: ੭ ਅੰਕ ਨੰ: ੧

### ਵਰਿਆਮ ਸਕੂਲਾਂ ਕਾਲਜਾਂ ਲਈ ਪ੍ਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐ... ਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਸੰਪਾਦਕ : ਜਗਦੀਸ਼ ਸਿੰਘ

ਸਹਿਯੋਗ : ਜੰਗ ਬਹਾਦਰ ਸਿੰਘ ਘਈ
ਮੁਖ ਪੰਨਾ : ਕੇਂਦਰੀ ਪੰਜਾਬੀ ਲੇਖਕ ਸਭਾ,
ਸਿਲਵਰ ਜੁਬਲੀ ਦੇ ਦ੍ਰਿਸ਼
ਤਸਵੀਰਾਂ : ਵੀ. ਪੀ. ਕਪੂਰ
ਆਰਟਿਸਟ : ਸੁਖਵੰਤ

ਮੁਲ ਪ੍ਰਤੀ ਕਾਪੀ : ੧-੫੦ ਰੁਪਿਆ
ਸਾਲਾਨਾ ਚੰਦਾ ਦੇਸ : ੧੫ ਰੁਪਏ
„ „ ਵਿਦੇਸ਼ : ੯੦ ਰੁਪਏ (ਸਮੁੰਦਰੀ ਡਾਕ ਰਾਹੀਂ)
„ „ ਵਿਦੇਸ਼ : ੧੫੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ. ਪੀ

Office Address
Monthly WARIAM
(Punjabi)
Ladowali Road
Jullundur-144001
Phone : 72504 PP



Sri Satguru Jagjit Singh Ji Elibrary NamdhariElibrary@gmail.com

# ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਰੋਹ

—ਜਗਦੀਸ਼ ਸਿੰਘ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਰੋਹ ਦੇਸ਼ਭਗਤ ਯਾਦਗਾਰ ਹਾਲ ('ਗਿ: ਹੀਰਾ ਸਿੰਘ ਦਰਦ ਨਗਰ') ਜਲੰਧਰ ਵਿਖੇ ੩੦-੩੧ ਅਕਤੂਬਰ ਅਤੇ ੧ ਨਵੰਬਰ ੧੯੮੧ ਨੂੰ ਬਹੁਤ ਸ਼ਾਨਾਂ ਨਾਲ ਸਮਾਪਤ ਹੋਇਆ ਹੈ। ਇਸ ਸਮਾਗਮ ਵਿਚ ਹਰ ਰੰਗ ਦੇ, ਹਰ ਖਿਆਲ ਦੇ ਅਤੇ ਹਰ ਉਮਰ ਦੇ ਲੇਖਕ ਸ਼ਾਮਲ ਹੋਏ। ਜਿਸ ਵਿਚ ਭਾਗ ਲੈਣ ਵਾਲਿਆਂ ਦਾ ਖਿਆਲ ਹੈ ਕਿ ਅਜਿਹਾ ਸ਼ਾਨਦਾਰ ਸਮਾਰੋਹ ਆਪਣੀ ਮਿਸਾਲ ਆਪ ਹੈ। ਭਾਵੇਂ ਪਿਛਲੇ ਸਾਲਤੋਂ ਵਖ ਵਖ ਸਭਾਵਾਂ ਵਲੋਂ ਸਿਲਵਰ ਜੁਬਲੀ ਸਮਾਰੋਹ ਨੂੰ ਸਮਪ੍ਰਤ ਸਮਾਗਮ ਕੀਤੇ ਗਏ ਸਨ ਅਤੇ ਇਹ ਆਸ ਸੀ ਹੀ ਕਿ ਮੁਖ ਸਮਾਰੋਹ ਤੇ ਹਾਜ਼ਰੀ ਵਧੀਆ ਹੋਵੇਗੀ ਪਰ ਜਲੰਧਰ ਵਿਚ ਆਯੋਜਿਤ ਇਸ ਸਮਾਰੋਹ ਤੋਂ ਪਹਿਲਾਂ ਕਿੰਨਾ ਕੁਝ ਅਜਿਹਾ ਹੋ ਗਿਆ ਸੀ ਜਿਸ ਨੇ ਹਾਜ਼ਰੀ ਤਾਂ ਕੀ ਖੁਦ ਸਮਾਰੋਹਾਂ ਦੇ ਹੋਣ ਨੂੰ ਵੀ ਸੰਸੇ ਵਿਚ ਪਾ ਦਿਤਾ ਸੀ।

ਲਾਲਾ ਜਗਤ ਨਰਾਇਣ ਜੀ ਦੇ ਕਤਲ ਤੋਂ ਬਾਅਦ ਜਲੰਧਰ ਦਾ ਤਾਂ ਕੀ ਸਾਰੇ ਪੰਜਾਬ ਦਾ ਵਾਤਾਵਰਣ ਦੂਸ਼ਤ ਹੋ ਗਿਆ ਸੀ ਅਤੇ ਜਲੰਧਰ ਵਿਚ ਜਿਸ ਰਾਤ ਗੋਲੀ ਚਲੀ ਸੀ ਉਸ ਤੋਂ ਥੋਹੜੇ ਦਿਨ ਹੀ ਪਹਿਲਾਂ ਸਵਾਗਤ ਸੰਮਤੀ ਦਾ ਗਠਨ ਹੋਇਆ ਸੀ। ਪੰਜਾਬੀ ਕਾਨਫਰੰਸ ਵਰਗੇ ਸਾਂਝੇ ਕਾਰਜਾਂ ਵਾਸਤੇ ਜਿਸ ਤਰ੍ਹਾਂ ਸਭ ਦੇ ਸਹਿਯੋਗ ਦੀ ਲੋੜ ਹੁੰਦੀ ਹੈ ਉਹ ਪ੍ਰਾਪਤ ਨਹੀਂ ਸੀ। ਕਾਨਫਰੰਸ ਕਰਨ ਵਲ ਕਿਸ ਦੀ ਰੁਚੀ ਹੋ ਸਕਦੀ ਸੀ ਜਦੋਂ ਕਿ ਹਰ ਰੋਜ਼ ਅਖਬਾਰਾਂ, ਗੋਲੀ ਕਾਂਡਾਂ, ਜਹਾਜ਼ਾਂ ਦੇ ਉਧਾਲਿਆਂ, ਭਿੰਡਰਾਂ ਵਾਲਿਆਂ ਦੀ ਗ੍ਰਿਫਤਾਰੀ ਅਤੇ ਅਤਿਵਾਦੀਆਂ ਦੇ ਕਾਰਿਆਂ ਨਾਲ ਭਰੀਆਂ ਹੁੰਦੀਆਂ।

ਇਸ ਸਮੇਂ ਕੇਂਦਰੀ ਲੇਖਕ ਸਭਾ ਦੀ ਹਾਈ ਕਮਾਨ ਵੀ ਖੁਦ ਇਸ ਸਬੰਧ ਵਿਚ ਸ਼ਸ਼ੋਪੰਜ ਵਿਚ ਸੀ।

ਅਜਿਹੀ ਹਾਲਤ ਵਿਚ ਜਲੰਧਰ ਦੇ ਕੁਝ 'ਸਿਰ ਫਿਰੇ' ਇਸ ਮੰਤਵ ਨਾਲ ਕਿ ਅਜਿਹੇ ਦੂਸ਼ਤ ਵਾਤਾਵਰਣ ਵਿਚ ਇਹ ਸਮਾਰੋਹ ਕਰਨ ਦੀ ਬਹੁਤ ਲੋੜ ਹੈ ਤਾਂ ਕਿ ਲੋਕਾਂ ਦਾ ਧਿਆਨ ਆਪਣੀ ਭਾਸ਼ਾ ਅਤੇ ਸਭਿਆਚਾਰ ਦੇ ਸਰਬ ਸਾਂਝੇ ਕੰਮ ਵਲ ਮੁੜੇ, ਲੱਕ ਬੰਨ੍ਹ ਕੇ ਸਮਾਰੋਹਾਂ ਦੀਆਂ ਤਿਆਰੀਆਂ ਵਿਚ ਜੁਟ ਗਏ।

ਫੰਡਾਂ ਦੀ ਬੋਹਣੀ ਜਲੰਧਰ ਦੇ ਸਤਿਕਾਰੇ ਦਾਨੀ ਬਾਵਾ ਪਰਮਜੀਤ ਸਿੰਘ ਜੀ ਨੇ ਪੰਜ ਹਜ਼ਾਰ ਰੁਪਏ ਨਾਲ ਸ਼ੁਰੂ ਕੀਤੀ (ਉਦੋਂ ਉਹ ਸਵਾਗਤ ਸੰਮਤੀ ਦੇ ਪ੍ਰਧਾਨ ਨਹੀਂ ਸਨ)। ਬਾਵਾ ਜੀ ਵਲੋਂ ਸੋਵੀਨਰ ਦੇ ਇਸ਼ਤਿਹਾਰ ਦੇ ਰੂਪ ਵਿਚ ਬਾਅਦ ਵਿਚ ਪੰਜ ਹਜ਼ਾਰ ਹੋਰ ਆਇਆ।

ਸੁਵਾਗਤ ਸੰਮਤੀ ਨੂੰ ਛੇਤੀ ਹੀ ਪਤਾ ਲਗ ਗਿਆ ਕਿ ਆਰੰਭਿਆ ਕੰਮ ਹੋਰ ਵੀ ਮੁਸ਼ਕਲ ਹੈ। ਕੇਂਦਰੀ ਸਭਾ ਵਲੋਂ ਸਮਾਰੋਹਾਂ ਵਾਸਤੇ ਲਾਏ ਗਏ ਖਰਚੇ ਦੇ ਅੰਦਾਜ਼ਿਆਂ ਤੋਂ ਖਰਚਾ ਬਹੁਤ ਵਧ ਹੋਵੇਗਾ। ਹਰ ਚੀਜ਼ ਹੀ ਹੱਥ ਨਹੀਂ ਲਾਉਣ ਦੇਂਦੀ। ਇਸ ਸਬੰਧ ਵਿਚ ਜਲੰਧਰ ਦੀ ਲੇਖਕ ਸਭਾ ਦੇ ਪ੍ਰਧਾਨ ਪ੍ਰੋ: ਪਿਆਰਾ ਸਿੰਘ ਭੋਗਲ ਸ਼ੁਰੂ ਵਿਚ ਬਹੁਤ ਪਰੇਸ਼ਾਨ ਸਨ। ਪਰ ਹਿੰਮਤੇ ਮਰਦਾਂ ਮਦਦੇ ਖੁਦਾ ਵਾਲੀ ਗੱਲ ਅਨੁਸਾਰ ਸਵਾਗਤ ਸੰਮਤੀ ਦੀ ਬੇਨਤੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ੫੧੦੦ ਰੁ: ਦੀ ਸਹਾਇਤਾ ਭੇਜੀ ਅਤੇ ਨਾਲ ਅਸ਼ੀਰਵਾਦ ਭੇਜਿਆ। ਇਸੇ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੫੦੦੦ ਰੁਪਏ ਦੀ ਸਹਾਇਤਾ ਭੇਜ ਕੇ ਪੰਜਾਬੀ ਦੇ ਕਾਜ਼ ਵਾਸਤੇ ਭਰਪੂਰ ਹਿੱਸਾ ਪਾਇਆ। ਜਲੰਧਰ ਤੋਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ: ਸੁਖਦੇਵ ਸਿੰਘ ਅਤੇ ਤਲਵੰਡੀ ਅਕਾਲੀ ਦਲ ਦੇ ਸਥਾਨਕ ਪ੍ਰਧਾਨ ਜ: ਜੈਮਲ ਸਿੰਘ ਨੇ ਫਿਰ ਤੁਰ ਕੇ ਫੰਡਾਂ ਵਾਸਤੇ ਸਹਾਇਤਾ ਕੀਤੀ। ਸ਼ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਵੀ ਆਸ ਸੀ। ਹਿੰਦ ਸਮਾਚਾਰ ਅਖਬਾਰਾਂ ਦੇ ਸਮੂਹ ਦੇ ਸਕੱਤਰ ਸ੍ਰੀ ਵਿਜੇ ਚੋਪੜਾ ਦੇ ਪਿਤਾ ਲਾਲਾ ਜਗਤ ਨਰਾਇਣ ਜੀ ਦੀ ਹਤਿਆ ਨੂੰ ਭਾਵੇਂ ਥੋਹੜੇ ਦਿਨ ਹੀ ਹੋਏ ਸਨ ਪਰ ਉਹ ਸਰਗਰਮੀਆਂ ਦੀ ਚੂਲ ਬਣ ਗਏ ਅਤੇ ਉਹਨਾਂ ਸਰਗਰਮੀਆਂ ਅਤੇ ਫੰਡਾਂ ਨੂੰ ਬਹੁਤ ਹੁਲਾਰਾ ਦਿਤਾ। ਜਲੰਧਰ ਦੇ ਅਕਾਲੀ ਦਲ (ਸੰਤ) ਦੇ ਪ੍ਰਧਾਨ ਸ: ਜਗਦੀਸ਼ ਸਿੰਘ, ਸ: ਪਰਤਾਪ ਸਿੰਘ ਐਡਵੋਕੇਟ, ਅਕਾਲੀ ਦਲ (ਮਾਸਟਰ) ਦੇ ਪ੍ਰਧਾਨ ਸ. ਬ੍ਰਹਮ ਇੰਦਰ ਸਿੰਘ, ਕਾਂਗਰਸ ਆਦੀ ਦੇ



Sri Satguru Jagjit Singh Ji Elibrary NamdhariElibrary@gmail.com

ਜਨਰਲ ਸਕੱਤਰ ਚੋ: ਦਰਸ਼ਨ ਸਿੰਘ, ਪੰਜਾਬ ਕਾਂਗਰਸ (ਐਸ) ਦੇ ਪ੍ਰਧਾਨ ਸ: ਸਰੂਪ ਸਿੰਘ ਦੇ ਸਰਗਰਮ ਹੋਣ ਨਾਲ ਫੰਡਾਂ ਦੀ ਸਮਸਿਆ ਕੁਝ ਹੱਲ ਹੋਈ।

ਸ: ਜੀਵਨ ਸਿੰਘ ਜੀ ਪ੍ਰਧਾਨ ਗੁ: ਸ੍ਰੀ ਗੁਰੂ ਸਿੰਘ ਸਭਾ ਨੇ ਸਵਾਗਤੀ ਕਮੇਟੀ ਗਠਨ ਮੀਟਿੰਗ ਦੀ ਪ੍ਰਧਾਨਗੀ ਕਰ-ਦਿਆਂ ਆਪ ਵੀ ਸਹਾਇਤਾ ਦਿਤੀ ਅਤੇ ਸਭਾ ਵਲੋਂ ਵੀ ਸਹਿਯੋਗ ਦਾ ਵਿਸ਼ਵਾਸ ਦੁਆਇਆ।

ਗੁਰਮੀਤ ਪਲਾਹੀ, ਸ: ਜਗਤ ਸਿੰਘ ਪਲਾਹੀ ਤੇ ਸ੍ਰੀ ਠਾਕਰ ਦਾਸ ਚਾਵਲਾ ਨੇ ਫਗਵਾੜੇ ਵਿਚੋਂ ਉਗਰਾਹੀ ਅਤੇ ਇਸ਼ਤਿਹਾਰਾਂ ਦਾ ਚੰਗਾ ਹੰਭਲਾ ਮਾਰਿਆ।

ਪਰ ਸਮਾਰੋਹਾਂ ਦੀ ਸਫਲਤਾ ਵਿਚ ਅਜੇ ਬਹੁਤ ਵਡਾ ਸੰਦੇਹ ਪੈਦਾ ਹੋ ਗਿਆ ਸੀ।

ਬੜੇ ਚਿਰਾਂ ਤੋਂ ਕੇਂਦਰੀ ਲੇਖਕ ਸਭਾ ਦੀ ਐਗਜ਼ੈਕ-ਟਿਵ ਨੇ ਇਹ ਫੈਸਲਾ ਕੀਤਾ ਹੋਇਆ ਸੀ ਕਿ ਸਮਾਰੋਹਾਂ ਤੇ ਪੰਜਾਬ ਦੇ ਮੁਖ ਮੰਤਰੀ ਨੂੰ ਬੁਲਾ ਕੇ ਪੰਜਾਬੀ ਮਸਲਿਆਂ ਬਾਰੇ ਗਲ ਕਰਨੀ ਹੈ। ਇਸ ਤੋਂ ਵੀ ਬਹੁਤ ਚਿਰ ਪਹਿਲਾਂ ਅਕਾਲੀ ਮੁਖ ਮੰਤਰੀ ਵੇਲੇ ਵੀ ਇਹ ਯਤਨ ਕੀਤਾ ਗਿਆ ਸੀ ਪਰ ਕਈ ਚਿਰਾਂ ਤੋਂ ਕੋਈ ਮੁਖ ਮੰਤਰੀ ਹੱਥ ਨਹੀਂ ਸੀ ਆ ਰਿਹਾ। ਚੰਡੀਗੜ੍ਹ ਵਿਚ ਸਭਾ ਦੇ ਜਨਰਲ ਸਕੱਤਰ ਸ: ਰਘਬੀਰ ਸਿੰਘ ਦੇ ਘਰ ਜੂਨ ਵਿਚ ਹੋਈ ਇਕਤਰਤਾ ਵਿਚ ਵੀ ਸਮਾਰੋਹਾਂ ਦੀਆਂ ਤਰੀਖਾਂ ਇਸੇ ਮੰਤਵ ਨਾਲ ਮਿਥੀਆਂ ਸਨ ਕਿ ਹੁਣ ਮੁਖ ਮੰਤਰੀ ਜੀ ਕੋਲ ਕੋਈ ਬਹਾਨਾ ਨਾ ਰਹੇ।

ਪਰ ਸਮਾਰੋਹਾਂ ਤੋਂ ਥੋਹੜੇ ਦਿਨ ਪਹਿਲਾਂ ਹੀ ਮਾਰਕਸੀ ਕਮਿਊਨਿਸਟ ਪਾਰਟੀ ਦੇ ਅਖਬਾਰ ਲੋਕ ਲਹਿਰ ਵਿਚ ਕੇਂਦਰੀ ਸਭਾ ਦੇ ਪ੍ਰਧਾਨ ਪ੍ਰੋ: ਪ੍ਰੀਤਮ ਸਿੰਘ ਦੇ ਨਾਮ ਇਕ ਖੁਲ੍ਹੀ ਚਿਠੀ ਪਾਰਟੀ ਦੇ ਮੁਖ ਲੀਡਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਲੋਂ ਲਿਖੀ ਪ੍ਰਕਾਸ਼ਤ ਹੋਈ, ਜਿਸ ਵਿਚ ਸ: ਦਰਬਾਰਾ ਸਿੰਘ ਨੂੰ ਉਦਘਾਟਨ ਵਾਸਤੇ ਬੁਲਾਉਣ ਲਈ ਕਿੰਤੂ ਕੀਤਾ ਗਿਆ।

ਉਸ ਚਿਠੀ ਤੋਂ ਇਹ ਸ਼ੱਕ ਉਤਪੰਨ ਹੁੰਦਾ ਸੀ ਕਿ ਕਿਤੇ ਇਹ ਸਮਾਰੋਹਾਂ ਨੂੰ ਬਾਈਕਾਟ ਕਰਨ ਦਾ ਸੱਦਾ ਹੀ ਨਾ ਹੋਵੇ। ਇਸ ਚਿਠੀ ਨੇ ਜਿਥੇ ਬਹੁਤ ਦੁਬਧਾ ਪੈਦਾ ਕੀਤੀ ਉਥੇ ਮੈਂਬਰਾਂ ਵਿਚ ਪ੍ਰਸਪਰ ਹੁੜਿਤਣ ਵੀ।

ਹੁਣ ਇਸ ਦੇ ਮੁਕਾਬਲੇ ਤੇ ਕੇਂਦਰੀ ਸਭਾ ਦੇ ਸਾਬਕਾ ਪ੍ਰਧਾਨ ਅਤੇ ਅਜੀਤ ਦੇ ਮਾਲਕ ਸੰਪਾਦਕ ਸ: ਸਾਧੂ ਸਿੰਘ ਹਮਦਰਦ ਹੋਰਾਂ ਇਕ ਲੇਖ ਲੜੀ ਲਿਖੀ "ਕੇਂਦਰੀ ਪੰਜਾਬੀ ਲੇਖਕ ਸਭਾ ਤੇ ਕਮਿਊਨਿਸਟ"। ਇਹਨਾਂ ਲੇਖਾਂ ਵਿਚ ਉਹਨਾਂ ਮੁਖ ਮੰਤਰੀ ਨੂੰ ਸੱਦਣ ਤੇ ਕਿੰਤੂ ਤੇ ਇਤਰਾਜ਼ ਕੀਤਾ। ਉਹਨਾਂ ਲਿਖਿਆ ਕਿ ਸਥਾਨਕ ਸਭਾ ਵਧੀਆ ਕੰਮ ਕਰ ਰਹੀ ਹੈ ਪਰ ਕੇਂਦਰੀ ਆਹੁਦੇਦਾਰ ਕੁਝ ਨਹੀਂ ਕਰ ਸਕੇ। ਇਸ ਜਮਾਤ ਤੇ ਕਮਿਊਨਿਸਟਾਂ ਦਾ ਗਲਬਾ ਹੈ। ਚੂੰਕਿ ਉਹ ਸਭਾ ਦੇ ਲੰਬੇ ਚਿਰ ਪ੍ਰਧਾਨ ਰਹੇ ਹਨ ਅਤੇ ਇਸ ਵਾਸਤੇ ਆਪਣੇ ਸਮੇਂ ਦੀਆਂ ਬਹੁਤ ਸਾਰੀਆਂ ਚੰਗੀਆਂ ਮਾੜੀਆਂ ਗੱਲਾਂ ਉਹਨਾਂ ਲਿਖੀਆਂ ਕਿ ਕਿਵੇਂ ਉਹ ਕਠਿਨ ਪ੍ਰਸਥਿਤੀਆਂ ਵਿਚ ਇਹਨਾਂ ਗੱਲਾਂ ਦਾ ਮੁਕਾਬਲਾ ਕਰਦੇ ਰਹੇ। ਕੁਝ ਗਿਲੇ ਸ਼ਿਕਵੇ ਵੀ ਉਹਨਾਂ ਕੀਤੇ।

ਇਸ ਤਰ੍ਹਾਂ ਇਹ ਸਾਰੀਆਂ ਗੱਲਾਂ ਅਜੀਤ ਦੇ ਵਿਸ਼ਾਲ ਪਾਠਕ ਸਮੂਹ ਤਕ ਪਹੁੰਚੀਆਂ। ਇਸ ਨਾਲ ਵੀ ਪੇਚੀਦ-ਗੀਆਂ ਪੈਦਾ ਹੋਈਆਂ। ਇਕ ਤਾਂ ਕੇਂਦਰੀ ਸਭਾ ਦੇ ਕੁਝ ਆਹੁਦੇਦਾਰਾਂ ਦੇ ਮਨਾਂ ਵਿਚ ਸਥਾਨਕ ਸਭਾ ਪ੍ਰਤੀ ਸ਼ੱਕ ਦੀ ਭਾਵਨਾ ਪੈਦਾ ਹੋਈ, ਦੂਸਰਾ ਇਹ ਖਦਸ਼ਾ ਉਤਪੰਨ ਹੋਇਆ ਕਿ ਲੇਖਕ ਸਭਾ ਦੀ ਹਮਦਰਦ ਜੀ ਵਜੋਂ ਪੇਸ਼ ਕੀਤੀ ਗਈ ਲਾਲ ਤਸਵੀਰ ਨੂੰ ਵੇਖ ਕੇ ਦੂਸਰੇ ਰੰਗਾਂ ਦੇ ਲੋਕ ਸਮਾਰੋਹਾਂ ਵਲੋਂ ਮੂੰਹ ਨਾ ਮੋੜ ਲੈਣ। ਦੋਹਾਂ ਅਖਬਾਰਾਂ ਵਲੋਂ ਲਿਖੇ ਲੇਖਾਂ ਕਰਕੇ ਕੇਂਦਰੀ ਅਗਜ਼ੈਕਟਿਵ ਜਾਂ ਸਵਾਗਤੀ ਕਮੇਟੀ ਦੀਆਂ ਮੀਟਿੰਗਾਂ ਵਿਚ ਉੱਚੇ ਨੀਵੇਂ ਬੋਲ ਵੀ ਸੁਨਣ ਨੂੰ ਪੈਂਦੇ। ਇਸ ਤਰ੍ਹਾਂ ਸਮਾਰੋਹਾਂ ਦੇ ਪ੍ਰਬੰਧਕਾਂ ਦਾ ਧਿਆਨ ਤਿਆਰੀਆਂ ਵਲੋਂ ਹੱਟ ਕੇ ਇਹਨਾਂ ਗੱਲਾਂ ਵਲ ਜਾ ਹੁੰਦਾ। ਇਹਨਾਂ ਅਖਬਾਰਾਂ ਦੇ ਇਨ੍ਹਾਂ ਲੇਖਾਂ ਨੇ ਇਕ ਗੱਲ ਜ਼ਰੂਰ ਕਰ ਦਿੱਤੀ। ਸਮਾਰੋਹਾਂ ਦੀ ਪਬਲਿਸਟੀ ਬਹੁਤ ਕਰ ਦਿੱਤੀ। ਬਾਅਦ ਵਿਚ ਇਹਨਾਂ ਦੋਹਾਂ ਅਖਬਾਰਾਂ ਨੇ ਸਮਾਰੋਹ ਤੇ ਵਿਸ਼ੇਸ਼ ਐਡੀਸ਼ਨ ਵੀ ਕਢੇ ਤੇ ਸਮਾਰੋਹਾਂ ਨੂੰ ਸਫਲ ਵੀ ਗਰਦਾਨਿਆ।

ਤਿਆਰੀ ਕਮੇਟੀ ਦੀ ਦਿਕਤਾਂ ਦਾ ਜਦੋਂ ਜ਼ਿਕਰ ਕੀਤਾ ਜਾਂਦਾ ਹੈ ਤਾਂ ਕਈ ਹਲਕਿਆਂ ਵਲੋਂ ਇਸ ਤੇ ਇਸ ਵਾਸਤੇ ਇਤਰਾਜ਼ ਕੀਤਾ ਜਾਂਦਾ ਹੈ ਕਿ ਇਹ ਪਰੇਸ਼ਾਨੀਆਂ ਤਾਂ ਜੋ ਵੀ ਸਮਾਗਮ ਕਰਾਉਂਦਾ ਉਸ ਨੂੰ ਹੋਣੀਆਂ ਸਨ। ਇਹ ਗੱਲ ਨੂੰ ਛੋਟਾ ਕਰਨ ਵਾਲੀ ਗੱਲ ਹੈ, ਅਤੇ ਕਿਸੇ ਦੇ ਕੀਤੇ ਕੰਮ ਤੋਂ ਮੂੰਹ ਮੋੜਨ ਵਾਲੀ।

ਸਮਾਰੋਹਾਂ ਤੋਂ ਇਕ ਹਫਤਾ ਪਹਿਲਾਂ ਦਾ ਵਾਤਾਵਰਣ ਅਜੀਬ ਸੀ। ਕੁਝ ਵਰਕਰ ਤਾਂ ਡੇਢ ਮਹੀਨੇ ਤੋਂ ਸਭ ਕੁਝ ਛੱਡ ਛੜਾ ਕੇ ਕੰਮ 'ਚ ਰੁਝੇ



Sri Satguru Jagjit Singh Ji Elibrary NamdhariElibrary@gmail.com

ਸਨ। ਇਕ ਇਕ ਥਾਂ ਕਈ ਕਈ ਵਾਰ ਜਾਣਾ ਪੈਂਦਾ। ਗੇੜੇ ਕਸਮਾਂ ਵਾਇਦਿਆਂ ਦਾ ਚੱਕਰ ਚਲਦਾ ਪਰ ਜਦੋਂ ਕਦੇ ਮੀਟਿੰਗ ਵਿਚ ਗੱਲ ਹੁੰਦੀ ਜਾਂ ਮੁਲਾਂਕਣ ਕੀਤਾ ਜਾਂਦਾ ਤਾਂ "ਆਹ ਵੀ ਨਹੀਂ ਹੋਇਆਂ ਉਹ ਵੀ ਨਹੀਂ।" ਕਮੇਟੀਆਂ ਦੀ ਭੰਨ ਤੋੜ ਹੁੰਦੀ। ਕਿੰਨੇ ਚਿਰ ਤਾਂ ਸਮਾਰੋਹ ਦੇਸ਼ ਭਗਤ ਹਾਲ ਦੇ ਉਪਰਲੇ ਹਾਲ ਜਾਂ ਬਾਹਰ ਖੁਲੇ ਮੈਦਾਨ ਵਿਚ ਕਰਨ ਦੇ ਫ਼ੈਸਲੇ ਬਦਲਦੇ ਰਹੇ। ਉਤੋਂ ਸੋਵੀਨਰ ਛਾਪਣ, ਗੋਸ਼ਟੀਆਂ ਵਾਲੇ ਪਰਚੇ ਛਾਪਣ, ਫਾਈਲਾਂ ਤਿਆਰ ਕਰਾਉਣ, ਅਭਿਨੰਦਨ ਇਬਾਰਤ ਤਿਆਰ ਕਰਾਉਣ ਦਾ ਕੰਮ ਆ ਪਿਆ ਤੇ ਨਾਲ ਹੀ ਦੀਵਾਲੀ ਦੀਆਂ ਛੁਟੀਆਂ। ਸ: ਰਘਬੀਰ ਸਿੰਘ ਜਨਰਲ ਸਕੱਤਰ ਜਲੰਧਰ ਆ ਚੁਕੇ ਸਨ ਪਰ ਉਹਨਾਂ ਦਾ ਬਹੁਤ ਸਾਰਾ ਕੰਮ ਜਲੰਧਰ ਵਿਚ ਹੀ ਹੋਣਾ ਸੀ ਕਿਉਂਕਿ ਪੇਪਰ ਆਦਿਕ ਪੂਰੇ ਲੁਧਿਆਣੇ ਛੱਪ ਨਹੀਂ ਸਕੇ ਸਨ। ਸੋਵੀਨਰ ਵਾਸਤੇ ਤਸਵੀਰਾਂ ਦੀ ਉਪਲਬਧੀ, ਬਲਾਕਾਂ ਦਾ ਬਨਾਉਣਾ ਛਪਵਾਉਣਾ ਇਸ ਸਾਰੇ ਕੰਮ ਦਾ ਆਪਣਾ ਹੀ ਖਲਾਰਾ ਸੀ। ਇਥੇ ਇਕ ਵਿਅਕਤੀ ਦਾ ਨਾਮ ਜ਼ਰੂਰ ਲਿਖਣਾ ਚਾਹੁੰਦੇ ਹਾਂ ਉਹ ਹੈ ਸ: ਈਸ਼ਰ ਸਿੰਘ ਅਟਾਰੀ ਜਿਸ ਨੇ ਬਹੁਤ ਜਾਨ ਮਾਰਵੀਂ ਮੇਹਨਤ ਨਾਲ ਪ੍ਰਿੰਟਿੰਗ ਅਤੇ ਲਿਖਣ ਲਿਖਾਉਣ ਦੇ ਕੰਮ ਨੂੰ ਸ: ਪਿਆਰਾ ਸਿੰਘ ਭੋਗਲ ਤੇ ਸ: ਰਘਬੀਰ ਸਿੰਘ ਨਾਲ ਸਿਰੇ ਚੜ੍ਹਾਇਆ।

ਅਸੀਂ ਇਹ ਦਿਕਤਾਂ ਦੀ ਕਹਾਣੀ ਇਥੇ ਖਤਮ ਕਰਦੇ ਹਾਂ। ਇਹ ਸਭ ਘਾਲ ਥਾਂਇ ਪਈ ਹੈ। ਇਹਨਾਂ ਘਾਲਨਾਵਾਂ ਦਾ ਆਪਣਾ ਹੀ ਇਕ ਸੁਆਦ ਹੁੰਦਾ ਹੈ।

੩੦ ਅਕਤੂਬਰ ਸਵੇਰ ਤੱਕ ਡੈਲੀਗੇਟ ਪੁਜਣੇ ਸ਼ੁਰੂ ਹੋ ਚੁਕੇ ਸਨ। ਡੈਲੀਗੇਟਾਂ ਨੂੰ ਸਟੇਸ਼ਨ ਅਤੇ ਬੱਸ ਅੱਡੇ ਤੋਂ ਲਿਆਉਣ ਲਈ ਸ: ਸਤਿਪਾਲ ਸਿੰਘ ਕੋਹਲੀ ਹੇਠ ਟੀਮ ਨੇ ਕਾਰਜ ਸੰਭਾਲਿਆ ਸੀ। ਦੋ ਮੈਟਾਡੋਰ ਗੱਡੀਆਂ ਦੋਹਾਂ ਥਾਵਾਂ ਤੇ ਬਣੇ ਸਵਾਗਤੀ ਕੈਂਪਾਂ ਚੋਂ ਡੈਲੀਗੇਟ ਲਿਆ ਰਹੀਆਂ ਸਨ।

ਸ: ਬ੍ਰਹਮ ਇੰਦਰ ਸਿੰਘ ਨੇ ਸਟੇਸ਼ਨ ਤੋਂ ਯਾਦਗਾਰ ਹਾਲ ਅਤੇ ਬੱਸ ਅੱਡੇ ਤੋਂ ਯਾਦਗਾਰ ਹਾਲ ਤੱਕ ਸੜਕਾਂ ਨੂੰ ਸਵਾਗਤੀ ਗੇਟਾਂ ਨਾਲ ਸਜਾ ਦਿੱਤਾ ਹੋਇਆ ਸੀ ਜਿਸ ਉਤੇ ਲੇਖਕਾਂ ਨੂੰ ਜੀ ਆਇਆਂ ਲਿਖਿਆ ਹੋਇਆ ਸੀ।

ਡੈਲੀਗੇਟਾਂ ਦੇ ਠਹਿਰਨ ਵਾਸਤੇ ਲੋੜੀਂਦੀਆਂ ਥਾਵਾਂ ਦਾ ਬੰਦੋਬਸਤ ਹੋ ਚੁਕਾ ਸੀ।

ਦੇਸ਼ ਭਗਤ ਯਾਦਗਾਰ ਦਾ ਉਪਰਲਾ ਹਾਲ ਜੋ ਅਜੇ ਉਸਾਰੀ ਅਧੀਨ ਹੈ ਵਿਚ ਸਟੇਜ ਸੈਟ ਕਰਕੇ ਸਜਾਇਆ ਜਾ ਚੁਕਾ ਸੀ। ਕਾਮਰੇਡ ਭਾਰਦਵਾਜ ਨੇ ਇਕ ਸੁੰਦਰ ਮੰਡਪ ਬਣਾ ਦਿੱਤਾ ਸੀ। ਅਮ੍ਰਿਤਸਰ ਤੋਂ ਕੁਲਵੰਤ ਇਲੈਕਟ੍ਰੀਕਲਜ਼ ਨੇ ਬਿਜਲੀ ਅਤੇ ਆਵਾਜ਼ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ।

ਇਸ ਸਬੰਧ ਵਿਚ ਅਸੀਂ ਜਲੰਧਰ ਲੇਖਕ ਸਭਾ ਦੇ ਸਕੱਤਰ ਸ: ਜੰਗ ਬਹਾਦਰ ਸਿੰਘ ਘਈ ਦੀ ਇਕ ਰਿਪੋਰਟ ਚੋਂ ਅੰਸ਼ ਪ੍ਰਕਾਸ਼ਤ ਕਰਦੇ ਹਾਂ ਉਹਨਾਂ ਲਿਖਿਆ ਹੈ ਕਿ...

"ਹਾਲ ਦੀ ਹੇਠਲੀ ਮੰਜ਼ਲ ਵਿਚ ਧਨੀ ਰਾਮ ਚਾਤ੍ਰਿਕ ਪੁਸਤਕ ਪ੍ਰਦਰਸ਼ਨੀ, ਅਤੇ ਉਪਰਲੀ ਮੰਜ਼ਲ ਦੇ ਵੱਡੇ ਹਾਲ ਵਿਚ ਬਾਕੀ ਦੇ ਸਾਰੇ ਪ੍ਰੋਗਰਾਮ ਆਯੋਜਿਤ ਹੋਏ। ਸਵਾਗਤੀ ਗੇਟ ਹਾਲ ਦੇ ਬਾਹਰ ਹੀ ਨਹੀਂ ਬਲਕਿ ਜਲੰਧਰ ਦੇ ਸ਼ਹਿਰੀਆਂ ਵਲੋਂ ਸਟੇਸ਼ਨ ਤੋਂ ਹਾਲ ਤੱਕ ਅਤੇ ਬੱਸ ਸਟੈਂਡ ਤੋਂ ਹਾਲ ਤੱਕ ਕਈ ਥਾਂ ਲਗਾ ਕੇ, ਜਿਥੇ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ, ਉਥੇ ਬਾਹਰੋਂ ਆਏ ਲੇਖਕਾਂ ਵਾਸਤੇ "ਜੀ ਆਇਆਂ ਨੂੰ" ਲਿਖ ਕੇ ਲਾਇਆ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਕੱਤਰ ਗੁਰਮੀਤ ਪਲਾਹੀ ਪੁੱਛ-ਗਿਛ ਦਫਤਰ ਵਿਚ ਬੈਠਾ ਆ ਰਹੇ ਡੈਲੀਗੇਟਾਂ ਨੂੰ ਪੜ੍ਹੇ ਜਾ ਰਹੇ ਪੇਪਰ ਅਤੇ ਫਾਈਲਾਂ ਵੰਡ ਰਿਹਾ ਸੀ, ਅਵਤਾਰ ਜੋੜਾ ਤੇ ਸੀ ਮਾਰਕੰਡਾ ਡੈਲੀਗੇਟਾਂ ਦੇ ਨਾਂ ਰਜਿਸਟਰ ਕਰ ਰਹੇ ਸਨ, ਜਸਵੰਤ ਗੰਢਮ ਖਾਣ-ਪੀਣ ਦੇ ਕੂਪਨ ਦੇ ਰਹੇ ਸਨ, ਕਾਮਰੇਡ ਅਮਰ ਸਿੰਘ ਡੈਲੀਗੇਟਾਂ ਨੂੰ ਉਹਨਾਂ ਦੀ ਰਿਹਾਇਸ਼ ਦੇ ਪ੍ਰਬੰਧਾਂ ਬਾਰੇ ਦਸ ਰਹੇ ਸਨ, ਮਹਿੰਦਰ ਭੱਟੀ ਬਾਹਰਲੀ ਬਾਜ਼ਾਰ ਦੀ ਦੌੜ-ਭੱਜ ਵਿਚ ਵਿਅਸਥ ਸੀ, ਜਗਦੀਸ਼ ਸਿੰਘ ਵਰਿਆਮ ਹਿਸਾਬ ਕਿਤਾਬ ਰਖਣ ਦੇ ਚੱਕਰ ਵਿਚ ਘਿਰਿਆ ਹੋਇਆ ਸੀ, ਤੇ ਗਿਆਨੀ ਜੁਗਿੰਦਰ ਸਿੰਘ ਬ੍ਰਹਮਇੰਦਰ ਸਿੰਘ ਤੇ ਚਮਨ ਲਾਲ ਲੱਕੀ ਡੈਲੀਗੇਟਾਂ ਦੇ ਲਈ ਲੰਗਰ ਦੇ ਪ੍ਰਬੰਧ ਵਿਚ ਲਗੇ ਹੋਏ ਸਨ—ਇਹ ਕੁਝ ਨਜ਼ਾਰਾ ਸੀ ਕਾਨਫਰੰਸ ਦੇ ਹਾਲ ਵਿਚ ਦਾਖ਼ਲ ਹੋਣ ਸਮੇਂ ਦਾ।

੩੦ ਅਕਤੂਬਰ ਨੂੰ ਬਾਦ ਦੁਪਹਿਰ ਸ. ਦਰਬਾਰਾ ਸਿੰਘ ਮੁਖ ਮੰਤਰੀ ਪੰਜਾਬ ਨੇ ਪਹੁੰਚਦਿਆਂ ਹੀ ਪਹਿਲਾਂ "ਧਨੀ ਰਾਮ ਚਾਤ੍ਰਿਕ ਪੁਸਤਕ ਪ੍ਰਦਰਸ਼ਨੀ" ਦਾ ਉਦਘਾਟਨ ਕੀਤਾ ਤੇ ਹਰ ਕਿਤਾਬਾਂ ਵਾਲੇ ਸਟਾਲ ਦਾ ਨਿਰੀਖਣ ਕੀਤਾ। ਉਪਰਲੀ ਮੰਜ਼ਲ ਤੇ ਜਾਣ ਲਈ ਪਹਿਲਾਂ ਸ੍ਰੀ ਮਤੀ ਉਰਮਿਲਾ



Sri Satguru Jagjit Singh Ji Elibrary NamdhariElibrary@gmail.com

ਆਨੰਦ ਡੈਲੀਗੇਟ, ਦਰਸ਼ਕ ਕਾਰਡ ਚੈੱਕ ਕਰ ਰਹੇ ਸਨ, ਉਪਰ ਕਿਸ਼ਨ ਭਾਰਦਵਾਜ ਤੇ ਹਿਰਦੇਜੀਤ ਭੋਗਲ ਬੈਠਣ ਦੇ ਪ੍ਰਬੰਧਾਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਸਨ।

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਪ੍ਰੋ. ਰਘਬੀਰ ਸਿੰਘ ਨੇ ਸਟੇਜ ਸਕੱਤਰੀ ਦੇ ਫਰਜ਼ ਨਿਭਾਏ। ਸਵਾਗਤੀ ਕਮੇਟੀ ਦੇ ਪ੍ਰਧਾਨ ਬਾਵਾ ਪ੍ਰਮਜੀਤ ਸਿੰਘ ਜੀ ਦੀ ਜਾਣ-ਪਹਿਚਾਣ ਪ੍ਰੋ. ਪਿਆਰਾ ਸਿੰਘ ਭੋਗਲ ਨੇ ਕਰਵਾਈ। ਬਾਵਾ ਜੀ ਨੇ ਸਵਾਗਤੀ ਭਾਸ਼ਨ ਪੜ੍ਹਿਆ। ਪ੍ਰਸਿਧ ਪੰਜਾਬੀ ਲੇਖਕਾਂ ਸੰਤ ਸਿੰਘ ਸੇਖੋਂ, ਸ. ਸ. ਅਮੋਲ, ਤੇਰਾ ਸਿੰਘ ਚੰਨ ਤੇ ਕੁਲਵੰਤ ਸਿੰਘ ਵਿਰਕ ਦਾ ਸਨਮਾਨ ਹੋਇਆ, ਮੁਖ ਮੰਤਰੀ ਨੇ ਇਹਨਾਂ ਨੂੰ ਮਾਣ ਪੱਤਰ ਦਿਤੇ, ਜੋ ਕਿ ਪਹਿਲਾਂ ਪ੍ਰੋ: ਪਿਆਰਾ ਸਿੰਘ ਭੋਗਲ ਨੇ ਪੜ੍ਹ ਕੇ ਸੁਣਾਏ। ਪੰਜਵੇ ਲੇਖਕ ਸਾਧੂ ਸਿੰਘ ਹਮਦਰਦ ਨੂੰ ਸਨਮਾਨ ਮਿਲਣਾ ਸੀ, ਪਰ ਉਹ ਪਹੁੰਚੇ ਨਹੀਂ। ਸ: ਈਸ਼ਰ ਸਿੰਘ ਅਟਾਰੀ ਨੇ ਸੋਵੀਨਰ ਮੁੱਖ ਮੰਤਰੀ ਨੂੰ ਭੇਟ ਕੀਤਾ।

ਪ੍ਰਿੰ. ਸੁਜਾਨ ਸਿੰਘ ਨੇ ਸਮਾਰੋਹ ਦਾ ਉਦਘਾਟਨੀ ਭਾਸ਼ਨ ਕੀਤਾ। ਸਭਾ ਦੇ ਪ੍ਰਧਾਨ ਪ੍ਰੋ: ਪ੍ਰੀਤਮ ਸਿੰਘ ਨੇ ਬਹੁਤ ਹੀ ਪ੍ਰਭਾਵਸ਼ਾਲੀ ਤੇ ਦਲੀਲ-ਭਰਪੂਰ ਉਦਾਹਰਣਾਂ ਦੇ ਦੇ ਕੇ ਮੁੱਖ ਮੰਤਰੀ ਅਗੇ ਤੱਥ ਪੇਸ਼ ਕੀਤੇ ਕਿ ਕਿਥੇ ਕਿਥੇ ਪੰਜਾਬੀ ਨਾਲ ਵਿਤਕਰਾ ਹੋ ਰਿਹਾ ਹੈ ਤੇ ਸਾਡੀਆਂ ਕੀ ਕੀ ਮੰਗਾਂ ਹਨ। ਸ. ਦਰਬਾਰਾ ਸਿੰਘ ਜੋ ਕਿ ਪ੍ਰਧਾਨ ਸਾਹਿਬ ਦੇ ਨੁਕਤਿਆਂ ਨੂੰ ਨਾਲ ਨਾਲ ਨੋਟ ਕਰ ਰਹੇ ਸਨ, ਨੇ ਬਾਅਦ ਵਿਚ ਹਰ ਨੁਕਤੇ ਦਾ ਉੱਤਰ ਵੀ ਦਿਤਾ ਤੇ ਆਪਣੀ ਰਾਏ ਵੀ ਦਿਤੀ। ਉਹਨਾਂ ਜਲੰਧਰ ਦੇ ਮਾਸਟਰ ਤਾਰਾ ਸਿੰਘ ਨਗਰ ਵਿਖੇ ਸਭਾ ਨੂੰ ਇਕ ਪਲਾਟ ਤੇ ਉਥੋਂ ਦੀ ਉਸਾਰੀ ਲਈ ਇਕ ਲੱਖ ਰੁਪਏ ਦੀ ਗ੍ਰਾਂਟ ਵੀ ਦਿਤੀ। ਨਾਲ ਹੀ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਇਕ ਲੱਖ ਰੁਪਿਆ ਦੇਣ ਦਾ ਐਲਾਨ ਕੀਤਾ।

੩੦ ਅਕਤੂਬਰ ਨੂੰ ਰਾਤ ਸਮੇਂ ਸਭਿਆਚਾਰਕ ਪ੍ਰੋਗਰਾਮ ਵੇਖਣ ਵਾਲਿਆਂ ਦੀ ਕਾਫੀ ਭੀੜ ਸੀ। ਸਾਰਾ ਹਾਲ ਭਰਨ ਉਪਰੰਤ ਲੋਕ ਉਪਰਲੇ ਬਰਾਂਡਿਆਂ ਅਤੇ ਬਾਲ-ਕੋਨੀਆਂ ਵਿਚ ਵਿਚ ਜਾ ਚੜ੍ਹੇ ਸਨ, ਤੇ ਪੰਜਾਬੀ ਦੇ ਸਾਹਿਤਕ ਪ੍ਰੋਗਰਾਮ ਵਿਚ ਇੰਨੀ ਹਾਜ਼ਰੀ ਜਲੰਧਰ ਦੇ ਇਤਿਹਾਸ ਵਿਚ ਇਕ ਰਿਕਾਰਡ ਸੀ। ਲੋਕਾਂ ਨੇ ਬੜੇ ਸਬਰ ਨਾਲ ਸਾਰਾ ਪ੍ਰੋਗਰਾਮ ਅੱਧੀ ਰਾਤ ਤਕ ਦੇਖਿਆ। ਸੁਰਿੰਦਰ ਕੌਰ ਦੇ ਗਾਏ ਗੀਤ "ਨੀ ਮੇਰਾ ਬਿਰਹੜਾ" ਸਮੇਂ ਸਰੋਤਿਆਂ ਦੇ ਬੋਲੇ ਹੋਣ ਦਾ ਵੀ ਸ਼ੱਕ ਹੋ ਰਿਹਾ ਸੀ,... ਇੰਨੀ ਜ਼ਿਆਦਾ ਚੁੱਪ-ਚਾਪ। ਜਗਜੀਤ ਜ਼ੀਰਵੀ ਦਾ ਮਿਰਜ਼ਾ ਤੇ ਅਮਰਜੀਤ ਗੁਰਦਾਸਪੁਰੀ ਦੀ ਤੂੰਬੀ ਦਾ ਆਪਣੀ ਥਾਂ ਜ਼ਿਕਰ ਹੈ, ਨੂਰਾਂ ਦੀ ਆਪਣੀ ਆਵਾਜ਼ ਵਿਚ ਅੱਜ ਵੀ ਉਹੀ ਕੋਸ਼ਿਸ਼ ਹੈ ਤੇ ਪੰਜਾਬ ਦਾ ਭੁੱਲ ਰਿਹਾ ਵਿਰਸਾ ਢਾਡੀਆਂ ਦੀਆਂ ਵਾਰਾਂ ਨੂੰ ਲੋਕ ਸੁਣ ਕੇ ਅਨੰਦ ਮਾਣ ਰਹੇ ਸਨ। ਰਾਤ ਦੇ ਇਸ ਸਾਰੇ ਪ੍ਰੋਗਰਾਮ ਦੀ ਪ੍ਰਧਾਨਗੀ ਵਿਦਿਆ ਮੰਤ੍ਰੀ ਪੰਜਾਬ ਨੇ ਕੀਤੀ।

੩੧ ਅਕਤੂਬਰ ਨੂੰ ਸਾਹਿਤਕ ਗੋਸ਼ਟੀਆਂ ਸਮੇਂ ਵੀ ਲੇਖਕਾਂ ਦਾ ਇਕ ਵੱਡਾ ਇਕਠ ਸੀ। ਪਿਛਲੇ ਦਹਾਕੇ ਦੀ ਕਵਿਤਾ, ਨਾਟਕ, ਨਾਵਲ ਤੇ ਕਹਾਣੀ ਤੇ ਪੇਪਰ ਪੜ੍ਹੇ ਗਏ ਤੇ ਭਰਪੂਰ ਬਹਿਸ ਹੋਈ। ਕਵਿਤਾ ਬਾਰੇ ਗੋਸ਼ਟੀ ਦੀ ਪ੍ਰਧਾਨਗੀ ਸ: ਪ੍ਰੀਤਮ ਸਿੰਘ ਸਫੀਰ ਨੇ ਕੀਤੀ ਤੇ ਪੇਪਰ ਪੜ੍ਹੇ ਪ੍ਰੀਤਮ ਸਿੰਘ ਪੀ. ਸੀ. ਐਸ ਤੇ ਸਤਿੰਦਰ ਸਿੰਘ ਨੂਰ ਨੇ। ਨਾਟਕ ਬਾਰੇ ਗੋਸ਼ਟੀ ਦੀ ਪ੍ਰਧਾਨਗੀ ਡਾ: ਹਰਚਰਨ ਸਿੰਘ ਨੇ ਕੀਤੀ ਤੇ ਪੇਪਰ ਪੜ੍ਹੇ ਡਾ: ਧਰਮਪਾਲ ਸਿੰਗਲ ਤੇ ਜੋਗਾ ਸਿਘ ਨੇ। ਨਾਵਲ ਬਾਰੇ ਗੋਸ਼ਟੀ ਦੀ ਪ੍ਰਧਾਨਗੀ ਪ੍ਰਿੰ: ਸੰਤ ਸਿੰਘ ਸੇਖੋਂ ਨੇ ਕੀਤੀ ਤੇ ਪੇਪਰ ਪੜ੍ਹੇ ਟੀ. ਆਰ. ਵਿਨੋਦ ਤੇ ਕੁਲਬੀਰ ਸਿੰਘ ਕਾਂਗ ਨੇ। ਕਹਾਣੀ ਬਾਰੇ ਗੋਸ਼ਟੀ ਦੀ ਪ੍ਰਧਾਨਗੀ ਕੀਤੀ ਜਸਟਿਸ ਮਹਿੰਦਰ ਸਿੰਘ ਜੋਸ਼ੀ ਨੇ ਤੇ ਪੇਪਰ ਪੜ੍ਹੇ ਤੇਜਵੰਤ ਸਿੰਘ ਗਿੱਲ ਅਤੇ ਈਸ਼ਰ ਸਿੰਘ ਅਟਾਰੀ ਨੇ।

੩੧ ਤਰੀਕ ਰਾਤ ਨੂੰ ਪੰਜਾਬੀ ਦੇ ਤਿੰਨ ਡਰਾਮੇ ਖੇਡੇ ਗਏ। ਲਾਈਟ ਦੇ ਵਧੀਆ ਪ੍ਰਬੰਧ ਸਦਕਾ ਇਹ ਡਰਾਮੇ ਵੀ ਵੇਖਣ ਵਾਲਿਆਂ ਤੇ ਇਕ ਅਮਿਟ ਛਾਪ ਛੱਡ ਗਏ। ਪ੍ਰੋ: ਆਤਮਜੀਤ ਸਿੰਘ ਦਾ ਲਿਖਿਆ ਤ ਉਸ ਵਲੋਂ ਹੀ ਤਿਆਰ ਕਰਵਾਇਆ ਨਾਟਕ "ਅੰਨ੍ਹੇ ਕਾਣੇ" ਸਭ ਤੋਂ ਵਧ ਪ੍ਰਸ਼ੰਸਾ ਦਾ ਪਾਤਰ ਬਣਿਆ। ਇਸ ਨਾਟਕ ਵਿਚ ਉਸਨੇ ਜਗੀਰ-ਦਾਰੀ ਪ੍ਰਬੰਧ ਅਧੀਨ ਅੰਗਰੇਜ਼ੀ ਰਾਜ ਸਮੇਂ ਅਤੇ ਉਸ ਤੋਂ ਬਾਦ ਦੇਸ਼ ਆਜ਼ਾਦ ਹੋਣ ਤੇ ਵੀ ਜਮਹੂਰੀ ਪ੍ਰਬੰਧ ਹੇਠ ਗਰੀਬਾਂ ਤੇ ਹੁੰਦੇ ਅਤਿਆਚਾਰ ਨੂੰ ਪੇਸ਼ ਕੀਤਾ। ਇਸ ਵਿਚ ਉਸਨੇ ਸਾਧਾਰਨ ਜਨਤਾ ਅੰਨ੍ਹੀ ਤੇ ਸ਼ੋਸ਼ਕਵਰਗ ਨੂੰ ਕਾਣੇ ਨਾਲ ਤੁਲਨਾ ਦਿਤੀ, ਅਤੇ ਨਵੇਂ ਸਮਾਜੀ ਪ੍ਰਬੰਧ ਨੂੰ ਸੁਜਾਖੇ ਦੇ ਪ੍ਰਤੀਕ ਰਾਹੀਂ ਆਪਣੀ ਗੱਲ ਕਹੀ ਹੈ। ਅਜਮੇਰ ਸਿੰਘ ਔਲਖ ਦੇ ਲਿਖੇ ਤੇ ਉਸ ਦੁਆਰਾ ਖਿਡਾਏ ਨਾਟਕ "ਬਗਾਨੇ ਬੋਹੜ ਦੀ ਛਾਂ" ਵਿਚ ਉਸਨੇ ਪੇਂਡੂ ਕਿਰਸਾਣੀ ਦੀਆਂ ਸਮਸਿਆਵਾਂ ਨੂੰ ਮਲਵਈ ਉਪ-ਬੋਲੀ ਵਿਚ ਲਿਖ ਕੇ ਤੇ ਦੁਆਬੇ ਵਿਚ ਪੇਸ਼ ਕੀਤਾ। ਇਸ ਨਾਟਕ ਵਿਚਲੇ ਚੁਸਤ ਵਾਰਤਾਲਾਪ ਦੀ ਹਰ ਜ਼ਬਾਨ ਤੇ ਤਾਰੀਫ ਸੀ। ਕਪੂਰ ਸਿਘ ਘੁੰਮਣ ਦੇ ਲਿਖੇ ਤੇ ਗਿਆਨ ਗੱਖੜ ਦੁਆਰਾ ਖੇਡੇ ਨਾਟਕ



Sri Satguru Jagjit Singh Ji Elibrary NamdhariElibrary@gmail.com

''ਪਾਗਲ ਲੋਕ'' ਨੂੰ ਉਹ ਤਾੜੀਆਂ ਨਾ ਮਿਲ ਸਕੀਆਂ, ਜੋ ਕਿ ਪਹਿਲੇ ਦੋਵੇਂ ਨਾਟਕ ਲੈ ਗਏ, ਨਾਟਕ ਦੀ ਕਹਾਣੀ ਵਿਚ ਵੀ ਸੂਖਮਤਾ ਦੀ ਘਾਟ ਰੜਕਦੀ ਸੀ।

੧ ਨਵੰਬਰ ਨੂੰ ਆਖਰੀ ਦਿਨ ਪਾਕਿਸਤਾਨ ਤੋਂ ਆਏ ਪ੍ਰੋ. ਸਾਹਬਾਜ ਮਲਕ ਤੇ ਅਨਵਰ ਬੇਗ ਅਵਾਨ ਨੇ ''ਪਾਕਿਸਤਾਨੀ ਪੰਜਾਬੀ ਸਾਹਿਤ'' ਬਾਰੇ ਪੇਪਰ ਪੜ੍ਹੇ, ਜਿਸ ਤੇ ਡਾ: ਜਗਤਾਰ, ਦੀਦਾਰ ਸ਼ੇਤਰਾ, ਸੇਖੋਂ, ਖਾਲਿਦ ਹੁਸੈਨ, ਨੇ ਬਹਿਸ ਕਰਦਿਆਂ ਕਈ ਨਵੇਂ ਨੁਕਤੇ ਵੀ ਉਠਾਏ। ਪ੍ਰੋ. ਮਲਕ ਨੇ ਕਿਹਾ ਕਿ ਇਥੋਂ ਜੋ ਸਾਹਿਤਕਾਰ ਉਧਰ ਪਾਕਿ ਜਾਂਦੇ ਹਨ, ਆਪਣੇ ਗੁੱਟ ਦੇ ਬੰਦਿਆਂ ਤਕ ਹੀ ਸੀਮਤ ਰਹਿ ਜਾਂਦੇ ਹਨ, ਉਹਨਾਂ ਦੀ ਇਹ ਤਾਰੀਫ਼ ਕਰਦੇ ਹਨ ਤੇ ਉਹ ਇਹਨਾਂ ਦੀ। ਉਹਨਾਂ ਇਹ ਵੀ ਕਿਹਾ ਕਿ ਫਖਰ ਜ਼ਮਾਂ ਦਾ ਨਾਵਲ ਤੁਸੀਂ ਹਿੰਦੁਸਤਾਨ 'ਚ ਤਾਂ ਛਾਪ ਲਿਆ, ਪਰ ਉਥੇ ਨਹੀਂ ਛਪਿਆ, ਤੁਸੀਂ ਉਸਨੂੰ ਜਿਨ੍ਹਾਂ ਵੱਡਾ ਸਾਹਿਤਕਾਰ ਸਮਝਦੇ ਹੋ, ਉਨਾ ਉਹ ਹੈ ਨਹੀਂ। ਬੇਗ ਨੇ ਕਿਹਾ ਕਿ ਤੁਸੀਂ ਹਿੰਦੁਸਤਾਨ ਦੇ ਪੰਜਾਬ ਵਾਲੇ ਆਪਣੀ ਭਾਸ਼ਾ ਨੂੰ ਕੁਝ ਸੌਖਿਆ ਕਰੋ ਤਾਂ ਹੀ ਸਾਡੇ ਦੋਹਾਂ ਪੰਜਾਬਾਂ ਦੇ ਸਾਹਿਤ ਦਾ ਵਟਾਂਦਰਾ ਹੋ ਸਕਦਾ ਹੈ। ਉਹਨਾਂ ਇਹ ਵੀ ਕਿਹਾ ਕਿ ਜੋ ਤੁਸੀਂ ਬੋਲਦੇ ਹੋ, ਉਹ ਲਿਖਦੇ ਨਹੀਂ, ਭਾਵ ਕਿ ਜ਼ਬਾਨੀ ਗਲਬਾਤ ਵੇਲੇ ਸੌਖੀ ਪੰਜਾਬੀ ਬੋਲਦੇ ਹੋ, ਪਰ ਪੇਪਰ ਲਿਖਣ ਲਗਿਆਂ ਘੋਟ ਘੋਟ ਕੇ ਔਖੇ ਸ਼ਬਦ ਵਰਤਦੇ ਹੋ, ਲੋਕ ਗੀਤਾਂ ਵਰਗੇ ਸਰਲ ਹੋਣੇ ਚਾਹੀਦੇ ਹਨ। ਇਸ ਸਮਾਗਮ ਦੀ ਪ੍ਰਧਾਨਗੀ ਡਾ: ਕਰਨੈਲ ਸਿੰਘ ਥਿੰਦ ਨੇ ਕੀਤੀ ਤੇ ਬਹੁਤ ਪ੍ਰਭਾਵਸ਼ਾਲੀ ਵਿਖਿਆਨ ਵੀ ਦਿਤਾ।

ਅੰਤ ਤੇ ਸ੍ਰੀ ਵਿਜੇ ਚੋਪੜਾ, ਮੀਤ ਪ੍ਰਧਾਨ, ਸਵਾਗਤੀ ਕਮੇਟੀ ਨੇ ਸਾਰੇ ਲੇਖਕਾਂ ਦਾ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ।''

ਸਿਲਵਰ ਜੁਬਲੀ ਸਮਾਰੋਹ ਹਰ ਪ੍ਰਕਾਰ ਸਫਲਤਾ ਸਹਿਤ ਸਮਾਪਤ ਹੋਏ ਹਨ। ਬਹੁਤ ਸਾਰੀਆਂ ਤਰੁਟੀਆਂ ਤਾਂ ਰਹਿ ਜਾਂਦੀਆਂ ਹੀ ਹਨ (ਜਿਨਾਂ ਵਿਚੋਂ ਇਕ ਵਡੀ ਸ਼ਕਾਇਤ ਹੈ ਕਿ ਬਹੁਤ ਸਾਰੇ ਸਜਨਾਂ ਨੂੰ ਸਦਾ ਪਤਰ ਨਹੀਂ ਭੇਜੇ ਜਾ ਸਕੇ) ਪਰ ਸਫਲਤਾ ਦੀ ਚਾਦਰ ਹੇਠ ਸਭ ਖਾਮੀਆਂ ਲੁਕ ਜਾਂਦੀਆਂ ਹਨ। ਸਭ ਤੋਂ ਵਧੀਆ ਪ੍ਰਭਾਵ ਇਸ ਦੇ ਸਰਬ ਸਾਂਝੇ ਮਾਹੌਲ ਦਾ ਪਿਆ ਹੈ। ਕੋਈ ਵੀ ਗਲ ਐਸੀ ਨਹੀਂ ਹੋਈ ਜਿਸ ਤੋਂ ਰਤੀ ਭਰ ਵੀ ਸ਼ਕ ਪੈਂਦਾ ਹੋਏ ਕਿ ਇਸ ਦੇ ਸਾਂਝੇ ਮਾਂਝੇ ਸਰੂਪ ਤੇ ਕੋਈ ਪਾਰਟੀ ਜਾਂ ਗਰੁਪ ਹਾਵੀ ਹੋਇਆ ਹੈ। ਸਭ ਪੁਰਾਣੇ ਤੇ ਨਵੇਂ ਮੈਂਬਰ ਇਕ ਜਾਨ ਹੋ ਕੇ ਕੰਮ ਕਰਦੇ ਰਹੇ। ਵਖ ਵਖ ਸ਼ੋਬੇ ਜਿਵੇਂ ਆਓ ਭਗਤ, ਡੇਰੇ, ਲੰਗਰ, ਨਮਾਇਸ਼, ਗੋਸ਼ਟੀਆਂ, ਗੀਤ ਸੰਗੀਤ ਡਰਾਮੇ ਆਦਿ ਦਾ ਪਰੋਗਰਾਮ ਆਪਣੇ ਆਪ ਵਿਚ ਬਹੁਤ ਵਧੀਆ ਰਿਹਾ ਲੰਗਰ ਦਾ ਪਰੋਗਰਾਮ ਭਾਵੇਂ ਉਮੀਦ ਤੋਂ ਦੁਗਨਾ ਹੋ ਗਿਆ ਸੀ ਪਰ ਇਸ ਦੇ ਇੰਚਾਰਜਾਂ ਸ੍ਰੀ ਚਮਨ ਲਾਲ ਲੱਕੀ, ਗਿਆਨੀ ਜੋਗਿੰਦਰ ਸਿੰਘ ਨੇ ਆਪ ਦੌੜ ਭਜ ਕਰ ਕੇ ਸਭ ਦੀ ਤਸੱਲੀ ਅਨੁਸਾਰ ਸ਼ਾਨਦਾਰ ਰੋਟੀ ਦਾ ਪਰਬੰਧ ਕੀਤਾ।

ਇਸ ਕਾਨਫਰੰਸ ਵਿਚ ਜਲੰਧਰ ਸਭਾ ਚੋਂ ਕੁਝ ਨਵੇਂ ਕਾਰਕੁਨ ਬਹੁਤ ਉਭਰ ਕੇ ਸਾਹਮਣੇ ਆਏ। ਪੰਜਾਬੀ ਅਖਬਾਰਾਂ ਨੇ ਵੀ ਸਹਿਯੋਗ ਦਿੱਤਾ। ਪੰਜਾਬੀ ਦੇ ਰਵਾਇਤੀ ਮੁਦਈਆਂ ਤੋਂ ਇਲਾਵਾ 'ਜੱਗ ਬਾਣੀ' ਪਰਿਵਾਰ ਦਾ ਅਗੇ ਹੋ ਕੇ ਕੰਮ ਕਰਨਾ, ਇਸ ਕਾਨਫਰੰਸ ਦਾ ਤਸਵੀਰਾਂ ਅਤੇ ਐਡੀਸ਼ਨਾਂ ਰਾਹੀਂ ਵੱਧ ਤੋਂ ਵੱਧ ਕਵਰੇਜ ਕਰਨਾ ਇਕ ਚੰਗਾ ਸਗਨ ਹੈ। ਪੰਜਾਬੀ ਨਾਲ ਇਥੋਂ ਦੇ ਲੋਕਾਂ ਦੀ ਮਾਨਸਿਕ ਸਾਂਝ ਹੈ ਇਸ ਦੇ ਨਾਮ ਤੇ ਉਹ ਜਾਨ ਨਿਛਾਵਰ ਕਰ ਦਿੰਦੇ ਹਨ ਪਰ ਕੋਈ ਅਗੇ ਲਗਣ ਵਾਲਾ ਤਾਂ ਹੋਵੇ।

ਪੰਜਾਬ ਦੇ ਗੰਦੇ ਮੰਦੇ ਮਾਹੌਲ ਵਿਚ ਇਹ ਕਾਨਫਰੰਸ ਇਕ ਖੁਸ਼ਬੂਦਾਰ ਫੁੱਲ ਵਾਂਗ ਉਭਰੀ ਹੈ! ਸਦਭਾਵਨਾ ਦੀ ਸੁਗੰਧੀ ਭਰਪੂਰ ਪੌਣ ਰੁਮਕੀ ਹੈ ਅਤੇ ਮਜ਼ਹਬਾਂ, ਪਾਰਟੀਆਂ, ਗਰੁਪਾਂ ਦੇ ਉਤੋਂ ਦੀ ਹੋ ਕੇ ਵਗੀ ਹੈ। ਕੇਂਦਰੀ ਸਭਾ ਆਪਣੇ ਇਸ ਚਰਿੱਤਰ ਨੂੰ ਕਾਇਮ ਰੱਖ ਸਕੇ ਇਹ ਸਾਡੀ ਕਾਮਨਾ ਹੈ।

ਜੇ ਉੱਦਮ ਕਰਕੇ ਮਿਲੇ ਪਲਾਟ ਵਿਚ ਛੇਤੀ ਪੰਜਾਬੀ ਭਵਨ ਦੀ ਉਸਾਰੀ ਹੋ ਸਕੇ ਤਾਂ ਇਹ ਸਫਲਤਾ ਤੋਂ ਬਾਅਦ ਹੋਰ ਵੱਡੀ ਸਫਲਤਾ ਹੋਵੇਗੀ। ਇਹ ਯਾਦਗਾਰੀ ਕਾਨਫਰੰਸ ਕਰਨ ਲਈ ਸਵਾਗਤੀ ਕਮੇਟੀ ਜਲੰਧਰ ਵਾਲੇ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੌਜੂਦਾ ਟੀਮ ਵਧਾਈ ਦੇ ਪਾਤਰ ਹਨ।



Sri Satguru Jagjit Singh Ji Elibrary NamdhariElibrary@gmail.com

## ਕੇਂਦਰੀ ਲੇਖਕ ਸਭਾ ਦੀਆਂ ਸਿਲਵਰ ਜੁਬਲੀ ਗੋਸ਼ਟੀਆਂ

# ਪਿਛਲੇ ਦਹਾਕੇ ਦੀ ਕਵਿਤਾ, ਕਹਾਣੀ, ਨਾਵਲ ਤੇ ਨਾਟਕ

ਅਨੁਭਵੀ

## ਕਵਿਤਾ

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਗਮ ਸਮੇਂ ਪਿਛਲੇ ਦਹਾਕੇ ਦੀ ਕਵਿਤਾ ਉਤੇ ਪੜ੍ਹੇ ਗਏ ਦੋਹਾਂ ਪਰਚਿਆਂ (ਸਤਿੰਦਰ ਸਿੰਘ ਨੂਰ) ਅਤੇ ਪ੍ਰੀਤਮ ਸਿੰਘ ਪੀ. ਸੀ. ਐਸ.) ਦੇ ਲੇਖਕਾਂ ਦੇ ਪਿਛੋਖੜ ਅਤੇ ਵਰਤਮਾਨ ਦੇ ਸੰਦਰਭ ਵਿਚ ਕੁਝ ਨਾ ਵੀ ਕਿਹਾ ਜਾਵੇ ਤਾਂ ਪਰਚਿਆਂ ਵਿਚ ਪ੍ਰਗਤੀਵਾਦੀ-ਕਾਵਿਧਾਰਾ ਨੂੰ ਵੇਲਾ ਵਿਹਾ ਚੁੱਕੀ ਵਿਚਾਰਧਾਰਾ ਗਰਦਾਨੇ ਜਾਣਾ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਦੋਹਾਂ ਵਿਦਵਾਨਾਂ ਨੇ ਇਸ ਦਹਾਕੇ ਵਿਚ ਛਪੀ ਕਵਿਤਾ ਦਾ ਮੁਲੰਕਣ ਅਤੇ ਵਿਸਲੇਸ਼ਣ ਕਰਦਿਆਂ ਉਨਾਂ ਸਾਰੀਆਂ ਜੁਗਤਾਂ ਦੀ ਵਰਤੋਂ ਕੀਤੀ ਹੈ ਜਿਹੜੀਆਂ ਵਿਆਪਕ ਸਮਝ ਪੈਦਾ ਕਰਨ ਦੀ ਥਾਂ ਇਕ ਵਿਸ਼ੇਸ਼ ਬਿੰਦੂ ਦੇ ਦੁਆਲੇ ਦੁਆਲੇ ਘੁੰਮਣ ਦੀ ਪ੍ਰਕ੍ਰਿਆ ਵਿਚ ਗਲਤਾਨ ਹੈ।

ਪਹਿਲਾਂ ਸ੍ਰੀ ਨੂਰ ਦੇ ਪਰਚੇ ਦੀ ਗੱਲ ਕਰਾਂਗੇ- ਇਸ ਦਹਾਕੇ ਦੀਆਂ ਕਾਵਿ-ਜੁਗਤਾਂ ਦੀ ਚਰਚਾ ਕਰਦਿਆਂ ਸ੍ਰੀ ਨੂਰ ਨੇ ਮੋਟੇ ਤੌਰ ਉਤੇ ਦੋ ਹੀ ਪ੍ਰਵਿਰਤੀਆਂ ਦੀ ਗੱਲ ਕੀਤੀ ਹੈ ਇਕ ਰੁਮਾਂਟਿਕ-ਪ੍ਰਗਤੀਵਾਦੀ ਕਵਿਤਾ ਨੂੰ ਰੱਦ ਕਰਕੇ ਸਾਹਮਣੇ ਆਏ 'ਸ਼ੁਧ'-ਕਵਿਤਾ ਦੇ ਸੰਕਲਪ ਦੀ ਜਿਸਦੀ ਸ਼ਾਬਦਿਕਤਾ ਬੌਧਿਕ ਅਰੋਪਣ ਵਾਲੀ ਹੈ ਅਤੇ ਦੂਸਰੀ ਸੁਰਜੀਤ ਪਾਤਰ ਅਤੇ ਪਾਸ਼ ਵਲੋਂ 'ਚੇਤਨਾ ਦੀ ਸਾਦੀ' ਭਾਸ਼ਾ ਵਿਚ ਉਸਾਰੀ ਗਈ ਕਵਿਤਾ ਦੀ। ਇਨ੍ਹਾਂ ਦੋ ਪੋਲਾਂ ਦੇ ਵਿਚਕਾਰ 'ਬ੍ਰਹਿ ਮੰਡੀ ਚੇਤਨਾ' ਵਾਲੀ ਸਮਾਨੰਤਰ ਕਵਿਤਾ ਵੀ ਵਿਚਰਦੀ ਹੈ ਅਤੇ ਬਦੇਸ਼ਾਂ 'ਚ ਗਏ ਉਨ੍ਹਾਂ ਪੰਜਾਬੀ ਕਵੀਆਂ ਦੀ ਕਵਿਤਾ ਵੀ ਜਿਹੜੀ ਸਭਿਆਚਾਰਕ ਰੂਪਾਂਤਰਣ ਵਜੋਂ ਹੋਂਦ ਵਿਚ ਆਈ।

—ਇਸ ਦਹਾਕੇ ਦੀਆਂ ਪਾਤਰ ਜਗਤਾਰ ਤੇ ਹਲਵਾਰਵੀ ਦੀਆਂ ਗ਼ਜ਼ਲਾਂ ਦਾ ਜ਼ਿਕਰ ਕਰਦਿਆਂ ਸ੍ਰੀ ਨੂਰ ਨੇ ਇਸਨੂੰ ਪ੍ਰਗੀਤਾਤਮਿਕ ਕਵਿਤਾ ਨੂੰ ਬਚਾਉਣ ਦੇ ਹੀਲੇ ਦਾ ਨਾਮਕਰਣ ਦਿਤਾ ਅਤੇ ਨਾਲ ਹੀ 'ਅਲਫ਼ ਦੁਪਹਿਰ ਦੀ ਪ੍ਰਗੀਤਕ ਸ਼ੈਲੀ ਨੂੰ ਅਣ-ਇਤਿਹਾਸਕ ਵੀ ਆਖਿਆ। ਚੇਤਨਾ ਦੀ ਸਾਦੀ ਭਾਸ਼ਾ ਪ੍ਰਗਤੀਵਾਦੀ ਰਾਜਨੀਤਕ ਲਹਿਰ ਤੋਂ ਨਿਰਾਸ਼ ਹੋਏ ਕਵੀ (ਪਾਸ਼) ਦੀ ਕਾਵਿ-ਜੁਗਤ ਵਿਚ ਰੂਪਮਾਨ ਹੋਕੇ ਉਸਨੂੰ ਕਿਵੇਂ ਪ੍ਰਗਤੀਵਾਦੀ ਕਵੀ ਵੀ ਬਣਿਆ ਰਹਿਣ ਦਿੰਦੀ ਹੈ ਇਹ ਗੱਲ ਵੀ ਉਸੇ ਤਰ੍ਹਾਂ ਸਮਝ ਆਉਣੀ ਔਖੀ ਜਾਪਦੀ ਹੈ ਜਿਵੇਂ ਡਾਕਟਰ ਹਰਿਭਜਨ ਸ਼ਿਵ ਕੁਮਾਰ ਦੇ ਪ੍ਰਭਾਵ ਹੇਠ ਕਵਿਤਾ ਲਿਖ ਰਿਹਾ ਹੈ।

ਇਸ ਪਰਚੇ ਵਿਚੋਂ ਜੋ ਸੁਆਲ ਅਗਲੇਰੀ ਚਰਚਾ ਦਾ ਵਿਸ਼ਾ ਬਣ ਸਕਦਾ ਹੈ ਉਹ ਹੈ ਪ੍ਰਗੀਤ ਦੀ ਪ੍ਰਕਿਰਤੀ। ਸ੍ਰੀ ਨੂਰ ਨੂੰ ਇਤਰਾਜ ਹੈ ਕਿ ਆਧੁਨਿਕ ਕਵਿਤਾ ਪ੍ਰਗੀਤਾਤਮਿਕ ਤੱਤਾਂ ਨੂੰ ਆਪਣੇ ਵਿਚੋਂ ਖਾਰਜ ਕਰਕੇ ਅਧੁਨਿਕ ਹੋਣਾ ਚਾਹ ਰਹੀ ਸੀ ਅਤੇ ਉਨ੍ਹਾਂ ਨੇ ਜਿਸ ਨਵੀਂ ਕਵਿਤਾ ਦੇ ਮੁਖ ਪ੍ਰਵਾਹ ਦੀ ਗੱਲ ਉਭਾਰ ਕੇ ਪੇਸ਼ ਕੀਤੀ ਹੈ ਉਸਦੀ ਖੂਬੀ ਇਹ ਦਰਸਾਈ ਹੈ ਕਿ ਉਹ ਪ੍ਰਗੀਤ ਨੂੰ ਮੁੜ ਸੁਰਜੀਤ ਕਰ ਰਹੀ ਹੈ। ਸਾਹਿਤ-ਰੂਪਾਕਾਰ ਦੀ ਅਜੇਹੀ ਪ੍ਰਕਿਰਤੀ ਆਪਣੀ ਕਿਸਮ ਦਾ "ਇਤਿਹਾਸਕ ਸੱਚ" ਹੈ ਜਦੋਂ ਕੁਝ ਤੱਤਾਂ ਦੀ ਮੁੜ ਸੁਚੇਤ ਆਮਦ ਨਾਲ ਕੋਈ ਸਾਹਿਤ-ਰੂਪ 'ਬਚ' ਸਕਦਾ ਹੈ। ਇਹ ਗੱਲ ਤਾਂ ਠੀਕ ਹੈ ਕਿ ਕੋਈ ਵੀ ਨਵੀਂ ਪ੍ਰਵਿਰਤੀ ਰੂਪ-ਸਿਰਜਣ ਜੁਗਤਾਂ ਸਹਿਤ ਹੀ ਹੋਂਦ 'ਚ ਆਉਂਦੀ ਹੈ ਪਰ ਪ੍ਰਗਤੀਵਾਦੀ ਤੇ ਨਵ-ਪ੍ਰਗਤੀਵਾਦੀ ਕਾਵਿ-ਧਾਰਾ ਨੇ ਆਪਣੀ ਵਿਸ਼ੇਸ਼ ਰੂਪ-ਜੁਗਤ ਵਲ ਕੋਈ ਧਿਆਨ ਨਹੀਂ ਦਿਤਾ ਅਤੇ ਇਹੀ ਕਾਰਨ ਹੈ ਕਿ ਇਹ ਧਾਰਾਵਾਂ ਪ੍ਰੀਤਮ ਸਿੰਘ ਪੀ. ਸੀ. ਐਸ. ਨੂੰ ਆਪਣੇ ਪਰਚੇ ਵਿਚ ਵੇਲਾ ਵਿਹਾ ਚੁਕੀਆਂ ਜਾਪੀਆਂ ਹਨ। ਪ੍ਰੋ: ਮੋਹਣ ਸਿੰਘ, ਅਮ੍ਰਿਤਾ ਪ੍ਰੀਤਮ, ਗੁਰਚਰਨ ਰਾਮਪੁਰੀ, ਸੰਤੋਖ ਸਿੰਘ ਧੀਰ, ਸੁਰਜੀਤ ਰਾਮਪੁਰੀ ਤੇ ਸ਼ਿਵ ਕੁਮਾਰ ਦੀਆਂ ਕਾਵਿ-ਜਗਤਾਂ ਅਗੇ ਤੁਰਨ ਲਈ ਇਕ ਵਿਸ਼ੇਸ਼ ਤਬਦੀਲੀ ਦੀ ਮੰਗ ਕਰਦੀਆਂ ਹਨ। ਪਰ ਕੀ ਉਨਾਂ ਦੇ ਬਾਦ ਦੇ ਕਵੀਆਂ ਜਿਨ੍ਹਾਂ ਵਿਚ ਪ੍ਰਯੋਗਵਾਦੀਆਂ ਦਾ ਵਿਸ਼ੇਸ਼ ਨਾਂਅ ਹੈ



Sri Satguru Jagjit Singh Ji Elibrary NamdhariElibrary@gmail.com

ਨੇ ਕੋਈ ਨਵੀਆਂ ਕਾਵਿ-ਜੁਗਤਾਂ ਦੀ ਸਿਰਜਣਾ ਕੀਤੀ। ਸਿਵਾਏ ਪ੍ਰਯੋਗਵਾਦੀਆਂ ਦੀ ਸ਼ਬਦ-ਘਾੜਤ ਅਤੇ ਨਵ-ਪ੍ਰਗਤੀਵਾਦੀਆਂ ਦੀ ਨਾਅਰਾ-ਘਾੜਤ ਤੋਂ ਹੋਰ ਕਿਹੜੀ ਤਬਦੀਲੀ ਵਾਪਰੀ? ਇਸ ਸਭ ਵਿਚ ਜੇ ਕੁਝ ਵਿਸ਼ੇਸ਼ ਵਾਪਰਿਆ ਤਾਂ ਉਹ ਪਾਸ਼ ਦੀ 'ਸਾਡੇ ਸਮਿਆਂ ਵਿਚ' ਦੀ ਪ੍ਰਕਾਸ਼ਨਾ ਹੈ। ਉਸਦੀ ਕਵਿਤਾ ਦੀ ਇਹ ਸੁਰ ਬਦਕਿਸਮਤੀ ਨਾਲ ਓਦੋਂ ਉੱਤਰੀ ਜਦੋਂ ਉਹ ਵਿਚਾਰਧਾਰਕ ਤੌਰ ਤੇ ਪ੍ਰਗਤੀਵਾਦੀ ਲਹਿਰ ਤੋਂ ਨਿਰਾਸ਼ ਹੋ ਚੁੱਕਾ ਸੀ—ਭਾਵੇਂ ਕਿ ਉਸਦੀ ਇਸ ਨਿਰਾਸ਼ਾ ਦਾ ਸੁਰ ਬੇਚੈਨੀ ਅਤੇ ਅਸੰਤੁਸ਼ਟਤਾ ਤੋਂ ਵਧ ਗਿਲੇ ਜਿਹੇ ਵਾਲਾ ਹੈ ਪਰ ਆਪਣੀ ਕਾਵਿ-ਜੁਗਤ ਦੇ ਵਖਰੇਵੇਂ ਕਰਕੇ ਵੀ ਇਹ ਕਈ ਵਾਰੀ ਉਸ ਸੰਬੋਧਨ ਜੁਗਤ ਤੋਂ ਬਾਹਰ ਨਹੀਂ ਨਿਕਲਦਾ ਜਿਹੜੀ ਉਸਦੀ ਸੁਰ ਨੂੰ ਪਹਿਲੇ ਸਮਿਆਂ ਵਿਚ ਹੀ ਲੈ ਜਾਂਦਾ ਹੈ। ਪਰ ਦੋਹਾਂ ਪਰਚਾ ਲੇਖਕਾਂ ਨੇ ਕਾਵਿ-ਪਰੰਪਰਾ ਨੂੰ ਇਸ ਤਰ੍ਹਾਂ ਸਮਝਣ ਵਲ ਰੁਖ ਨਹੀਂ ਕੀਤਾ।

ਪਰਚਿਆਂ ਉਤੇ ਹੋਈ ਬਹਿਸ ਸਮੇਂ ਬਹਿਸਕਾਰਾਂ ਦਾ ਧਿਆਨ ਵੀ ਪਰਚਾ ਲੇਖਕਾਂ ਦੇ ਵਿਆਕਤਿਤਵਾਂ ਉਤੇ ਵਧੇਰੇ ਕੇਂਦਰਿਤ ਰਿਹਾ ਐਨ ਉਸੇ ਤਰ੍ਹਾਂ ਜਿਵੇਂ ਦੋਹਾਂ ਪਰਚਾ ਲੇਖਕਾਂ ਦਾ ਧਿਆਨ ਕਵੀਆਂ ਦੇ ਵਿਆਕਤਿਤਵ ਅਤੇ ਉਹਨਾਂ ਦੇ ਗਰੁਪਾਂ ਵਲ ਸੇਧਤ ਰਿਹਾ।

ਫੇਰ ਵੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਕਰਾਈ ਗਈ ਇਸ ਗੋਸ਼ਟੀ ਨੇ ਇਸ ਖੇਤਰ ਦੇ ਅਲੋਚਕਾਂ/ਸਮੀਖਿਅਕਾਂ ਦਾ ਧਿਆਨ ਇਕ ਵਾਰ ਫੇਰ ਅਜੇਹੀ ਸਥਿਤੀ ਨੂੰ ਸਮਝਣ ਵਲ ਮੋੜਿਆ ਹੈ ਅਤੇ ਕਈ ਅਜੇਹੇ ਸੁਆਲ ਪੈਦਾ ਕੀਤੇ ਹਨ ਜਿਨਾਂ ਉਤੇ ਵਿਚਾਰ ਕੀਤਿਆਂ ਕੁਝ ਸਾਰਥਿਕ ਸਿਟਿਆਂ ਦੀ ਆਸ ਬੱਝ ਸਕਦੀ ਹੈ।

## ਕਹਾਣੀ

ਇਸ ਦਹਾਕੇ ਦੀ ਕਹਾਣੀ ਉਤੇ ਡਾਕਟਰ ਤੇਜਵੰਤ ਗਿੱਲ ਅਤੇ ਈਸ਼ਰ ਸਿੰਘ ਆਟਰੀ ਨੇ ਪਰਚੇ ਪੜ੍ਹੇ। ਅਟਾਰੀ ਦੇ ਪਰਚੇ ਵਿਚ ਉਠਾਏ ਗਏ ਨੁਕਤਿਆਂ ਤੋਂ ਪਹਿਲਾਂ ਹੀ ਇਹ ਗੱਲ ਉੱਭਰ ਕੇ ਸਾਹਮਣੇ ਆ ਗਈ ਕਿ ਇਹ ਪਰਚਾ ਬੁੱਤਾ ਸਾਰਨ ਲਈ ਹੀ ਲਿਖਿਆ ਗਿਆ ਸੀ—ਜ਼ਿਕਰ ਕੀਤੇ ਗਏ ਕਹਾਣੀ ਸੰਗ੍ਰਿਹਾਂ ਦੇ ਨਾਵਾਂ ਤੋਂ ਲੈ ਕੇ ਉਨਾਂ ਦੇ ਛਪਣ ਸਮੇਂ ਅਤੇ ਘਟਨਾਵਾਂ ਦੇ ਵੇਰਵਿਆਂ ਤੱਕ ਦੀਆਂ ਉਕਾਈਆਂ ਬਹਿਸ ਦਾ ਬੜੇ ਜ਼ੋਰ ਨਾਲ ਵਿਸ਼ਾ ਬਣੀਆਂ ਅਤੇ ਇਸ ਪਰਚੇ ਵਿਚੋਂ ਸਿਵਾਏ ਕੁਝ ਜਾਣ ਬੁਝ ਕੇ ਉਠਾਏ ਗਏ ਨੁਕਤਿਆਂ, ਜਿਨਾਂ ਵਿਚ ਅਮ੍ਰਿਤਾ ਦੇ ਕਿਸੇ ਨਾਵਲ ਦੀ ਘਟਨਾ ਨੂੰ ਉਹਦੇ ਜੀਵਨ ਯਥਾਰਥ ਨਾਲ ਜੋੜ ਕੇ ਨਿੰਦਣੀਯ ਪਹੁੰਚ ਦਾ ਵਿਖਾਵਾ ਕਰਨਾ ਆਦਿ ਸ਼ਾਮਲ ਹੈ, ਤੋਂ ਇਲਾਵਾ ਹੋਰ ਕੁਝ ਲਭਦਾ ਵੀ ਘਟ ਹੀ ਹੈ। ਡਾ: ਗਿੱਲ ਨੇ ਇਸ ਦਹਾਕੇ ਦੇ ਕਹਾਣੀ ਲੇਖਣ ਦਾ ਲੇਖਾ ਜੋਖਾ ਕਰਦਿਆਂ ਆਪਣੇ ਨੁਕਤਿਆਂ ਨੂੰ ਪੂਰੀ ਸ਼ਿਦਤ ਨਾਲ ਪੇਸ਼ ਕੀਤਾ ਪਰ ਇਸ ਖੇਤਰ ਵਿਚ ਆਏ ਉਤਰਾਵਾਂ-ਚੜ੍ਹਾਵਾਂ ਦਾ ਵਰਗੀਕਰਣ ਕਰਦਿਆਂ ਉਨ੍ਹਾਂ ਨੇ ਵੀ ਹੋਰ ਪਰਚਾ ਲੇਖਕਾਂ ਵਾਂਗ ਹੀ ਜਿਹੜੇ ਅਧਾਰ ਮਿਥੇ ਉਹ ਇਸ ਸ਼ਿਦਤ ਨੂੰ ਅੰਤਮ ਤੌਰ ਉਤੇ ਸਧਾਰਨ ਬਣਾ ਦਿੰਦੇ ਪ੍ਰਤੀਤ ਹੋਏ। ਇਸ ਦਹਾਕੇ ਦੇ ਕਹਾਣੀ-ਲੇਖਣ ਵਰਗੀਕਰਣ ਗ੍ਰਾਮੀਣ, ਨਗਰੀ ਤੇ ਪਰਵਾਸੀ ਚੇਤਨਾ ਦੇ ਵਿਚਾਰ-ਪ੍ਰਵਾਹਾਂ ਅਨੁਸਾਰ ਕਰਨਾ ਅਤੇ ਇਸਨੂੰ ਰੂਪਵਿਧਾਵਾਂ ਵਿਚ ਆਈਆਂ ਤਬਦੀਲੀਆਂ ਨਾਲ ਮੇਚਣ ਦੀ ਅਣਹੋਂਦ ਇਸ ਅਧਿਐਨ ਦੇ ਕੁਝ ਕੁਝ ਅਧੂਰਾ ਰਹਿ ਜਾਣ ਦਾ ਝਾਉਲਾ ਜਰੂਰ ਪਾਉਂਦੀ ਹੈ। ਬਹਿਸ ਵਿਚ ਉਠੇ ਇਨਾਂ ਨੁਕਤਿਆਂ ਨੇ ਇਸ ਗੱਲ ਦੇ ਹੋਰ ਡੂੰਘੇ ਅਧਿਐਨ ਦੀ ਜਗਿਆਸਾ ਜਗਾਈ ਕਿ ਸਮਾਜਿਕ-ਸਭਿਆਚਾਰਕ ਪ੍ਰਗਤੀ ਸਾਹਿਤ-ਰੂਪਾਂ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ? ਇਹ ਇਕ ਸੁਆਲ ਜਿਹੜਾ ਇਸ ਗੋਸ਼ਟੀ ਵਿਚੋਂ ਸਾਫ਼ ਸਾਫ਼ ਭਾਵੇਂ ਨਹੀਂ ਉਭਰਿਆ ਪਰ ਅਹਿਸਾਸ ਵਿਚ ਜ਼ਰੂਰ ਆਇਆ। ਭਾਵੇਂ ਡਾ: ਗਿੱਲ ਨੇ ਬਹਿਸ ਦਾ ਜੁਆਬ ਦੇਂਦਿਆਂ ਇਸ ਸੁਆਲ ਨੂੰ ਹੋਰ ਉਭਾਰਨ ਅਤੇ ਚਰਚਾ ਕਰਨ ਦੀ ਥਾਂ ਖੁਦ ਵੀ ਕਿਸੇ ਜਾਣੇ ਪਛਾਣੇ ਅਰੋਪਣ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਸਰੋਤਿਆਂ ਦੀ ਘੁਸਰ ਮੁਸਰ ਵਿਚ ਇਹ ਨਿਰੰਤਰ ਸਰਕਦਾ ਰਿਹਾ। ਅਟਾਰੀ ਦੀ ਤੁਥ-ਮੁਥ ਸਾਹਮਣੇ ਡਾ: ਗਿੱਲ ਦਾ ਯਤਨ ਅੰਤਮ ਤੌਰ ਤੇ ਹੋਰ ਵਧੇਰੇ ਨਿਖਰਿਆ ਅਤੇ ਇਹ ਗੱਲ ਕਹਿਣੀ ਬਣਦੀ ਹੈ ਕਿ ਇਨ੍ਹਾਂ ਸਾਰੇ ਸਮਾਗਮਾਂ ਵਿਚ ਪੜ੍ਹੇ ਗਏ ਪਰਚਿਆਂ ਵਿਚੋਂ ਆਪਣੇ ਖੇਤਰ ਨੂੰ ਵਧੇਰੇ ਯੋਗਤਾ ਨਾਲ ਸਮਝਣ ਸਮਰਥ ਪਰਚਾ ਡਾ: ਗਿੱਲ ਦਾ ਹੀ ਸੀ।

## ਨਾਵਲ

ਇਸ ਦਹਾਕੇ ਦੇ ਨਾਵਲ ਉਤੇ ਪਰਚੇ ਪੜ੍ਹਣ ਵਾਲਿਆਂ ਵਿਚ ਡਾ: ਟੀ. ਆਰ. ਵਿਨੋਦ ਅਤੇ ਡਾ: ਕੁਲਬੀਰ ਸਿੰਘ ਕਾਂਗ ਸ਼ਾਮਲ ਸਨ। ਡਾ: ਵਿਨੋਦ ਦੇ ਪਰਚੇ ਵਿਚ ਅਪਨਾਈ ਪਹੁੰਚ ਤੋਂ ਬਹਿਸਕਾਰਾਂ ਦਾ ਇਕ ਪੱਖ ਕਾਫੀ ਅੱਗ ਭਬੂਕਾ ਹੋਇਆ ਅਤੇ ਉਨ੍ਹਾਂ ਨੇ ਡਾ: ਵਿਨੋਦ ਦੇ ਯਥਾਰਥਕ



Sri Satguru Jagjit Singh Ji Elibrary NamdhariElibrary@gmail.com

ਵਿਸਲੇਸ਼ਣ ਨੂੰ ਆਪਣੇ ਭਾਵਕ-ਆਦਰਸ਼ਵਾਦੀ ਭਾਸ਼ਕ ਹਥਿਆਰਾਂ ਨਾਲ ਛੁਟਿਆਉਣ ਦੀ ਕੋਸ਼ਿਸ਼ ਕੀਤੀ—ਡਾ: ਕਾਂਗ ਨੇ ਇਸ ਦਹਾਕੇ ਦੇ ਨਾਵਲ-ਲੇਖਣ ਨੂੰ ਮਹਾਂ ਨਗਰ ਚੇਤਨਾ ਦੁਆਲੇ ਕੇਂਦਰਿਤ ਕਰਨ ਦਾ ਯਤਨ ਕੀਤਾ—ਅਤੇ ਸਾਰੇ ਪਰਚੇ ਵਿਚ ਨਰਿੰਦਰ ਪਾਲ ਤੇ ਸੇਠੀ ਦੇ ਨਾਵਲਾਂ 'ਬਾਮੁਲਾਹਜ਼ਾ ਹੋਸ਼ਿਆਰ'-ਅਤੇ 'ਆਬਰਾ-ਕਦਾਬਰਾ' ਦੀ ਵਕਾਲਤ ਕਰਨ ਅਤੇ ਇਸ ਦਹਾਕੇ ਦੀ ਮੁਖ ਧਾਰਾ ਇਸੇ ਦੇ ਦੁਆਲੇ ਕੇਂਦਰਿਤ ਕਰਨ ਦਾ ਯਤਨ ਕੀਤਾ। ਇਨ੍ਹਾਂ ਲੇਖਕਾਂ ਨੇ ਰਿਸ਼ਤਿਆਂ ਦੀ ਟੁਟ ਭਜ ਅਤੇ ਨਵੀਂ ਸਭਿਅਤਾ ਦੇ ਵਿਕਾਰਾਂ ਨੂੰ ਚਿਤਰਿਆਂ ਹੈ-ਉਹਨਾਂ ਵਿਰੁਧ ਖ਼ਬਰਦਾਰ ਕੀਤਾ ਹੈ—ਇਸ ਵਿਚ ਕੋਈ ਸ਼ੱਕ ਨਹੀਂ ਹੈ ਗੁਰਦਿਆਲ ਦੇ 'ਅੱਧ ਚਾਨਣੀ ਰਾਤ' ਤੇ 'ਅੰਨ੍ਹੇ ਘੋੜੇ ਦਾ ਦਾਨ', ਸਾਹਮਣੇ ਉਹਨਾਂ ਦਾ ਸਥਾਨ ਕਿਵੇਂ ਵੱਡਾ ਹੈ ? ਇਸ ਦਹਾਕੇ ਦੇ ਨਾਵਲ ਦਾ ਵਿਸਥਾਰ-ਪੂਰਵਕ ਲੇਖਾ-ਜੋਖਾ ਵੀ ਸਮੁੱਚੀ ਪਹੁੰਚ ਨੂੰ ਇਕ ਗਰੁਪ ਦੁਆਲੇ ਕੇਂਦਰਿਤ ਕਰ ਗਿਆ ਜਾਪਦਾ ਹੈ—ਭਾਵੇਂ ਕਿ ਇਸ ਦਹਾਕੇ ਵਿਚ ਛਪੇ ਹੋਰ ਚੰਗੇ ਨਾਵਲਾਂ, ਜਿਨ੍ਹਾਂ ਵਿਚ ਸੁਖਬੀਰ ਅਤੇ ਸਵਰਨ ਚੰਦਨ ਦੇ ਨਾਵਲ ਸ਼ਾਮਲ ਹਨ, ਦਾ ਜ਼ਿਕਰ ਵੀ ਕੀਤਾ ਗਿਆ ਹੈ ਪਰ ਇਹ ਜ਼ਿਕਰ ਸਿਫ਼ਰ ਕਰਨ ਤਕ ਹੀ ਸੀਮਤ ਕਿਉਂ ਹੈ ? ਕੀ ਇਸ ਦਹਾਕੇ ਦੀ ਮੁਖ ਸਮਸਿਆ (ਜਿਹੜੀ ਨਾਵਲਾਂ ਦਾ ਵਿਸ਼ਾ ਬਣੀ) ਔਰਤ ਦਾ ਵਿਸ਼ੇਸ਼ ਸਮਾਜਿਕ ਪ੍ਰਸਥਿਤੀਆਂ ਵਿਚ ਆਪਣੇ ਹੱਠ ਦੇ ਦਾਬੇ ਹੇਠ ਵਿਕਾਰ-ਗ੍ਰਸਤ ਹੋ ਜਾਣਾ ਹੀ ਹੈ ?

ਇਹ ਕੁਝ ਸੁਆਲ ਹਨ ਜਿਹੜੇ ਇਸ ਨਾਵਲ ਗੋਸ਼ਟੀ ਨੇ ਨਾਵਲ ਖੇਤਰ ਦੇ ਆਲੋਚਕਾਂ ਦੇ ਮਨਾਂ ਵਿਚ ਪੈਦਾ ਕੀਤੇ ਹਨ ਜਿਨ੍ਹਾਂ ਉਤੇ ਅਗਲੇਰੀਆਂ ਗੋਸ਼ਟੀਆਂ ਦੇ ਪ੍ਰਬੰਧਕ ਅਤੇ ਪਰਚਾ-ਲੇਖਕ ਧਿਆਨ ਕੇਂਦਰਿਤ ਕਰਨਗੇ।

## ਨਾਟਕ

ਨਾਟਕ ਉਤੇ ਪਰਚਾ ਪੜ੍ਹਣ ਵਾਲੇ ਡਾ: ਧਰਮਪਾਲ ਸਿੰਗਲ ਇਕੱਲੇ ਹੀ ਸਨ। ਐਲਾਨ ਅਨੁਸਾਰ ਦੂਸਰਾ ਪਰਚਾ ਜੋਗਾ ਸਿੰਘ ਨੇ ਪੜ੍ਹਨਾ ਸੀ ਪਰ ਵੇਲੇ ਸਿਰ ਨਾ ਲਿਖਿਆ ਜਾਣ ਕਰਕੇ ਇਹ ਪਰਚਾ ਪੜ੍ਹਿਆ ਨਾ ਗਿਆ ਉਂਝ ਜੋਗਾ ਸਿੰਘ ਨੂੰ ਪਰਚਾ ਪੜ੍ਹਣ ਜੋਗਾ ਸਮਾਂ ਨਾਟਕਾਂ ਬਾਰੇ ਬੋਲਣ ਲਈ ਦੇ ਦਿਤਾ ਗਿਆ—ਇਸ ਸਮੇਂ ਵਿਚ ਉਸਨੇ ਜੋ ਕੁਝ ਬੋਲਿਆ ਉਸਨੇ ਉਸਨੂੰ ਆਪਣੇ ਨਾ ਲਿਖ ਹੋਏ ਪਰਚੇ ਦਾ ਖਾਕਾ ਆਖਿਆ। ਉਸਦੇ ਵਿਚਾਰ ਅਨੁਸਾਰ ਨਾਟਕ ਸਿਰਫ਼ ਸਟੇਜ ਦੀ ਹੀ ਵਸਤੂ ਹੈ ਅਤੇ ਪੜ੍ਹੰਦਰ ਨਾਟਕ ਨਾਟਕ ਨਹੀਂ ਹੈ ਸ਼ਾਇਦ ਜੋਗਾ ਸਿੰਘ ਦੀ ਇਸ ਗੱਲ ਦੇ ਆਧਾਰ ਉਤੇ ਬਹਿਸਕਾਰਾਂ ਨੇ ਸਾਰਾ ਜ਼ੋਰ ਇਸ ਗੱਲ ਉਤੇ ਲਾ ਦਿਤਾ ਕਿ ਨਾਟਕਾਂ ਦਾ ਆਲੋਚਕ ਵੀ ਨਾਟਕ ਲੇਖਕ ਹੀ ਹੋਣਾ ਚਾਹੀਦਾ ਹੈ-ਨਾਟਕ ਲੇਖਕ ਵੀ ਉਹ ਜਿਸਦਾ ਸਟੇਜ ਨਾਲ ਵਾਸਤਾ ਹੋਵੇ—ਡਾ: ਸਿੰਗਲ ਨੇ ਆਪਣੇ ਪਰਚੇ ਵਿਚ ਇਸ ਦਹਾਕੇ ਦੇ ਨਾਟਕਾਂ ਦਾ ਵਰਗੀਕਰਨ ਜਿਸ ਸਾਰਥਿਕਤਾ ਸਹਿਤ ਕੀਤਾ ਸੀ ਉਸਨੂੰ ਉਕਤ ਗੱਲ ਨੂੰ ਅਧਾਰ ਬਣਾ ਕੇ ਕੋਸ਼ਿਸ਼ ਕੀਤੀ ਗਈ। ਖੁਦ ਕਪੂਰ ਸਿੰਘ ਘੁੰਮਣ ਵੀ ਇਸ ਵਿਚਾਰ ਦੇ ਸਨ ਕਿ ਨਾਟਕ ਬਾਰੇ ਗੱਲ ਉਹੀ ਕਰ ਸਕਦਾ ਹੈ ਜਿਹੜਾ ਖੁਦ ਸਟੇਜ ਬਣਾਉਂਦਾ ਹੋਵੇ। ਨਾਟਕ-ਗੋਸ਼ਟੀ ਨੇ ਇਸ ਸੁਆਲ ਨੂੰ ਆਪਣਾ ਕੇਂਦਰ ਬਣਾ ਲਿਆ ਅਤੇ ਇਸ ਗੋਸ਼ਟੀ ਦੀ ਸਭ ਤੋਂ ਵੱਡੀ ਪ੍ਰਾਪਤੀ ਇਸ ਸੁਆਲ ਨੂੰ ਉਜਾਗਰ ਕਰਨਾ ਹੀ ਕਹੀ ਜਾ ਸਕਦੀ ਹੈ—ਕੀ ਨਾਟਕ-ਲੇਖਣ ਅਤੇ ਰੰਗ-ਮੰਚ ਇਕੋ ਹੁਨਰ ਦੇ ਦੋ-ਪਸਾਰ ਹਨ ਜਾਂ ਦੋ ਵਖ-ਵਖ ਹੁਨਰ ਹਨ ?

ਸਮੁੱਚ ਵਿਚ ਵੇਖੀਏ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਦੀਆਂ ਇਹ ਸਾਹਿਤ-ਗੋਸ਼ਟੀਆਂ ਆਲੋਚਨਾ ਦੇ ਖੇਤਰ ਵਿਚ ਕੁਝ ਅਜੇਹੇ ਸੁਆਲ ਖੜੇ ਕਰਨ ਯੋਗ ਸਾਬਤ ਹੋਈਆਂ ਹਨ ਜਿਨਾਂ ਉਤੇ ਵਿਚਾਰ ਬੇਹੱਦ ਜ਼ਰੂਰੀ ਹੈ—ਕਵਿਤਾ, ਨਾਵਲ, ਕਹਾਣੀ ਅਤੇ ਨਾਟਕ ਚੋਹਾਂ ਸਿਰਮੌਰ ਸਾਹਿਤ-ਰੂਪ ਵਿਧਾਵਾਂ ਨਾਲ ਸੰਬੰਧਤ ਆਲੋਚਕ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸੁਆਲਾਂ ਦੇ ਹੱਲ ਵਲ ਰੁਚਿਤ ਹੋਣਗੇ।

★



Sri Satguru Jagjit Singh Ji Elibrary NamdhariElibrary@gmail.com



ਮੁਖ ਮੰਤਰੀ ਸ: ਦਰਬਾਰਾ ਸਿੰਘ ਦੁਆਰਾ "ਲਾਲਾ ਧਨੀ ਰਾਮ ਚਾਤ੍ਰਿਕ ਪ੍ਰਦਰਸ਼ਨੀ" ਦਾ ਉਦਘਾ-ਟਨ ਕੀਤਾ ਗਿਆ। ਨਾਲ ਦਿਸ ਰਹੇ ਹਨ ਖਬਿਓਂ ਸਜੇ : ਸ. ਜਾਗੀਰ ਸਿੰਘ ਜਗਤਾਰ, ਪ੍ਰਦਰਸ਼ਨੀ ਕਨਵੀਨਰ ਸ੍ਰੀ ਸ. ਪ. ਸਿੰਘ, ਸ. ਜਗਜੀਤ ਸਿੰਘ ਅਨੰਦ, ਪ੍ਰੋ: ਪ੍ਰੀਤਮ ਸਿੰਘ ਪ੍ਰਧਾਨ ਕੇਂਦਰੀ ਸਭਾ, ਜੰਗ ਬਹਾਦਰ ਸਿੰਘ ਘਈ ਅਤੇ ਸ੍ਰੀ ਠਾਕਰ ਦਾਸ ਚਾਵਲਾ।




ਮੁਖ ਮੰਤਰੀ ਸ: ਦਰਬਾਰਾ ਸਿੰਘ ਪ੍ਰਧਾਨਗੀ ਭਾਸ਼ਨ ਦਿੰਦੇ ਹੋਏ। ਮੰਚ ਤੇ ਖਬਿਓਂ ਸਜੇ : ਪ੍ਰੋ. ਪਿਆਰਾ ਸਿੰਘ ਭੋਗਲ ਜਨਰਲ ਸੱਕਤ੍ਰ ਸੁਵਾਗਤੀ ਕਮੇਟੀ, ਸ. ਰਘਬੀਰ ਸਿੰਘ ਜਨਰਲ ਸੱਕਤ੍ਰ ਕੇਂਦਰੀ ਸਭਾ, ਪ੍ਰੋ. ਪ੍ਰੀਤਮ ਸਿੰਘ ਪ੍ਰਧਾਨ, ਬਾਵਾ ਪਰਮਜੀਤ ਸਿੰਘ ਪ੍ਰਧਾਨ ਸਵਾਗਤੀ ਕਮੇਟੀ; ਸ: ਜਗਜੀਤ ਸਿੰਘ ਅਨੰਦ ਮੀਤ ਪ੍ਰਧਾਨ ਸਵਾਗਤੀ ਕਮੇਟੀ ਅਤੇ ਪ੍ਰਸਿਧ ਕਹਾਣੀਕਾਰ ਸ: ਸੁਜਾਨ ਸਿੰਘ।



ਦਰਸ਼ਕਾਂ ਦਾ ਇਕ ਦ੍ਰਿਸ਼ : ਕਾਮਰੇਡ ਬਿਲਗਾ ਪਾਕਸ-ਤਾਨ ਤੋਂ ਆਏ ਲੇਖਕ ਪ੍ਰੋ: ਸ਼ਾਹਰਾਚ ਮਲਿਕ, ਡਾ: ਆਹੂਜਾ, ਮੇਜਰ ਸਰਵਨ ਸਿੰਘ ਜੋਹਲ, ਜਸਵੰਤ ਸਿੰਘ ਰਾਹੀ, ਜਸਵੰਤ ਸਿੰਘ ਕੰਵਲ, ਜਸਬੀਰ ਸਿੰਘ ਆਹਲੂ-ਵਾਲੀਆ, ਪ੍ਰੀਤਮ ਸਿੰਘ ਪੀ. ਸੀ. ਐਸ. ਪ੍ਰੋ: ਰਜਨੀਸ਼ ਕੁਮਾਰ ਆਦਿਕ ਦਿਖਾਈ ਦੇ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com



ਪ੍ਰੋ: ਪ੍ਰੀਤਮ ਸਿੰਘ ਆਪਣਾ ਯਾਦਗਾਰੀ ਪ੍ਰਧਾਨਗੀ ਭਾਸ਼ਨ ਦੇ ਰਹੇ ਹਨ।




ਸੰਪਾਦਕ ਵਰਿਆਮ ਜਗਦੀਸ਼ ਸਿੰਘ ਵਲੋਂ ਪ੍ਰੋ: ਸ਼ਾਹਬਾਜ਼ ਮਲਿਕ ਨੂੰ ਵਰਿਆਮ ਦੀਆਂ ਕਾਪੀਆਂ ਭੇਟਾ ਕੀਤੀਆਂ ਗਈਆਂ। ਨਾਲ ਪਾਕਿਸਤਾਨ ਤੋਂ ਆਏ ਦੂਸਰੇ ਲੇਖਕ ਅਨਵਰ ਬੇਗ ਅਵਾਨ ਅਤੇ ਡਾ: ਬਿੰਦ ਬੈਠੇ ਹਨ।



ਡੈਲੀਗੇਟਾਂ ਦਾ ਹੋਰ ਦ੍ਰਿਸ਼: ਮੇਜਰ ਜੌਹਲ, ਕਾਮਰੇਡ ਕ੍ਰਿਸ਼ਨ ਭਾਰਦਵਾਜ, ਹਰਨਾਮ ਦਾਸ ਸਹਿਰਾਈ, ਤੇਜਵੰਤ ਮਾਨ, ਜਗਤਾਰ ਅਤੇ ਕਾਮਰੇਡ ਪ੍ਰੀਤਮ ਸਿੰਘ ਗੁਰਾਇਆ ਨਜ਼ਰੀਂ ਆ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com






ਸ : ਕੁਲਦੀਪ ਸਿੰਘ ਬੇਦੀ ਮੀਤ ਪ੍ਰਧਾਨ ਪੰਜਾਬੀ ਲੇਖਕ ਸਭਾ ਜਲੰਧਰ ।

ਸ੍ਰੀ ਵਿਜੇ ਚੋਪੜਾ ਮੀਤ ਪ੍ਰਧਾਨ ਸਵਾਗਤੀ ਕਮੇਟੀ ਸਮਾਰੋਹਾਂ ਦੇ ਅੰਤ ਤੇ ਧਨਵਾਦ ਕਰਦੇ ਹੋਏ ।



ਗੁਰੂ ਨਾਨਕ ਦੇਵ ਯੂਨੀਵਰਸਟੀ ਅਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ : ਕਰਨੈਲ ਸਿੰਘ ਥਿੰਦ, ਜਗਦੀਸ਼ ਸਿੰਘ ਸੰਪਾਦਕ ਵਰਿਆਮ, ਪੰਜਾਬੀ ਯੂਨੀਵਰਸਟੀ ਲਾਹੌਰ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ: ਸ਼ਾਹਬਾਜ਼ ਮਲਿਕ ਅਤੇ ਪਾਕਿਸਤਾਨੀ ਲੇਖਕ ਅਨਵਰ ਬੇਗ ਅਵਾਨ ।



'ਵਾਹ ਭਈ ਵਾਹ ਬਹੁਤ ਵਧੀਆ ਹੋ ਗਿਆ'' ਸਮਾਪਤੀ ਉਪਰੰਤ ਸਵਾਗਤ ਸੰਮਤੀ ਦੇ ਕੁਝ ਮੈਂਬਰ ।
ਬੈਠੇ ਪਹਿਲੀ ਕਤਾਰ : ਅਵਤਾਰ ਜੌੜਾ, ਠਾਕਰ ਦਾਸ ਚਾਵਲਾ, ਗੁਰਮੀਤ ਪਲਾਹੀ, ਹਿਰਦੇਜੀਤ ਭੋਗਲ, ਮਹਿੰਦਰ ਭਟੀ ।
ਬੈਠੇ ਦੂਸਰੀ ਕਤਾਰ : ਮੇਜਰ ਸਰਵਨ ਸਿੰਘ ਜੌਹਲ

Sri Satguru Jagjit Singh Ji Elibrary NamdhariElibrary@gmail.com




ਕਾਮਰੇਡ ਭਗਤ ਸਿੰਘ ਬਿਲਗਾ ਜਨਰਲ ਸੱਕਤ੍ਰ ਦੇਸ਼ ਭਗਤ ਯਾਦਗਾਰ ਕਮੇਟੀ ਸੰਬੋਧਨ ਕਰਦੇ ਹੋਏ। ਮੁਖ ਮੰਤਰੀ ਨੇ ਦੇਸ਼ ਭਗਤ ਯਾਦਗਾਰ ਹਾਲ ਵਾਸਤੇ ਵੀ ਇਕ ਲਖ ਰੁਪਿਆ ਦੇਣ ਦਾ ਐਲਾਨ ਕੀਤਾ।

ਸ. ਈਸ਼ਰ ਸਿੰਘ ਅਟਾਰੀ ਸੋਵੀਨਰ ਦੀ ਕਾਪੀ ਮੁਖ ਮੰਤਰੀ ਨੂੰ ਭੇਟ ਕਰਦੇ ਹੋਏ। ਪਿਛੇ ਸ. ਰਘਬੀਰ ਸਿੰਘ ਅਤੇ ਪ੍ਰੋ: ਪ੍ਰੀਤਮ ਸਿੰਘ ਜੀ।





ਦਰਸ਼ਕਾਂ/ਡੈਲੀਗੇਟਾਂ ਦਾ ਦ੍ਰਿਸ਼ : ਪ੍ਰੋ: ਸੰਤ ਸਿੰਘ ਸੇਖੋ ਡਾ ਰੌਸ਼ਨ ਲਾਲ ਆਹੂਜਾ ਪ੍ਰੋ: ਪਿਆਰਾ ਸਿੰਘ ਭੋਗਲ, ਕਾਮਰਡ ਸੁਹੇਲ ਸਿੰਘ ਇਤਿਆਦਿਕ ਦਿਸ ਰਹੇ ਹਨ।

Sri Satguru Jagjit Singh Ji Elibrary NamdhariElibrary@gmail.com

# JANTA

# HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY
for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING, PRESSING & FASTENING

JEW

## JANTA ENGINEERING WORKS

G.T. ROAD, P.O. MOHAN NAGAR,
RAJINDER NAGAR, INDUSTRIAL AREA
GHAZIABAD (INDIA)
PHONE : 201286 (CONNECTED WITH DELHI)




Sri Satguru Jagjit Singh Ji Elibrary NamdhariElibrary@gmail.com

# ਹਾਰੋ

— ਜਸਵੰਤ ਸਿੰਘ ਵਿਰਦੀ

ਮੈਂ ਹਾਰੋ ਹਾਂ। ਦਰਿਆ ਸਿੰਧ ਦਾ ਸਹਾਇਕ ਦਰਿਆ। ਪਰ ਲੋਕਾਂ ਲਈ ਮਿੱਠੇ ਪਾਣੀ ਦੀਆਂ ਬਰਕਤਾਂ ਅਤੇ ਨਿਆਮਤਾਂ ਲਿਆ ਕੇ ਦੇਣ ਵਾਲਾ। ਦੁਧੀਏ ਪਾਣੀ ਦੀ ਧਾਰ ਨੂੰ ਤੁਸੀ ਦੂਰੋਂ ਹੀ ਪਛਾਣ ਸਕਦੇ ਹੋ।

ਦਰਿਆ ਸਿੰਧੁ ਦੇ ਪਾਣੀਆਂ ਵਿਚ ਜਿਹੜੀ ਰਵਾਨੀ ਅਤੇ ਨੀਲਾਹਟ ਨਜ਼ਰ ਆਉਂਦੀ ਹੈ, ਉਸ ਵਿਚ ਮੇਰਾ ਵੀ ਹਿੱਸਾ ਹੈ। ਪਰ, ਬਹੁਤ ਸਾਰੇ ਵਿਦੇਸ਼ੀ ਭੂਗੋਲ ਸ਼ਾਸਤਰੀਆਂ ਨੇ ਮੈਨੂੰ ਇਕ ਬਰਸਾਤੀ ਨਦੀ ਕਹਿਕੇ ਹੀ ਕਨਾਇਤ ਕਰ ਲਈ ਹੈ। ਉਸ ਨਾ ਤੇ ਸਿੰਧੁ ਨੂੰ ਜਾਣਦੇ ਸਨ, ਅਤੇ ਨਾ ਹੀ ਮੈਨੂੰ।

ਸਿੰਧੁ ਦਰਿਆ ਜਦੋਂ ਗਹਿਰੀਆਂ ਖੱਡਾਂ ਵਿਚੋਂ ਨਿਕਲਕੇ ਕਾਲਾਬਾਗ ਦੇ ਨੇੜੇ ਪੁਜਦਾ ਹੈ ਤਾਂ ਉਸ ਦੇ ਸੱਜੇ ਹੱਥ ਤੁਹਾਨੂੰ ਪਿਸ਼ਾਵਰ ਅਤੇ ਕੋਹਾਟ ਦੀਆਂ ਵਾਦੀਆਂ ਨਜ਼ਰ ਆਉਂਦੀਆਂ ਨੇ, ਅਤੇ ਖੱਬੇ ਹੱਥ ਅੱਟਕ ਅਤੇ ਮੀਆਂਵਾਲੀ ਦਾ ਖੇਤਰ। ਨੌਸ਼ਹਿਰਾ-ਹਚਾਂਰਾ ਵਲੋਂ ਉਹਦੇ ਨਾਲ ਕਾਬੁਲ ਰਲਦਾ ਹੈ ਤੇ ਖ਼ੱਬੇ ਪਾਸਿਉਂ ਸੁਹਾਂ ਅਤੇ ਦੂਜਾ ਮੈਂ, ਹਾਰੋ।

ਖੁਸ਼ਹਾਲਗੜ੍ਹ ਨੇੜੇ ਸਿੰਧੁ ਉਪਰ ਜਿਹੜਾ ਰੇਲਵੇ ਲਾਈਨ ਦਾ ਪੁਲ ਬਣਿਆ ਹੋਇਆ ਹੈ, ਉਸ ਉਪਰ ਖਲੋਕੇ ਵੀ ਤੁਸੀਂ ਲੋਕ ਸਾਡਾ ਨਜ਼ਾਰਾ ਕਰ ਸਕਦੇ ਹੋ।

ਸਿੰਧ ਦੇ ਉੱਤਰ ਵਲੋਂ ਕਾਬੁਲ ਅਤੇ ਪਿਸ਼ਾਵਰ ਦੀ ਵਾਦੀ ਵਿਚੋਂ ਬਹੁਤ ਸਾਰੇ ਦਰਿਆਵਾਂ ਦਾ ਪਾਣੀ ਸਿੰਧੁ ਵਿਚ ਆਕੇ ਡਿਗਦਾ ਹੈ, ਪਰ ਸਿੰਧੁ ਨੂੰ ਸਭ ਤੋਂ ਵਧ ਮਾਣ ਹੈ ਪੰਜਾਬ ਦੇ ਪੰਜ ਦਰਿਆਵਾਂ ਦਾ, ਜਿਹੜੇ ਕਿ ਪੰਜਨਦ ਦੇ ਰੂਪ ਵਿਚ ਮਿਠਨ ਕੋਟ ਕੋਲ ਸਿੰਧੁ ਵਿਚ ਰਲਦੇ ਨੇ। ਇਹ ਦਰਿਆ ਸਿੰਧੁ ਦੀ ਜ਼ਿੰਦ ਜਾਨ ਹਨ।



ਪਰ ਲੋਕ ਇਹ ਗੱਲ ਭੁੱਲ ਜਾਂਦੇ ਨੇ ਕਿ ਸਿੰਧੁ ਦੇ ਵਹਾਅ ਨਾਲ ਖੱਬੇ ਪਾਸਿਉਂ ਮੈਂ ਅਤੇ ਸੁਹਾਂ ਵੀ ਉਸ ਦੇ ਅੰਗ ਬਣਦੇ ਹਾਂ। ਉਹਦੇ ਸਾਹਵਾਂ ਨਾਲ ਰਲਦੇ ਹਾਂ ਅਤੇ ਉਹਦੇ ਨਾਲ-ਨਾਲ ਸਮੁੰਦਰ ਤਕ ਪੁਜਦੇ ਹਾਂ।

ਸੁਹਾਂ ਪੋਠੋਹਾਰ ਵਾਲਿਆਂ ਦੀ ਦਿਲਕਸ਼ ਨਦੀ ਹੈ ਅਤੇ ਉਸ ਨੂੰ ਲੋਕਾਂ ਨੇ ਜ਼ਬਾਨੀ ਵੀ, ਅਤੇ ਸਾਹਿਤ ਦੀਆਂ ਲਿਖਤਾਂ ਰਾਹੀਂ ਵੀ, ਕਾਫੀ ਪਿਆਰ ਕੀਤਾ ਹੈ। ਪਰ ਜਦੋਂ ਮੇਰਾ ਜ਼ਿਕਰ ਆਉਂਦਾ ਹੈ ਤਾਂ ਲੋਕ ਜਿਵੇਂ ਖਾਮੋਸ਼ ਹੀ ਹੋ ਜਾਂਦੇ ਨੇ। ਕੀ ਇਹ ਸਾਜ਼ਿਸ਼ ਹੈ ?...ਮੈਂ ਨਹੀਂ ਕਹਿਣਾ।

ਹਾਂ, ਕੁਝ ਲੋਕਾਂ ਨੇ ਮੇਰੇ ਬਾਰੇ ਲਿਖਿਆ ਹੈ, ਪਰ ਕੀ ਉਹੋ ਹੀ ਕਾਫੀ ਹੈ ?

ਸ਼ਾਇਦ ਇਸ ਦਾ ਕਾਰਣ ਇਹ ਹੋਵੇ ਕਿ ਮੇਰੇ ਪਾਣੀ ਨੇੜੇ ਵੱਸਣ ਵਾਲੇ ਲੋਕਾਂ ਵਿਚੋਂ ਲੇਖਕ ਅਤੇ ਕਲਾਕਾਰ ਥੋੜੇ ਸਨ, ਅਤੇ ਜੰਗਜੂ ਬਹੁਤੇ।.. ਤੁਸੀਂ ਜਾਣਦੇ ਹੀ ਹੋ,



Sri Satguru Jagjit Singh Ji Elibrary NamdhariElibrary@gmail.com

ਜਦੋਂ ਤਕ ਕਿਸੇ ਦਰਿਆ ਬਾਰੇ ਕੋਈ ਲੇਖਕ ਕੁਝ ਨਾ ਲਿਖੇ, ਉਸ ਦੀ ਵਡਿਆਈ ਸਾਹਮਣੇ ਨਹੀਂ ਆਉਂਦੀ।

ਜੀ ਹਾਂ, ਸਭ ਤੋਂ ਪਹਿਲਾਂ ਰਿਗ ਵੇਦ ਦੇ ਸਿਰਜਣਹਾਰਿਆਂ ਨੇ ਨਦੀ ਸਤੁਤੀ ਖੰਡ ਵਿਚ ਮੇਰਾ ਜਿਕਰ ਕੀਤਾ ਹੈ, ਅਤੇ ਉਨ੍ਹਾਂ ਨੇ ਮੈਨੂੰ ਅਰਜੀਕੀਆ ਕਹਿਕੇ ਪੁਕਾਰਿਆ ਹੈ। ਇਸ ਦਾ ਕਾਰਣ ਸ਼ਾਇਦ ਇਹ ਹੋਵੇ ਕਿ ਜਿਨ੍ਹਾਂ ਪਹਾੜਾਂ ਵਿਚੋਂ ਮੇਰਾ ਸੋਮਾ ਆਰੰਭ ਹੁੰਦਾ ਹੈ, ਉਨ੍ਹਾਂ ਦਾ ਨਾਂ ਵੀ ਉਦੋਂ ਆਰਜ਼ੀਕੀਆ ਪਰਬਤ ਹੀ ਸੀ। ਸੁਹਾਂ ਵੀ ਤਾਂ ਸੁਸ਼ੋਮਾ ਪਰਬਤ ਵਿਚੋਂ ਨਿਕਲਣ ਕਰਕੇ ਸੁਸ਼ੋਮਾ ਅਤੇ ਬਦਲੇ ਹੋਏ ਪੰਜਾਬੀ ਰੂਪ ਵਿਚ ਸੁਹਾਂ ਬਣੀ ਹੈ। ਮੈਂ ਹਾਰੋ ਕਿਵੇਂ ਬਣਿਆਂ ?...ਇਹ ਤੁਸੀਂ ਹੀ ਦਸੋ। ਤੁਸੀ ਵੀ ਤਾਂ ਮੈਨੂੰ ਵਿਦਵਾਨ ਹੀ ਪ੍ਰਤੀਤ ਹੁੰਦੇ ਹੋ।

ਰਿਗ ਵੇਦ ਦੇ ਵਿਦਵਾਨ ਰਚਨਹਾਰਿਆਂ ਨੇ ਮੈਨੂੰ ਅਤੇ ਸੁਹਾਂ ਨੂੰ ਇਕੋ ਹੀ ਸੂਰਤ ਵਿਚ ਕੁਝ ਇਸ ਤਰ੍ਹਾਂ ਪੇਸ਼ ਕੀਤਾ ਕਿ ਮਗਰਲੇ ਅੱਧ-ਪੜ੍ਹ ਲੋਕਾਂ ਨੂੰ ਕਾਫੀ ਭੁਲੇਖਾ ਪੈ ਗਿਆ। ਯਾਸਕ ਵਰਗੇ ਕਈ ਵਿਦਵਾਨਾਂ ਨੇ ਵੀ ਸੁਹਾਂ ਨੂੰ ਸਿੰਧੂ ਦਰਿਆ ਕਹਿਕੇ ਚਰਚਾ ਕੀਤੀ, ਅਤੇ ਮੈਨੂੰ ਉਸਨੇ ਵਿਪਾਸ਼ਾ ਜਾਂ ਬਿਆਸ ਬਣਾ ਦਿਤਾ। ਕਿੱਡੀ, ਭੁੱਲ ਸੀ।...ਪਤਾ ਨਹੀਂ ਉਹਨੇ ਕਦੀ ਸਿੰਧੂ ਦੇ ਦਰਸ਼ਨ ਕੀਤੇ ਹੋਣਗੇ ਕਿ ਨਹੀਂ। ਮੈਨੂੰ ਤਾਂ ਲਗਦਾ ਹੈ ਕਿ ਉਹਨੂੰ ਪੰਜਾਬ ਦੇ ਭੂਗੋਲ ਦਾ ਵੀ ਕੋਈ ਗਿਆਨ ਨਹੀਂ ਸੀ। ਨਹੀਂ ਤਾਂ, ਕਿਥੇ ਸਿੰਧੂ ਅਤੇ ਕਿਥੇ ਬਿਆਸ।

ਪਰ ਯਾਸਕ ਦੇ ਇਸ ਭੁਲੇਖੇ ਨਾਲ ਵਿਦਵਾਨਾਂ ਵਿਚ ਇਕ ਦਿਲਚਸਪ ਬਹਿਸ ਜਰੂਰ ਸ਼ੁਰੂ ਹੋਈ ਰਹੀ ਹੈ, ਜਿਸ ਮੇਰੇ ਨਾਂ ਨੂੰ ਵੀ ਵਾਰ-ਵਾਰ ਦੁਹਰਾਇਆ ਜਾਂਦਾ ਸੀ। ਮੈਂ ਸੋਚਦਾ ਸਾਂ ਕਿ ਸੁਹਾਂ ਬਾਰੇ ਤਾਂ ਮੋਹਨ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਬਣਜਾਰਾ ਬੇਦੀ ਨੇ ਹੀ ਕਾਫੀ ਲਿਖ ਦਿਤਾ ਹੈ। ਉਹਦੇ ਨਾਲ ਤਾਂ ਕਈ ਗੀਤ ਵੀ ਨੱਥੀ ਹੋ ਗਏ ਨੇ। ਚਲੋ, ਸਾਡਾ ਨਾਂ ਵੀ ਕਿਸੇ ਨਾ ਕਿਸੇ ਤਰ੍ਹਾਂ ਚਰਚਾ ਦਾ ਵਿਸ਼ਾ ਬਣ ਹੀ ਗਿਆ।

ਮੈਂ ਤੁਹਾਨੂੰ ਦਸਾਂ। ਬੰਦੇ ਦੀ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ। ਭਾਵੇਂ ਇਹ ਚਰਚਾ ਕਿਸੇ ਗਲਤ ਗੱਲ ਨੂੰ ਲੈ ਕੇ ਹੀ ਹੋਵੇ। ਚਰਚਾ ਦਾ ਹਰ ਤਰ੍ਹਾਂ ਨਾਲ ਲਾਭ ਹੀ ਹੁੰਦਾ ਹੈ। ਚਰਚਾ ਤੋਂ ਬਗੈਰ ਚੰਗਾ ਗੁਣ ਵੀ ਸਾਹਮਣੇ ਨਹੀਂ ਆਉਂਦਾ।...ਹੁਣ ਜੇਕਰ ਮੇਰੀ ਮਾੜੀ ਮੋਟੀ ਚਰਚਾ ਨਾ ਹੋਈ ਹੁੰਦੀ ਤਾਂ ਤੁਸੀਂ ਮੇਰੀ ਗੱਲ ਸੁਣਨ ਲਈ ਕਿਥੇ ਰੁਕਣਾ ਸੀ।

ਚਲੋ, ਤੁਸੀਂ ਤਾਂ ਰੁਕ ਹੀ ਜਾਂਦੇ, ਤੁਹਾਡੇ ਵਰਗੇ ਕਈ ਹੋਰ ਵਿਦਵਾਨ ਵੀ ਤਾਂ ਮੇਰੇ ਪਾਣੀਆਂ ਨੂੰ ਪੀ ਕੇ ਜਵਾਨੀ ਚੜ੍ਹੇ ਨੇ। ਪਰ ਉਹ ਲੋਕ ਸੋਹਣੀਆਂ ਕੁੜੀਆਂ ਦੇ ਇਲਾਵਾ ਹੋਰ ਕਿਸੇ ਵੀ ਚੀਜ਼ ਵਿਚ ਪੂਰੀ ਤਰ੍ਹਾਂ ਦਿਲਚਸਪੀ ਨਹੀਂ ਲੈਂਦੇ। ਸ਼ਾਇਦ, ਇਹ ਉਮਰ, ਉਮਰ ਦਾ ਤਕਾਜ਼ਾ ਹੋਵੇ।

ਹਾਂ ਜੀ, ਮੇਰਾ ਪ੍ਰਭਾਵ ਖ਼ੇਤਰ ਜੇਹਲਮ ਦੇ ਉੱਤਰ-ਪਛਮ ਵਿਚ ਹੈ। ਸੁਹਾਂ ਮੇਰੇ ਨਾਲੋਂ ਪੂਰਬ ਵਿਚ ਹੈ ਅਤੇ ਮੈਂ ਉਸ ਤੋਂ ਉੱਤਰ ਵਲ ਨੂੰ ਹਾਂ। ਮੈਂ ਤੁਹਾਨੂੰ ਪਹਿਲਾਂ ਵੀ ਦਸਿਆ ਹੈ ਕਿ ਮੇਰੀ ਧਾਰ ਪੂਰਬ ਵਲੋਂ ਪਛਮ ਨੂੰ ਵਗਦੀ ਹੈ।

ਮੇਰੇ ਪਾਣੀਆਂ ਕੋਲ ਖਲੋਕੇ ਤੁਸੀਂ ਗੁਰੂ ਨਾਨਕ ਦੀ ਚਰਨ-ਛੋਹ ਨਾਲ ਪਵਿਤਰ ਕੀਤੀ ਹੋਈ ਧਰਤੀ ਹਸਨ ਅਬਦਾਲ ਵੀ ਵੇਖ ਸਕਦੇ ਹੋ ਅਤੇ ਕੈਂਪਬੈਲਪੁਰ ਦੀ ਛਾਉਣੀ ਵੀ। ਪੰਜਾ ਸਾਹਿਬ ਦੀ ਯਾਤਰਾ ਤਾਂ ਤੁਸਾਂ ਕਈ ਵਾਰ ਕੀਤੀ ਹੋਵੇਗੀ।

ਸੁਹਾਂ ਅਤੇ ਮੈਂ, ਅਜ ਦੋਵੇਂ ਹੀ ਸਿੰਧੂ ਦੇ ਸਹਾਇਕ ਬਣੇ ਹੋਏ ਹਾਂ, ਪਰ ਮੈਂ ਤੁਹਾਨੂੰ ਦਸਾਂ।...ਜਦੋਂ ਰਿਗ ਵੇਦ ਦੀ ਰਚਨਾ ਹੋ ਰਹੀ ਸੀ, ਉਦੋਂ ਮੈਂ ਸਿੰਧੂ ਦਾ ਸਹਾਇਕ ਦਰਿਆ ਨਹੀਂ ਸਾਂ, ਸਗੋਂ ਦੇਸ਼ ਦੇ ਸੱਤ ਮਹਾਨ ਦਰਿਆਵਾਂ, ਸਰਸਵਤੀ, ਜਮਨਾ, ਸਿੰਧ, ਤੇ ਗੰਗਾ ਆਦਿ ਵਾਂਗ ਮੈਂ ਵੀ ਬੜਾ ਵੱਡਾ ਦਰਿਆ ਸਾਂ ਅਤੇ ਸਿੱਧਾ ਸਮੁੰਦਰ ਤਕ ਪੁਜਦਾ ਸਾਂ।

ਹੁਣ ਉਨ੍ਹਾਂ ਦਿਨਾਂ ਦੀ ਕੀ ਗੱਲ ਕਰਦੇ ਹੋ।
ਹਾਏ ਉਹ ਦਿਨ।
ਕਿਧਰ ਗਏ ਉਹ ਦਿਨ।

ਉਨ੍ਹਾਂ ਦਿਨਾਂ ਵਿਚ ਸੁਹਾਂ ਮੇਰਾ ਉਸੇ ਤਰ੍ਹਾਂ ਹੀ ਸਹਾਇਕ ਦਰਿਆ ਸੀ ਜਿਵੇਂ ਕਿ ਬਿਆਸ, ਸਤੁਲਜ ਦਾ ਅਤੇ ਰਾਵੀ ਤੇ ਜੇਹਲਮ, ਚਿਨਾਬ ਦੇ ਸਹਾਇਕ ਦਰਿਆ ਹਨ।



Sri Satguru Jagjit Singh Ji Elibrary NamdhariElibrary@gmail.com

ਗਵਾਹੀ ?

ਮੇਰੇ ਨਾਲੋਂ ਵਧੀਆ ਹੋਰ ਕੌਣ ਗਵਾਹੀ ਦੇ ਸਕਦਾ ਹੈ ? ਮੈਂ ਅਦਾਲਤਾਂ ਵਿਚ ਪੇਸ਼ ਹੋਣ ਵਾਲਾ ਗਵਾਹ ਤਾਂ ਨਹੀਂ ।

ਉਨ੍ਹਾਂ ਦਿਨਾਂ ਵਿਚ ਸਾਡਾ ਰਾਹ ਹੋਰ ਵੀ ਦਖਣ ਵਲ ਨੂੰ ਸੀ, ਅਤੇ ਲੂਣੇ ਪਰਬਤ ਦੇ ਨੇੜੇ, ਮੀਆਂਵਾਲੀ ਦੇ ਖੇਤਰ ਵਿਚੋਂ ਸਾਡੀ ਸੰਯੁਕਤ ਧਾਰ ਦਾ ਵਹਾਅ ਸੀ ।

ਹਾਂ, ਬਿਲਕੁਲ । ਰਿਗ ਵੇਦ ਦੇ ਸਮੇਂ ਦਾ ਭੂਗੋਲ ਲਿਖਣ ਵਾਲੇ ਵਿਦਵਾਨ ਮਨੋਹਰ ਲਾਲ ਭਾਰਗਵ ਨੇ ਕਾਫੀ ਹੱਦ ਤਕ ਠੀਕ ਲਿਖਿਆ ਹੈ । ਤੁਸੀਂ ਉਥੇ ਵੀ ਮੈਨੂੰ ਜਾਣਿਆ ਹੈ ? ਇਸ ਗੱਲ ਦੀ ਮੈਨੂੰ ਖੁਸ਼ੀ ਹੈ ।

ਡਾ: ਮਨੋਹਰ ਲਾਲ ਭਾਰਗਵ ਫੌਜ ਵਿਚ ਡਾਕਟਰ ਸੀ ਪਰ ਦੇਸ਼ ਦੀ ਧਰਤੀ ਅਤੇ ਦਰਿਆਵਾਂ ਦੀ ਦਿਲਕਸ਼ ਜ਼ਿੰਦਗੀ ਨੇ ਉਸ ਦੇ ਮਨ ਵਿਚ ਪਤਾ ਨਹੀਂ ਕਿਵੇਂ ਏਨੀ ਪ੍ਰਬਲ ਲਗਨ ਪੈਦਾ ਕਰ ਦਿਤੀ ਕਿ ਉਹਨੇ ਰਿਗ ਵੇਦ ਅਤੇ ਹੋਰ ਪੁਰਾਤਨ ਗ੍ਰੰਥਾਂ ਵਿਚ ਬਿਆਨ ਕੀਤਾ ਹੋਇਆ (ਖਾਸ ਕਰਕੇ ਰਿਗ ਵੇਦ ਵਿਚ ਬਿਆਨ ਕੀਤਾ ਹੋਇਆ) ਭੂਗੋਲ ਬੜੀ ਬਰੀਕਬੀਨੀ ਅਤੇ ਸੂਝ ਨਾਲ ਪੇਸ਼ ਕੀਤਾ ਹੈ । ਅਜ ਸਪੱਤ ਸਿੰਧੂ ਖੇਤਰ ਦੀਆਂ ਕੁਝ ਨਦੀਆਂ ਦੇ ਵਹਿਣ ਬਦਲ ਗਏ ਨੇ, ਪਰ ਡਾਂ: ਭਾਰਗਵ ਦੀ ਮਿਹਨਤ ਸਫਲ ਹੈ ।

ਮੀਆਂਵਾਲੀ ਦੇ ਖੇਤਰ ਵਿਚ, ਲੂਣੇ ਪਰਬਤ ਨੇੜੇ ਝੀਲ਼ਦੇ ਪਾੜ ਵਿਚ ਮੇਰੇ ਪੁਰਾਤਨ ਰਾਹ ਨੂੰ ਅਜ ਵੀ ਪਛਾਣਿਆ ਜਾ ਸਕਦਾ ਹੈ । ਤੁਸਾਂ ਪਛਾਣ ਲਿਆ ਸੀ ?... ਮਿਹਰਬਾਨੀ ।

ਇਸ ਤਰ੍ਹਾਂ ਦੀ ਤਬਦੀਲੀ ਦਾ ਕਾਰਣ ?

ਧਰਤੀ ਦੀ ਉਥਲ ਪੁਥਲ ਨਾਲ ਭੂਗੋਲਿਕ ਸਥਿਤੀ ਬਦਲ ਜਾਂਦੀ ਹੈ, ਜਿਵੇਂ ਕਿ ਜ਼ਮਾਨੇ ਦੇ ਹਾਲਾਤ ਨਾਲ ਲੋਕਾਂ ਦੇ ਦਿਲ ਬਦਲ ਜਾਂਦੇ ਨੇ । ਨਹੀਂ ?

ਲੂਣੇ ਪਰਬਤ ਵਿਚ ਜਿਹੜੀ ਝੀਲ ਹੈ, ਉਸ ਬਾਰੇ ਪੁਛਦੇ ਹੋ ?

ਕਹਿੰਦੇ ਨੇ ਕਿ ਜਦੋਂ ਸ਼ਿਵਜੀ ਆਪਣੀ ਪਤਨੀ ਓਮਾ ਦੇ ਸੱਤੀ ਹੋ ਜਾਣ ਕਾਰਣ ਦੁੱਖੀ ਸੀ ਤਾਂ ਉਹਦੀਆਂ ਅੱਖਾਂ ਵਿਚੋਂ ਜਿਹੜੇ ਹੰਝੂ ਡਿਗੇ ਸਨ, ਉਨ੍ਹਾਂ ਨਾਲ ਹੀ ਪੁਸ਼ਕਰ (ਅਜਮੇਰ) ਅਤੇ ਪੰਜਾਬ ਦੇ ਲੂਣੇ ਪਰਬਤ (ਜੇਹਲਮ) ਦੀ ਝੀਲ ਬਣੀ ਸੀ । ਹਾਲੇ ਤਕ ਨਾ ਤੇ ਧਰਤੀ ਤੋਂ ਸਤੀ ਓਮਾ ਦਾ ਵਿਰਾਗ ਹੀ ਮੁਕਿਆ ਹੈ ਅਤੇ ਨਾ ਹੀ ਸ਼ਿਵਜੀ ਦੇ ਹੰਝੂ ਹੀ ਸੁੱਕੇ ਨੇ...ਇਨ੍ਹਾਂ ਝੀਲਾਂ ਵਿਚ ਮਿੱਠਤ ਕਿਥੋਂ ਆਵੇ ?

ਕੀ ਕਿਹਾ ?...ਹਾਂ, ਧਰਤੀ ਦੀ ਇਸ ਉਥਲ ਪੁਥਲ ਨਾਲ ਹੀ ਮੇਰਾ ਅਤੇ ਸੁਹਾਂ ਦਾ ਰਾਹ ਵੀ ਬਦਲ ਗਿਆ । ਮੇਰਾ ਲਮੇਰਾ ਪੈਂਡਾ ਛੋਟਾ ਹੋਕੇ, ਮੰਜ਼ਲ ਸਿੰਧੂ ਦੇ ਪਾਣੀਆ ਤਕ ਸੀਮਿਤ ਹੋ ਗਈ, ਅਤੇ ਸੁਹਾਂ ਦੀ ਧਾਰ ਵੀ ਮੇਰੀ ਗਲਵਕੜੀ ਵਿਚੋਂ ਨਿਕਲ ਕੇ ਸਿੰਧੂ ਨਾਲ ਜਾ ਲਗੀ ।

ਇਸ ਗੱਲ ਦਾ ਗਿਲਾ ?

ਕਿਸ ਤੇ ?

ਤੁਸੀਂ ਜੇਕਰ ਮੇਰੇ ਕੋਲੋਂ ਸਭ ਕੁਝ ਸੁਣ ਕੇ, ਸਮਝਕੇ ਮੈਨੂੰ ਅਣਡਿਠ ਕਰਕੇ ਵੀ ਚਲੇ ਜਾਵੋ, ਤਦ ਵੀ ਕਾਹਦਾ ਗਿਲਾ ?

ਮਾਰਕੰਡੇ ਪੁਰਾਣ ਵਿਚ ਇਕ ਥਾਂ ਆਉਂਦਾ ਹੈ :

'ਸਭੇ ਦਰਿਆ ਪਵਿਤਰ ਨੇ...ਸਾਰੇ ਹੀ ਸਮੁੰਦਰ ਵਲ ਨੂੰ ਜਾਂਦੇ ਨੇ ।...

ਸਭੇ ਦਰਿਆ ਵਿਸ਼ਵ ਦੇ ਲੋਕਾਂ ਲਈ ਮਾਵਾਂ ਵਾਂਗ ਨੇ । ਇਨ੍ਹਾਂ ਨਾਲ ਸਭੇ ਹੀ ਪਾਪ ਧੋਤੇ ਜਾਂਦੇ ਨੇ ।'

ਤੁਸਾਂ ਪੜ੍ਹੀ ਹੈ ਇਹ ਗੱਲ ?

ਵਾਹਵਾ । ਮੈਨੂੰ ਲਗਦਾ ਹੈ ਕਿ ਤੁਹਾਨੂੰ ਵੀ ਰਾਵਿੰਦਰ ਨਾਥ ਟੈਗੋਰ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਵਾਂਗ ਦੇਸ਼ ਦੇ ਦਰਿਆਵਾਂ ਨਾਲ ਕਾਫੀ ਮੁੱਹਬਤ ਹੈ ।...ਇਹ ਮੁੱਹਬਤ ਬੜੀ ਨਿਘੀ ਸ਼ੈ ਹੈ ਮੇਰੇ ਦੋਸਤ । ਇਹ ਜ਼ਿੰਦਗੀ ਦੇ ਰਾਹਵਾਂ ਨੂੰ ਰੌਸ਼ਨ ਰਖਦੀ ਹੈ ।

ਸੁਹਾਂ ਨਦੀ ਮੇਰੀ ਸਹਾਇਕ ਨਦੀ ਸੀ ਪਰ ਹੁਣ ਉਹ ਸਿੰਧੂ ਦੇ ਅੰਗ ਜਾ ਲਗਦੀ ਹੈ । ਫੇਰ ਵੀ ਮੈਨੂੰ ਉਹਦੇ ਨਾਲ



Sri Satguru Jagjit Singh Ji Elibrary NamdhariElibrary@gmail.com

ਮੋਹ ਹੈ। ਖਾਸ ਕਰਕੇ ਇਸ ਲਈ ਕਿ ਉਹਦੇ ਪਾਣੀਆਂ ਦੁਆਲੇ ਵਸਣ ਵਾਲੇ ਪੋਠੋਹਾਰੀ ਲੋਕਾਂ ਨੇ ਸ਼ਾਹਿਤ ਵਿਚ ਵੀ ਉਹਦੀ ਜੀਵੰਤ ਧਾਰ ਨੂੰ ਸਾਕਾਰ ਕਰ ਦਿਤਾ ਹੈ।

ਪਰ ਮੇਰੇ ਨਾਲ ਇਸ ਤਰ੍ਹਾਂ ਨਹੀਂ ਹੋ ਸਕਿਆ। ਕਿਉਂਕਿ ਮੇਰਾ ਪਾਣੀ ਪੀਣ ਵਾਲੇ ਬਹੁਤੇ ਲੋਕ ਨੀਮ ਕਬਾਇਲੀ ਹੀ ਨੇ, ਅਤੇ ਉਨ੍ਹਾਂ ਵਿਚ ਉਹ ਸ਼ਊਰ ਤੇ ਸੂਝ ਨਹੀਂ ਜੋਕਿ ਪੋਠੋਹਾਰੀਆਂ ਵਿਚ ਹੈ। ਮੇਰੇ ਲੋਕਾਂ ਨੂੰ ਧਰਤੀ ਨਾਲ ਮੋਹ ਹੈ, ਪਰ ਹਾਲੇ ਤਕ ਆਪਣੀ ਜ਼ੁਬਾਨ ਨਾਲ ਮੋਹ ਨਹੀਂ, ਅਦਬ ਨਾਲ ਕਿਵੇਂ ਹੋ ਸਕਦਾ ਹੈ? ਉਂਜ ਉਹ ਅਣਖੀਲੇ ਬੜੇ ਨੇ, ਤੇ ਕੋਈ ਵੀ ਬਾਦਸ਼ਾਹੀ ਉਨ੍ਹਾਂ ਨੂੰ ਆਪਣੇ ਅਧੀਨ ਨਹੀਂ ਰਖ ਸਕਦੀ।

ਜੀ ਹਾਂ, ਇਥੇ ਪੁਸ਼ਤੋ, ਲਹਿੰਦਾ ਅਤੇ ਅਵਾਕੜੀ ਜ਼ਬਾਨ ਹੀ ਬੋਲੀ ਜਾਂਦੀ ਹੈ। ਮੈਂ ਤੁਹਾਨੂੰ ਆਪਣੇ ਇਲਾਕੇ ਦੇ ਕਈ ਲੋਕ ਗੀਤ ਸੁਣਾ ਸਕਦਾ ਹਾਂ। (ਕੁਝ ਲੋਕ ਪੰਜਾਬੀ ਨੂੰ ਵੀ ਮੂੰਹ ਮਾਰਦੇ ਨੇ...ਜੋ ਕਿ ਲਹਿੰਦੀ ਨਾਲੋਂ ਵਖਰੀ ਹੈ।

ਹੋਰ ਕਿਸੇ ਕਵੀ ਦੇ ਗੀਤ ਸੁਣਾਵਾਂ ?

ਉਹ ਮੈਨੂੰ ਚੇਤੇ ਨਹੀਂ। ਅਜਕਲ ਦੇ ਕਵੀ ਜਿਸ ਤਰ੍ਹਾਂ ਦੀ ਉਲਝੀ ਹੋਈ ਅਤੇ ਔਖੀ ਜ਼ਬਾਨ ਵਿਚ ਲਿਖਦੇ ਨੇ, ਉਹਨੂੰ ਕਿਵੇਂ ਸਮਝਿਆ ਜਾਵੇ ?..ਮੈਨੂੰ ਤਾਂ ਬਿਲਕੁਲ ਹੀ ਸਮਝ ਨਹੀਂ ਆਉਂਦੀ। ਇਹ ਲੋਕ ਦਿਲਾਂ ਦੀ ਗੱਲ ਨਹੀਂ ਕਰ ਸਕਦੇ ?

ਉਂਜ ਸਮਝਣ ਨੂੰ ਤਾਂ ਵਿਦਵਾਨਾਂ ਨੇ ਸਿੰਧੂ ਦੀ ਵਾਦੀ ਵਿਚੋਂ ਲਭਣ ਵਾਲੀ ਪੁਰਾਤਨ ਹੜੱਪਾ ਅਤੇ ਮੋਹਿੰਜੋਦਾਰੋ ਦੀ ਸੰਸਕ੍ਰਿਤੀ ਨੂੰ ਵੀ ਸਮਝ ਲਿਆ ਹੈ। ਹੜੱਪਾ ਅਤੇ ਮੋਹਿੰਜੋਦਾਰੋ ਦੇ ਲੋਕ ਸਾਡੇ ਪਾਣੀਆਂ ਨੇੜੇ ਹੀ ਪਲੇ ਅਤੇ ਸੂਰਮੇ ਬਣੇ ਸਨ।

ਕੁਝ ਲੋਕਾਂ ਦਾ ਵਿਚਾਰ, ਹੈ ਕਿ ਉਹ ਵੀ ਆਰੀਆ ਲੋਕ ਹੀ ਸਨ ਅਤੇ ਕੁਝ ਹੋਰ ਉਨ੍ਹਾਂ ਨੂੰ ਆਰੀਆਂ ਤੋਂ ਪਹਿਲਾਂ ਦੇ ਲੋਕ ਕਹਿਕੇ ਖੁਸ਼ ਹੁੰਦੇ ਨੇ। ਪਰ ਇਹ ਹਕੀਕਤ ਹੈ ਕਿ ਉਨ੍ਹਾਂ ਦੀ ਸੰਸਕ੍ਰਿਤੀ ਵੈਦਿਕ ਜੁਗ ਦੀ ਹੀ ਸੰਸਕ੍ਰਿਤੀ ਹੈ।

ਮੈਂ ਆਪਣੇ ਬਾਰੇ ਹੋਰ ਕੁਝ ਕਹਾਂ ?

ਕੀ ਕਹਾਂ ?

ਜੇਕਰ ਤੁਸੀਂ ਮੈਨੂੰ ਮਿਲਣਾ ਹੋਵੇ ਤਾਂ ਤੁਹਾਨੂੰ ਕਾਲਾ ਬਾਗ ਅਤੇ ਮੀਆਂਵਾਲੀ ਦੇ ਖੇਤਰ ਦੀ ਵਾਦੀ ਵਿਚ ਆਉਣਾ ਪਵੇਗਾ।

ਮੈਂ ?...ਨਹੀਂ, ਮੈਂ ਤੁਹਾਡੇ ਕੋਲ ਨਹੀਂ ਆ ਸਕਦਾ। ਇਕ ਦਰਿਆ ਅਤੇ ਬੰਦੇ ਵਿਚ ਇਹੋ ਹੀ ਅੰਤਰ ਹੈ। ਬੰਦੇ ਲਈ ਕਾਰਜ ਖੇਤਰ ਅਸੀਮ ਹੈ, ਜਦੋਂ ਕਿ ਸਾਡੇ ਲਈ ਇਕ ਖਾਸ ਕਿਸਮ ਦੇ ਕਿਨਾਰਿਆਂ ਦੀ ਸੀਮਾ ਨਿਸਚਿਤ ਕਰ ਦਿਤੀ ਗਈ ਹੈ।

ਕੀ ਕਿਹਾ ?...ਕਈ ਦਰਿਆ ਕਿਨਾਰਿਆਂ ਦੀ ਸੀਮਾ ਨੂੰ ਨਹੀਂ ਸਵੀਕਾਰ ਕਰਦੇ ? ...ਠੀਕ ਹੈ, ਨਹੀਂ ਕਰਦੇ।

ਪਰ ਫੇਰ ਉਹ ਦਰਿਆ ਹੀ ਕਦੋਂ ਰਹਿਦੇ ਨੇ।

ਆਪਣੀ ਸੀਮਾ ਅੰਦਰ ਮਰਿਯਾਦਾ ਬੱਧ ਹੋ ਕੇ ਚਲਣ ਦਾ ਨਾਂ ਹੀ ਜ਼ਿੰਦਗੀ ਹੈ, ਭਾਵੇਂ ਉਹ ਦਰਿਆ ਦੀ ਜ਼ਿੰਦਗੀ ਹੀ ਕਿਉਂ ਨਾ ਹੋਵੇ।

ਤੁਹਾਡਾ ਕੀ ਖਿਆਲ ਹੈ ? ✶

੧੪੦ ਸੁਖਜੀਤ ਨਗਰ
ਕਪੂਰਥਲਾ

---

ਜਸਵੰਤ ਸਿੰਘ ਵਿਰਦੀ ਦੀਆਂ ਨਵੀਆਂ ਪੁਸਤਕਾਂ

**ਸੜਕਾਂ ਦਾ ਦਰਦ** (ਕਹਾਣੀਆਂ)

ਪੰਨੇ : ੧੫੨ ਮੁਲ : ੧੬ ਰੁ੦

ਪ੍ਰਕਾਸ਼ਨ : ਨਵ ਸਾਹਿਤ ਪ੍ਰਕਾਸ਼ਨ, ਅਮਰਕੋਟ (ਅਮ੍ਰਿਤਸਰ)

**ਜਸਵੰਤ ਸਿੰਘ ਵਿਰਦੀ ਕੀ ਪ੍ਰਤਿਨਿਧਿ ਕਹਾਨੀਆਂ**

(ਹਿੰਦੀ)

੪੧ ਕਹਾਣੀਆਂ ਪੰਨੇ . ੨੬੪ ਕੀਮਤ : ਰੁ: ੮-੧੦ ਪੈਸੇ

ਪ੍ਰਕਾਸ਼ਕ : ਭਾਸ਼ਾ ਵਿਭਾਗ ਪੰਜਾਬ ਪਟਿਆਲਾ।



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)



(SINGLE BARREL OR DOUBLE BARREL) 12 Bore Guns

**Once Purchased Ever Purchased**

AS

BEST QUALITY OF THE DAY

IS

OUR MOTTO

IN NEED CONTACT US FOR BARGAIN

WITH FULL CONFIDENCE



Sri Satguru Jagjit Singh Ji Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCRETE MIXER 7/5

Manufacturers of :

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**

Phones : Office : 529033
Factory : 501973
Resi. : 50:454

# BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI PHASE II
Opp. C-70 NEW DELHI-110006

Sri Satguru Jagjit Singh Ji Elibrary NamdhariElibrary@gmail.com

ਰੂ-ਬਰੂ

# ਅਨਵਰ ਬੇਗ ਅਵਾਨ ਨਾਲ ਇਕ ਮੁਲਾਕਾਤ

**ਮੁਲਾਕਾਤੀ : ਜੰਗ ਬਹਾਦਰ ਸਿੰਘ ਘਈ**

ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਿਲਵਰ ਜੁਬਲੀ ਕਾਨਫਰੰਸ ਵਿਚ ਵਕਤ ਸਿਰ ਦੋ ਅਤੇ ਫਿਰ ਬਾਦ ਵਿਚ ਤਿੰਨ ਲੇਖਕ ਪਾਕਿਸਤਾਨ ਤੋਂ ਇਥੇ ਜਲੰਧਰ ਪਹੁੰਚੇ। ਉਹਨਾਂ ਵਿਚੋਂ ਇਕ ਲੰਬੇ ਉੱਚੇ ਲਾਲ ਸੁਰਖ ਰੰਗ ਦੇ ਜਨਾਬ ਅਨਵਰ ਬੇਗ ਅਵਾਨ ਨਾਲ ਮੈਨੂੰ ਕੁਝ ਪਲ ਵੱਖਰੇ ਤੌਰ ਤੇ ਬੈਠਣ ਦਾ ਮੌਕਾ ਮਿਲਿਆ। ਅਵਾਨ ਸਾਹਿਬ ਪਾਕਿਸਤਾਨ ਦੇ ਵਿਦਿਅਕ ਵਿਭਾਗ 'ਚੋਂ ਡਿਪਟੀ ਡਾਇਰੈਕ-ਟਰ (ਕਾਲਜ) ਦੇ ਅਹੁਦੇ ਤੋਂ ਰਿਟਾਇਰ ਹੋਏ ਹਨ, ਉਮਰ ਹੁਣ ੬੦ ਸਾਲ ਤੇ ਰਿਹਾਇਸ਼ ੮੦-D, ਗਲੀ ਨੰ: ੬੦, ਇਸਲਾਮਾਬਾਦ ਰੱਖੀ ਹੈ। ਫਾਰਸੀ ਤੇ ਉਰਦੂ ਦੀ ਐਮ.ਏ. ਹਨ, ਪੰਜਾਬੀ ਸ਼ੁੱਧ ਪੋਠੋਹਾਰੀ ਬੋਲਦੇ ਹਨ, ਪਰ ਗੁਰਮੁਖੀ ਨਹੀਂ ਪੜ੍ਹ ਸਕਦੇ। ਅਨਵਰ ਬੇਗ ਅਵਾਨ ਦਾ ਜਨਮ ੧੯੨੦ ਵਿਚ ਭੌਨ ਤਹਿਸੀਲ ਚੱਕਵਾਲ, ਜ਼ਿਲਾ ਜੇਹਲਮ ਵਿਖੇ ਜਮਾਦਾਰ ਰਹਿਮਤ ਖਾਂ ਦੇ ਘਰ ਹੋਇਆ। ਉਹਨਾਂ ਦੀਆਂ ਹੁਣ ਤਕ ਠੋਸ ਸਾਹਿਤਕ ਕੰਮ ਦੀਆਂ ਛੇ ਕਿਤਾਬਾਂ ਛਪ ਚੁੱਕੀਆਂ ਹਨ :—

(੧) ਧਨੀ ਅਦਬ-ਵ-ਸਕਾਫਤ (ਇਸ ਵਿਚ ਧਨੀ ਦੇ ਇਲਾਕੇ ਦੇ ਲੋਕਾਂ ਦੇ ਸਾਹਿਤਕ ਕੰਮਾਂ ਦਾ ਲੇਖਾ ਜੋਖਾ ਕੀਤਾ ਗਿਆ ਹੈ।)

(੨) ਧਨ ਮਲੂਕੀ (ਇਹ ਧਨੀ ਦੇ ਇਲਾਕੇ ਦਾ ਫੋਕ ਲੇਅਰ ਹੈ।)

(੩) ਕਲਾਮੇ ਸ਼ਾਹ-ਮੁਰਾਦਖਾਨ ਪੁਰੀ (ਇਸ ਨੂੰ ਪਾਕਿ ਦੇ ਲੋਕ ਉਰਦੂ ਗਜ਼ਲ ਦਾ ਜਨਮ-ਦਾਤਾ ਮੰਨਦੇ ਹਨ ਤੇ ਇਸ ਦੀ ਮੌਤ ੧੭੦੭ ਈ: ਵਿਚ ਹੋਈ।)

(੪) ਬਿਹਾਰੀ ਮੁਸਲਮਾਨ (ਇਸ ਵਿਚ ਬਿਹਾਰੀਆਂ ਦੀ ਸਿਆਸੀ ਜ਼ਿੰਦਗੀ ਦੱਸੀ ਹੈ।)

(੫) ਰਾਵਲ ਪਿੰਡੀ ਸ਼ਹਿਰ ਦੀ ਤਹਿਰੀਖ।

(੬) ਸ਼ੀਹਰਫੀ ਮੁਰੀਦ ਹੁਸੈਨ।

? ਪਾਕਿ ਦੇ ਪੰਜਾਬੀ ਲੋਕ ਕਿਨ੍ਹਾਂ ਸਾਹਿਤਕ ਰਸਾਲਿਆਂ ਰਾਹੀਂ ਆਪਣੀ ਭੁੱਖ ਪੂਰੀ ਕਰਦੇ ਹਨ।

—ਫਨੂਨ, ਓਰਾਕ ਅਤੇ ਨਕੂਸ਼ ਪ੍ਰਸਿੱਧ ਰਸਾਲੇ ਹਨ, ਜੋ ਸਾਹਿਤਕ ਮੈਟਰ ਛਾਪਦੇ ਹਨ, ਰਸਾਲਾ ਇਹ ਛੇ-ਛੇ ਮਹੀਨੇ ਬਾਅਦ ਕਢਦੇ ਹਨ, ਪਰ ਉਸ ਤੇ ਪੂਰੀ ਪੂਰੀ ਮੇਹਨਤ ਕਰਦੇ ਹਨ।

? ਮੇਹਨਤ ਤੋਂ ਤੁਹਾਡਾ ਕੀ ਭਾਵ ਹੈ।

—ਸਾਡੀ ਛਪਾਈ ਤੁਹਾਡੇ ਭਾਰਤ ਵਿਚੋਂ ਗਏ ਰਸਾਲਿਆਂ ਤੋਂ ਕਿਤੇ ਵੱਧ ਚੰਗੀ ਹੁੰਦੀ ਹੈ।

? ਛਪਾਈ ਵਿਚ ਤਾਂ ਸਾਡੇ ਵੀ "ਨੀਲਮਣੀ", "ਆਰਸੀ", "ਪ੍ਰੀਤ ਲੜੀ" ਤੇ "ਅਕਸ" ਕਿਸੇ ਨਾਲੋਂ ਘੱਟ ਨਹੀਂ।

—ਫਿਰ ਇਹ ਮਿਆਰ ਦੇ ਪਖੋਂ ਸਾਡੇ ਨਾਲੋਂ ਪਿਛੇ ਰਹਿ ਜਾਂਦੇ ਹਨ, ਇਹ ਮਹੀਨੇ ਬਾਦ ਹੀ ਝਟ ਪਟ ਤਿਆਰ ਹੋਇਆ ਮੈਟਰ ਪ੍ਰੈਸ ਨੂੰ ਦੇ ਜਾਂਦੇ ਹਨ, ਜਦ ਕਿ ਉਧਰ ਛੇ ਮਹੀਨੇ ਮੈਟਰ ਦੀ ਕਾਂਟ ਛਾਂਟ ਤੇ ਵਧੀਆ ਪ੍ਰਿੰਟਿੰਗ ਵੱਲ ਧਿਆਨ ਦੇ ਲਿਆ ਜਾਂਦਾ ਹੈ।

? ਕੀ ਉਧਰ ਦੇ ਤੁਹਾਡੇ ਸਾਹਿਤਕ ਰਸਾਲੇ, ਰਸਾਲਾ ਵੇਚ ਕੇ ਰੋਟੀ ਕਮਾ ਲੈਂਦੇ ਹਨ।

—"ਓਰਾਕ" ਦਾ ਮਾਲਕ ਵਜ਼ੀਰ ਆਬਾ ੪੦ ਮੁਰੱਬੇ ਜ਼ਮੀਨ ਦਾ ਮਾਲਕ ਹੈ ਤੇ "ਨਕੂਸ਼" ਦੇ ਮਾਲਕ ਤੁਫ਼ੈਲ ਮੁਹੰਮਦ ਦੀ ਪ੍ਰੈਸ ਆਪਣੀ ਹੈ, ਇਸ ਲਈ ਇਨ੍ਹਾਂ ਨੂੰ ਰੋਟੀ ਰਸਾਲੇ ਚੋਂ ਕੱਢਣ ਦੀ ਕੋਈ ਬਹੁਤੀ ਦਿੱਕਤ ਨਹੀਂ। "ਫਨੂਨ" ਦਾ ਮਾਲਕ ਅਹਿਮਦ ਨਦੀਮ ਕਾਸਮੀ ਇਕ ਚੰਗਾ ਸੰਪਾਦਕ ਵੀ ਹੈ, ਇਸ ਲਈ ਸੇਲ ਕਰ ਲੈਂਦਾ ਹੈ।

? ਕੀ ਇਹ ਪੰਜਾਬੀ ਰਸਾਲੇ ਹਨ।

—ਨਹੀਂ, ਇਹ ਤਿੰਨੇ ਤਾਂ ਉਰਦੂ ਦੇ ਸਾਹਿਤਕ ਰਸਾਲੇ ਹਨ, ਪਰ ਮੁਲਤਾਨ ਤੋਂ 'ਵਾਰਿਸ" ਅਤੇ ਲਾਹੌਰ ਤੋਂ "ਲਹਿਰਾਂ" ਪੰਜਾਬੀ ਵਿਚ ਛਪਦੇ ਹਨ।

? ਇਹਨਾਂ ਦੀ ਆਰਥਕ ਹਾਲਤ ਕਿਵੇਂ ਹੈ।



Sri Satguru Jagjit Singh Ji Elibrary NamdhariElibrary@gmail.com

# ਅਸੀਸਾਂ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ
ਜਿਨ੍ਹਾਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਰੋਹਾਂ
ਦੀ ਸਫਲਤਾ ਵਾਸਤੇ ਅਸੀਸਾਂ ਭੇਜੀਆਂ ।

ਵਰਿਆਮ ਨਵੰਬਰ ੧੯੮੧

Sri Satguru Jagjit Singh Ji Elibrary NamdhariElibrary@gmail.com

## ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜਬਲੀ ਸਮਾਰੋਹ
## ੩੦, ੩੧ ਅਕਤੂਬਰ, ੧ ਨਵੰਬਰ ੧੯੮੧



ਪ੍ਰੋ: ਪ੍ਰੀਤਮ ਸਿੰਘ ਜੀ, ਪ੍ਰਧਾਨ
ਕੇਂਦਰੀ ਪੰਜਾਬੀ ਲੇਖਕ ਸਭਾ



ਬਾਵਾ ਪਰਮਜੀਤ ਸਿੰਘ ਜੀ ਪ੍ਰਧਾਨ
ਸਵਾਗਤੀ ਕਮੇਟੀ



ਰਘਬੀਰ ਸਿੰਘ
ਜਨਰਲ ਸੱਕਤ੍ਰ
ਕੇਂਦਰੀ ਪੰਜ਼ਾਬੀ ਲੇਖਕ ਸਭਾ



ਗੁਰਬਖਸ਼ ਸਿੰਘ ਬਨੂਆਣਾ
ਜਨਰਲ ਸਕਤਰ
ਸਵਾਗਤੀ ਕਮੇਟੀ



Sri Satguru Jagjit Singh Ji Elibrary NamdhariElibrary@gmail.com

# ਕੇਂਦਰੀ ਸਭਾ ਦੇ ਕੁਝ ਵਰਤਮਾਨ ਕਰਤੇ



ਪ੍ਰੋ: ਪਿਆਰਾ ਸਿੰਘ ਭੋਗਲ,
ਮੀਤ ਪ੍ਰਧਾਨ, ਕੇਂਦਰੀ ਸਭਾ
ਅਤੇ ਗ਼ਜ਼ਲ ਸਤਕਾਰ ਸਵਾਗਤੀ ਕਮੇਟੀ
ਪ੍ਰਧਾਨ ਜਲੰਧਰ ਸਭਾ



ਖਾਲਦ ਹੁਸੈਨ
ਮੀਤ ਪ੍ਰਧਾਨ



ਤੇਰਾ ਸਿੰਘ ਚੰਨ, ਮੀਤ ਪ੍ਰਧਾਨ
ਸਨਮਾਨਤ ਲੇਖਕ



ਤੇਜਵੰਤ ਮਾਨ
ਮੀਤ ਪ੍ਰਧਾਨ



ਗੁਰਮੀਤ ਪਲਾਹੀ
ਸੱਕਤ੍ਰ



ਸੀ ਮਾਰਕੰਡਾ, ਸੰਪਾਦਕ ਕਿੰਤੂ
ਸੱਕਤ੍ਰ



Sri Satguru Jagjit Singh Ji Elibrary NamdhariElibrary@gmail.com

# ਸਵਾਗਤ ਕਮੇਟੀ ਦੇ ਕੁਝ ਪ੍ਰਮੁਖ



ਸ੍ਰੀ ਵਿਜੇ ਚੋਪੜਾ
(ਸਕਤਰ ਹਿੰਦਸਮਾਚਾਰ ਸਮੂਹ)
ਮੀਤ ਪ੍ਰਧਾਨ ਸਵਾਗਤੀ ਕਮੇਟੀ



ਜਗਜੀਤ ਸਿੰਘ ਅਨੰਦ
ਮੀਤ ਪ੍ਰਧਾਨ
ਸਵਾਗਤੀ ਕਮੇਟੀ



ਗਿਆਨੀ ਭਜਨ ਸਿੰਘ



ਅਵਤਾਰ ਭਾਟੀਆ
ਜਨਰਲ ਸਕਤ੍ਰ
ਜਲੰਧਰ ਸਭਾ



ਰਾਜਿੰਦਰ ਸਿੰਘ ਰਾਜਨ
(ਅਜੀਤ)



ਅਵਤਾਰ ਜੌੜਾ
ਸਕਤਰ



Sri Satguru Jagjit Singh Ji Elibrary NamdhariElibrary@gmail.com

—"ਵਾਰਿਸ", ਜਿਸ ਦੇ ਸੰਪਾਦਕ ਜਨਾਬ ਮਸ਼ਕੂਰ ਸਾਬਰੀ ਹਨ, ਉਨ੍ਹਾਂ ਨੂੰ ਇਕ ਲੱਖ ਦੀ ਸਰਕਾਰ ਵਲੋਂ ਗਰਾਂਟ ਮਿਲੀ ਹੈ ਤੇ "ਲਹਿਰਾਂ" ਨੂੰ ਉਸ ਦੇ ਸੰਪਾਦਕ ਅਖਤੱਰ ਹੁਸੈਨ ਸੱਜਦ ਨੇ ਬਹੁਤ ਮੇਹਨਤ ਨਾਲ ਵਧੀਆ ਬਣਾਇਆ ਹੋਇਆ ਹੈ।

? ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਉੱਨਤੀ ਲਈ ਇਹ ਜੋ ਰਸਾਲੇ ਉਥੋਂ ਛਪਦੇ ਹਨ, ਇਹਨਾਂ ਦੀ ਲਿਪੀ ਕਿਹੜੀ ਹੁੰਦੀ ਹੈ।

—ਇਹ ਸਾਰੇ ਚਾਹੇ ਪੰਜਾਬੀ ਦੇ ਰਸਾਲੇ ਹਨ, ਪਰ ਇਹਨਾਂ ਦੀ ਲਿਪੀ ਫਾਰਸੀ ਹੀ ਹੈ। ਸਾਡੇ "ਇਮਰੋਜ਼", "ਮਗਰਬੀ ਪਾਕਿਸਤਾਨ" "ਅਵਾਮ ਲਾਇਲਪੁਰ" ਹਫ਼ਤੇਵਾਰ ਉਰਦੂ ਦੇ ਅਜੇਹੇ ਪਰਚੇ ਹਨ, ਜਿਹੜੇ ਕਿ ਹਫ਼ਤੇ ਵਿਚ ਇਕ ਦਿਨ ਪੰਜਾਬੀ ਐਡੀਸ਼ਨ ਕਢਦੇ ਹਨ।

? ਇਧਰੋਂ ਜਾਂਦੇ ਪਰਚਿਆਂ ਦੀ ਉਥੋਂ ਦੇ ਸਾਹਿਤਕ ਹਲਕਿਆਂ ਵਿਚ ਕੋਈ ਚਰਚਾ ਹੈ।

—ਹੋਵੇਗੀ, ਪਰ ਸਿਰਫ਼ ਉਹਨਾਂ ਚੰਦ ਬੰਦਿਆਂ ਤਕ ਜਿਨ੍ਹਾਂ ਨੂੰ ਗੁਰਮੁਖੀ ਲਿਪੀ ਆਉਂਦੀ ਹੈ, ਬਾਕੀਆਂ ਵਿਚ ਨਹੀਂ।

? ਇਸ ਕਾਨਫਰੰਸ ਦੇ ਸਮੇਂ ਜੋ "ਪੁਸਤਕ ਪ੍ਰਦਰਸ਼ਨੀ" ਲਗੀ ਹੋਈ ਹੈ, ਉਸ ਬਾਰੇ ਤੁਹਾਡੇ ਕੀ ਵਿਚਾਰ ਹਨ।

—ਲੋਕਾਂ ਦੀ ਭੀੜ ਦੇਖ ਕੇ ਹੀ ਕਹਿ ਸਕਦਾ ਹਾਂ ਕਿ ਇਹ ਵਧੀਆ ਹੋਵੇਗੀ; ਕਿਉਂਕਿ ਮੈਂ ਗੁਰਮੁਖੀ ਨਹੀਂ ਜਾਣਦਾ, ਇਸ ਲਈ ਕਿਤਾਬਾਂ ਨਹੀਂ ਵੇਖ ਸਕਦਾ ਤੇ ਨਾ ਹੀ ਉਨ੍ਹਾਂ ਦੇ ਮਿਆਰ ਦੇ ਬਾਰੇ ਕੁਝ ਕਹਿ ਸਕਦਾ ਹਾਂ।

? ਰਾਤ ਤੁਸੀਂ ਪੰਜਾਬੀ ਦਾ ਸਭਿਆਚਾਰਕ ਪਰੋਗਰਾਮ ਵੇਖਿਆ, ਉਹ ਕਿਸ ਤਰ੍ਹਾਂ ਦਾ ਲਗਾ।

—ਪੰਜਾਬੀ ਦੇ ਨਾਂ ਤੇ ਇਥੇ ਇੰਨੇ ਲੋਕ ਜੁੜ ਬੈਠਦੇ ਹਨ, ਉਥੇ ਇਹ ਗੱਲ ਨਹੀਂ।

? ਕੀ ਉਥੇ ਲੇਖਕਾਂ ਦੀਆਂ ਕਿਤਾਬਾਂ ਛਾਪਣ ਲਈ ਕੋਈ ਸੰਸਥਾ ਹੈ।

—ਅਜੇ ਨਹੀਂ, ਪਰ ਸ਼ਾਹ ਮੁਰੀਦ ਅਕੈਡਮੀ ਇਕ ਪਬ-ਲਿਕੇਸ਼ਨ ਬਣਾ ਰਹੀ ਹੈ।

? ਭਾਰਤੀ ਫਿਲਮਾਂ ਬਾਰੇ ਉਧਰ ਲੋਕਾਂ ਦੇ ਕੀ ਵਿਚਾਰ ਹਨ।

—ਫਿਲਮੀ ਲਾਈਨ ਵਿਚ ਤਜਰਬਾ ਰਖਣ ਵਾਲੇ ਸਾਰੇ ਲੋਕ ਦੇਸ਼ ਦੀ ਵੰਡ ਸਮੇਂ ਭਾਰਤ ਵਿਚ ਆ ਗਏ, ਇਸ ਲਈ ਤੁਹਾਡੀਆਂ ਫਿਲਮਾਂ ਦਾ ਮਿਆਰ ਉੱਚਾ ਹੈ।

? ਅਤੇ ਟੈਲੀਵਿਯਨ

—ਟੈਲੀਵਿਯਨ ਤੇ ਦਿਖਾਏ ਜਾਂਦੇ ਨਾਟਕ ਸਾਡੇ ਵਧੀਆ ਹੁੰਦੇ ਹਨ।

? ਇਸ ਦਾ ਕਾਰਨ।

—ਉਹੀ ਅਖਬਾਰਾਂ ਵਾਲਾ, ਅਸੀਂ ਨਾਟਕ ਦਿਖਾਉਣ ਤੋਂ ਪਹਿਲਾਂ ਉਸ ਤੇ ਮੇਹਨਤ ਬਹੁਤ ਕਰਦੇ ਹਾਂ।

? ਸਾਡੀ ਭਾਸ਼ਾ ਸਮਝਣ ਵਿਚ ਤੁਹਾਨੂੰ ਕੋਈ ਦਿੱਕਤ ਤਾਂ ਨਹੀਂ ਆਉਂਦੀ।

—ਜੋ ਭਾਸ਼ਾ ਤੁਸੀਂ ਬੋਲਦੇ ਹੋ ਗਲਬਾਤ ਸਮੇਂ, ਉਹ ਤਾਂ ਬੜੀ ਆਸਾਨੀ ਨਾਲ ਸਮਝ ਲਗ ਜਾਂਦੀ ਹੈ ਪਰ ਜਦ ਉਹੀ ਵਿਦਵਾਨ ਪਰਚਾ ਲਿਖ ਕੇ ਸਟੇਜ ਤੇ ਪੜ੍ਹਦਾ ਹੈ, ਤਾਂ ਇੰਨੇ ਔਖੇ ਔਖੇ ਸ਼ਬਦ ਵਰਤੇ ਹੁੰਦੇ ਹਨ ਕਿ ਸਮਝ ਨਹੀਂ ਆਉਂਦੇ, ਜਿਵੇਂ ਕਿ ਅੱਜ ਪੇਪਰ ਪੜ੍ਹੇ ਗਏ ਹਨ।

? ਇਸ ਸਬੰਧ ਵਿਚ ਤੁਸੀਂ ਕੀ ਸੁਝਾਓ ਦੇਂਦੇ ਹੋ।

—ਤੁਹਾਡੀ ਭਾਸ਼ਾ ਤੁਹਾਡੇ ਲੋਕ ਗੀਤਾਂ ਵਰਗੀ ਸਰਲ ਹੋਵੇ, ਤਾਂ ਹੀ ਸਾਡੇ ਦੋਨਾਂ ਪੰਜਾਬਾਂ ਦਾ ਅਗੋਂ ਸਾਹਿਤ ਦੇ ਮੁਆ-ਮਲੇ ਵਿਚ ਅਰਦਾਨ ਪਰਦਾਨ ਹੋ ਸਕਦਾ ਹੈ।

★



Sri Satguru Jagjit Singh Ji Elibrary NamdhariElibrary@gmail.com

# ਮੁਸਕਰਾਹਟ ਹੀ ਜੀਵਨ ਹੈ

– ਸੋਹਜਪਾਲ

ਔਰਤਾਂ ਭਾਵੇਂ ਕਿੰਨੀਆਂ ਵੀ ਖੂਬਸੂਰਤ ਹੋਣ, ਜੇਕਰ ਉਹ ਮੁਸਕਰਾ ਕੇ ਸਾਡਾ ਸੁਆਗਤ ਨਾ ਕਰਨ ਤਾਂ ਸਾਨੂੰ ਜ਼ਰਾ ਵੀ ਚੰਗੀਆਂ ਨਹੀਂ ਲਗਦੀਆਂ। ਮੁਸਕਰਾਹਟ ਦੋਸਤੀ ਦੀ ਪਹਿਲੀ ਨਿਸ਼ਾਨੀ ਹੈ। ਦੁਨੀਆਂ ਦੇ ਬਹੁਤ ਸਾਰੇ ਅਜਿਹੇ ਲੋਕ ਹਨ ਜਿਹੜੇ ਇਕ ਦੂਸਰੇ ਦੀ ਬੋਲੀ ਨਹੀਂ ਜਾਣਦੇ ਪਰ ਜਦੋਂ ਉਹ ਇਕ ਦੂਸਰੇ ਨੂੰ ਮੁਸਕਰਾਕੇ ਵੇਖ ਲੈਂਦੇ ਨੇ ਤਾਂ ਉਨ੍ਹਾਂ ਦੇ ਦਿਲ ਇਕ ਦੂਸਰੇ ਦੇ ਦਿਲ ਦੀ ਗੱਲ ਸਮਝ ਜਾਂਦੇ ਹਨ। ਮੁਸਕਰਾਹਟ ਦਾ ਇਸ ਤੋਂ ਵੱਡਾ ਜਾਦੂ ਹੋਰ ਕੀ ਹੋ ਸਕਦਾ ਹੈ?

'ਮੁਸਕਣੀ ਔਰਤਾਂ ਨੂੰ ਸੁੰਦਰ ਬਣਾਂਦੀ ਹੈ।' ਇਹ ਗੱਲ ਸਾਰੇ ਹੀ ਸਿਆਣੇ ਕਹਿੰਦੇ ਨੇ, ਅਤੇ ਇਹ ਗੱਲ ਹੈ ਵੀ ਪੂਰੀ ਤਰ੍ਹਾਂ ਸੱਚੀ। ਕਿਉਂਕਿ ਔਰਤਾਂ ਪ੍ਰਤਿ ਮਰਦਾਂ ਦੇ ਦਿਲਾਂ ਵਿਚ ਭਾਵੇਂ ਕਿ ਇਕ ਕੁਦਰਤੀ ਖਿਚ ਹੁੰਦੀ ਹੈ ਅਤੇ ਉਹ ਹਰ ਤਰ੍ਹਾਂ ਨਾਲ ਔਰਤਾਂ ਦੇ ਨੇੜੇ ਹੋਕੇ ਉਨ੍ਹਾਂ ਦੀ ਕੁਰਬਤ ਹਾਸਿਲ ਕਰਨੀ ਚਾਹੁੰਦੇ ਨੇ, ਪਰ ਖਾਊਂ ਵਢੂੰ ਕਰਨ ਵਾਲੀਆਂ ਔਰਤਾਂ ਭਾਵੇਂ ਕਿੰਨੀਆਂ ਵੀ ਖੂਬਸੂਰਤ ਹੋਣ, ਉਨ੍ਹਾਂ ਤੋਂ ਸਾਰੇ ਹੀ ਮਰਦ ਡਰਦੇ ਨੇ ਅਤੇ ਦੂਰ ਹੀ ਰਹਿਣਾ ਚਾਹੁੰਦੇ ਹਨ। ਇਸ ਦਾ ਸਿੱਧਾ ਜਿਹਾ ਮਤਲਬ ਇਹੋ ਹੀ ਹੋਇਆ ਕਿ ਸੁੰਦਰਤਾ ਵੀ ਮੁਸਕਰਾਹਟ ਰਾਹੀਂ ਹੀ ਆਪਣਾ ਜਾਦੂ ਜਗਾਂਦੀ ਹੈ।

ਮੁਸਕਰਾਹਟ ਨੂੰ ਨੇੜਤਾ, ਨਿਘ ਅਤੇ ਦੋਸਤੀ ਦਾ ਪ੍ਰਤੀਕ ਕਿਹਾ ਗਿਆ ਹੈ। ਅਸੀਂ ਜਦੋਂ ਕਿਸੇ ਨੂੰ ਮੁਸਕਰਾਕੇ ਵੇਖਦੇ ਹਾਂ ਤਾਂ ਉਹ ਸਮਝਦਾ ਹੈ ਕਿ ਅਸੀਂ ਉਸ ਨੂੰ ਸਵੀਕਾਰ ਕਰ ਲਿਆ ਹੈ, ਅਤੇ ਹਰ ਕੋਈ ਸਵੀਕਾਰ ਹੋ ਕੇ ਖੁਸ਼ ਹੁੰਦਾ ਹੈ। ਜਦੋਂ ਅਸੀਂ ਮੁਸਕਰਾ ਕੇ ਕਿਸੇ ਮਿਤਰ ਜਾਂ ਆਪਣੀ ਕਿਸੇ ਮਹਿਬੂਬਾ ਦੇ ਗੁਣਾਂ ਦੀ ਪ੍ਰਸੰਸਾ ਨਹੀਂ ਕਰਦੇ ਤਾਂ ਉਹਦੇ ਮਨ ਵਿਚ ਸਾਡੇ ਲਈ ਅਜਨਬੀਪਨ ਦੀ ਭਾਵਨਾਂ ਪੈਦਾ ਹੋ ਜਾਂਦੀ ਹੈ ਜਿਸ ਨਾਲ ਉਹ ਸਾਡੇ ਕੋਲੋਂ ਦੂਰ-ਦੂਰ ਜਾਣ ਲਗ ਪੈਂਦਾ ਹੈ। ਇਸ ਤਰ੍ਹਾਂ ਅਸੀਂ ਉਸ ਦੇ ਗੁਣਾਂ ਦਾ ਲਾਭ ਪ੍ਰਾਪਤ ਕਰਨ ਤੋਂ ਅਸਮਰਥ ਰਹਿੰਦੇ ਹਾਂ। ਪਰ ਇਸ ਦੇ ਉਲਟ ਜਿਹੜੇ ਲੋਕ ਸਾਨੂੰ ਅਜਨਬੀ ਮਾਹੌਲ ਵਿਚ ਮੁਸਕਰਾਕੇ ਵੇਖ ਲੈਂਦੇ ਹਨ, ਅਸੀਂ ਉਨ੍ਹਾਂ ਨੂੰ ਆਪਣੇ ਪਰਮ ਸਨੇਹੀ ਸਮਝਣ ਲਗ ਪੈਂਦੇ ਹਾਂ ਅਤੇ ਸਾਡਾ ਜੀਅ ਕਰਦਾ ਹੈ ਕਿ ਉਨ੍ਹਾਂ ਤੋਂ ਤਨ-ਮਨ ਕੁਰਬਾਨ ਕਰ ਦਈਏ। ਇਹ ਮੁਸਕਰਾਹਟ ਦੇ ਜਾਦੂ ਕਰਕੇ ਹੀ ਹੈ!

ਮੁਸਕਰਾ ਸਕਣਾ ਬੜਾ ਹੀ ਸੌਖਾ ਕੰਮ ਹੈ। ਮੁਸਕਰਾਹਟ ਲਈ ਇਕ ਪਲ ਦਾ ਵਕਫ਼ਾ ਵੀ ਨਹੀਂ ਲਗਦਾ। ਮੁਸਕਰਾਣ ਲਈ ਕੇਵਲ ੧੪ ਨਾੜੀਆਂ ਤੋਂ ਕੰਮ ਲੈਣਾ ਪੈਂਦਾ ਹੈ ਜਦੋਂ ਕਿ ਕਿਸੇ ਵਲ ਕਰੋਧ ਨਾਲ ਤਕਣ ਲਈ ਜਾਂ ਫਰਾਊਨ ਕਰਨ ਲਈ ੭੨ ਨਾੜੀਆਂ ਹਰਕਤ ਕਰਦੀਆਂ ਹਨ। ਪਰ ਮੁਸਕਰਾਹਟ ਕਿਉਂਕਿ ਇਕ ਉਸਾਰੂ ਭਾਵਨਾ ਪੈਦਾ ਕਰਦੀ ਹੈ ਇਸ ਲਈ ਇਹਦੇ ਨਾਲ ਮਨ 'ਚ ਖੁਸ਼ੀ ਪੈਦਾ ਹੁੰਦੀ ਹੈ ਜਦੋਂ ਕਿ ਕਿਸੇ ਨੂੰ ਕਰੋਧ ਨਾਲ ਫਰਾਊਨ ਕਰਨ ਤੇ ਦੁਸ਼ਮਣੀ ਦੀ ਭਾਵਨਾ ਵਧਦੀ ਅਤੇ ਮਨ ਵਿਚ ਜ਼ਹਿਰੀਲਾ ਤੱਤ ਉਪਜਦਾ ਹੈ! ਹੁਣ ਇਹ ਅਸਾਂ ਸੋਚਣਾ ਹੈ ਕਿ ਅਸਾਂ ਆਪਣੇ ਜੀਵਨ ਨੂੰ ਖੁਸ਼ੀ ਭਰਪੂਰ ਬਣਾਨਾ ਹੈ ਕਿ ਜ਼ਹਿਰ ਭਰਿਆ?

ਕਈ ਵਾਰ ਅਸੀਂ ਵੇਖਦੇ ਹਾਂ ਕਿ ਕਈ ਅਫਸਰ ਬੜੇ ਹੀ ਚੰਗੇ ਹੁੰਦੇ ਨੇ ਅਤੇ ਉਹ ਵਾਹ ਲਗਦੀ ਨੂੰ ਹਰ ਕਿਸੇ ਦਾ ਕੰਮ ਵੀ ਕਰ ਦਿੰਦੇ ਨੇ ਪਰ ਉਹ ਕਿਉਂਕਿ ਦੂਸਰਿਆਂ ਨੂੰ ਮੁਸਕਰਾਕੇ ਨਹੀਂ ਵੇਖ ਸਕਦੇ ਇਸ ਲਈ ਉਨ੍ਹਾਂ ਪ੍ਰਤਿ ਲੋਕਾਂ ਦੇ ਮਨ ਵਿਚ ਅਪੱਣਤ ਦੀ ਭਾਵਨਾ ਨਹੀਂ ਪੈਦਾ ਹੁੰਦੀ ਇਸ ਦੇ ਉਲਟ ਜਿਹੜੇ ਅਫਸਰ ਦੂਸਰਿਆਂ ਦਾ ਕੰਮ ਨਹੀਂ ਵੀ ਕਰ ਸਕਦੇ, ਤੇ ਕੇਵਲ ਮੁਸਕਰਾਕੇ ਹੀ ਉਨ੍ਹਾਂ ਦੀ ਤੱਸਲੀ ਕਰਵਾ ਦਿੰਦੇ ਨੇ, ਉਨ੍ਹਾਂ ਪ੍ਰਤਿ ਲੋਕਾਂ ਦੇ ਦਿਲਾਂ ਵਿਚ ਕੌੜ ਦੀ ਭਾਵਨਾ ਨਹੀਂ ਭਰਦੀ, ਸਗੋਂ ਸਦਭਾਵਨਾ ਹੀ ਬਣੀ ਰਹਿੰਦੀ ਹੈ। ਇਸ ਲਈ ਜਿਸ ਕਿਸੇ ਨੇ ਵੀ ਰੋਜ਼ਾਨਾ ਜ਼ਿੰਦਗੀ ਵਿਚ ਲੋਕਾਂ ਨਾਲ ਵਾਹ ਰਖਣਾ ਹੈ, ਉਸ ਨੂੰ ਮੁਸਕਰਾ ਕੇ ਹਰ ਕਿਸੇ ਦਾ ਸੁਆਗਤ ਕਰਨਾ ਪਵੇਗਾ, ਨਹੀਂ ਤਾਂ ਉਹ ਲੋਕਾਂ ਵਿਚ ਪਾਪੂਲਰ ਨਹੀਂ ਹੋ ਸਕੇਗਾ।

ਤੁਸੀਂ ਵੇਖੋ, ਮੋਨਾ ਲਿਜ਼ਾ ਕੋਈ ਬਹੁਤੀ ਖੂਬਸੂਰਤ ਔਰਤ ਤਾਂ ਨਹੀਂ ਹੈ। ਉਸ ਨਾਲੋਂ ਬਹੁਤ ਖੂਬਸੂਰਤ ਔਰਤਾਂ ਦੁਨੀਆਂ ਵਿਚ ਜੰਮੀਆਂ ਤੇ ਮਰ ਗਈਆਂ ਪਰ ਉਹ ਜਿਸ ਤਰ੍ਹਾਂ ਹਰ ਵੇਲੇ ਲੋਕਾਂ ਵਲ ਮੁਸਕਰਾ ਕੇ ਵੇਖ ਰਹੀ ਹੈ, ਉਸ ਦੀ ਉਸ ਅਦਾ ਨੇ ਲੋਕਾਂ ਦਾ ਮਨ ਮੋਹ ਲਿਆ ਹੈ ਅਤੇ



Sri Satguru Jagjit Singh Ji Elibrary NamdhariElibrary@gmail.com

ਲੋਕ ਉਸ ਦੀ ਤਸਵੀਰ ਨੂੰ ਵੇਖਣੋ ਰੁਕੇ ਬਗੈਰ ਅਗੇ ਨਹੀਂ ਵਧ ਸਕਦੇ। ਮੋਨਾ ਲਿਜ਼ਾ ਦੀ ਮੁਸਕਰਾਹਟ ਦੇ ਜਾਦੂ ਤੋਂ ਕੌਣ ਬਚ ਸਕਿਆ ਹੈ ?

ਬਹੁਤ ਸਾਰੀਆਂ ਔਰਤਾਂ ਨੇ ਮੋਨਾ ਲਿਜ਼ਾ ਤੋਂ ਮੁਸਕਣੀ ਦਾ ਭੇਤ ਸਿਖ ਲਿਆ ਹੈ ਪਰ ਕਈ ਰੰਨਾਂ ਤਾਂ ਮੋਨਾਂ ਲਿਜ਼ਾ ਨੂੰ ਵੇਖ ਕੇ ਹੀ ਸੜਬਲ ਜਾਂਦੀਆਂ ਨੇ। ਅਖੇ — 'ਸੂਰਰ ਕਿਵੇਂ ਹਰ ਕਿਸੇ ਨੂੰ ਵੇਖਕੇ ਮੁਸਕਰਾ ਰਹੀ ਹੈ !' ਇਸ ਤਰ੍ਹਾਂ ਦੀਆਂ ਔਰਤਾਂ ਜੇਕਰ ਘਰ ਵਿਚ ਖੁਸ਼ ਵੀ ਬੈਠੀਆਂ ਹੋਣ ਤਾਂ ਕਿਸੇ ਮਹਿਮਾਨ ਦੇ ਆਉਣ ਤੇ ਇਸ ਤਰ੍ਹਾਂ ਨੱਕ-ਮੂੰਹ ਚਾੜ੍ਹ ਲੈਂਦੀਆਂ ਨੇ ਜਿਵੇਂ ਕਿ ਹੁਣੇ ਹੀ ਸਿਆਪਾ ਕਰਕੇ ਹਟੀਆਂ ਹੋਣ। ਇਸ ਤਰ੍ਹਾਂ ਦੇ ਘਰਾਂ ਵਿਚ ਹਰ ਵੇਲੇ ਮੌਤ ਦੇ ਪ੍ਰਛਾਵੇਂ ਘੁੰਮਦੇ ਰਹਿੰਦੇ ਨੇ ਤੇ ਕੋਈ ਵੀ ਇਸ ਤਰ੍ਹਾਂ ਦੇ ਘਰਾਂ ਵਿਚ ਮਹਿਮਾਨ ਬਣ ਕੇ ਨਹੀਂ ਜਾਂਦਾ। ਇਸ ਤੋਂ ਵੱਡੀ ਬਦਕਿਸਮਤੀ ਕੀ ਹੋ ਸਕਦੀ ਹੈ ਕਿ ਘਰ ਵਿਚ ਕੋਈ ਮਹਿਮਾਨ ਹੀ ਨਾ ਆਵੇ। ਇਸ ਤਰ੍ਹਾਂ ਦੇ ਘਰਾਂ ਵਿਚੋਂ, ਘਰਾਂ ਦੇ ਮਰਦ ਵੀ ਬਾਹਰ ਵਲ ਦੌੜਣ ਲਗ ਪੈਂਦੇ ਨੇ, ਤੇ ਉਨ੍ਹਾਂ ਔਰਤਾਂ ਦੁਆਲੇ ਚਕਰ ਕਟਦੇ ਨੇ, ਜਿਹੜੀਆਂ ਮੁਸਕਣੀ ਦੀਆਂ ਕਲੀਆਂ ਬਿਖੇਰਦੀਆਂ ਹੋਈਆਂ ਜਲਵਾ ਪੈਦਾ ਕਰ ਰਹੀਆਂ ਹੁੰਦੀਆਂ ਹਨ।

ਇਸੇ ਕਰਕੇ ਹੀ ਮੁਸਕਰਾਹਟ ਨੂੰ ਜੀਵਨ ਕਿਹਾ ਗਿਆ ਹੈ। ਮੁਸਕਣੀ ਇਕ ਅਜਿਹੀ ਦੌਲਤ ਹੈ ਜਿਹੜੀ ਮੁਫਤ ਵੰਡੀ ਜਾ ਸਕਦੀ ਹੈ ਅਤੇ ਕਮਾਲ ਦੀ ਗੱਲ ਇਹ ਹੈ ਕਿ ਇਹ ਦੌਲਤ ਕਦੀ ਘਟਦੀ ਵੀ ਨਹੀਂ, ਸਗੋਂ ਹਰ ਵੇਲੇ ਇਸ ਦਾ ਅਸਰ ਵਧਦਾ ਹੀ ਜਾਂਦਾ ਹੈ। ਆਪਣੇ ਮਾਹੌਲ ਨੂੰ ਖੁਸ਼ਗਵਾਰ ਬਣਾਨ ਲਈ ਮੁਸਕਰਾਹਟ ਤੋਂ ਚੰਗੀ ਹੋਰ ਕੋਈ ਵੀ ਚੀਜ਼ ਨਹੀਂ ਹੋ ਸਕਦੀ। ਪਰ ਅਸੀਂ ਦਿਨੋ ਦਿਨ ਕਿੰਨੇ ਕੰਜੂਸ ਹੁੰਦੇ ਜਾ ਰਹੇ ਹਾਂ, ਜੋ ਕਿ ਮੁਸਕਰਾਹਟ ਨੂੰ ਆਪਣੀਆਂ ਅੰਦਰਲੀਆਂ ਜੇਬਾਂ ਵਿਚ ਪੌਂਡਾਂ ਵਾਂਗ ਲੁਕਾਕੇ ਰਖਦੇ ਹਾਂ ਤੇ ਕਦੀ ਵੀ ਨਹੀਂ ਸੋਚਦੇ ਕਿ ਸਾਡੇ ਦੋਸਤਾਂ ਨੂੰ ਸਾਡੇ ਪੌਂਡਾਂ ਦੀ ਸ਼ਾਇਦ ਕੋਈ ਲੋੜ ਨਾ ਹੋਵੇ, ਪਰ ਉਨ੍ਹਾਂ ਨੂੰ ਸਾਡੀ ਮੁਸਕਰਾਹਟ ਦੀ ਬਹੁਤ ਹੀ ਲੋੜ ਹੈ। ਕੀ ਅਸੀਂ ਹਰ ਵੇਲੇ ਮੁਸਕਰਾਹਟ ਦੇ ਸ਼ਗੂਫੇ ਖਿਲੇਰ ਕੇ ਸੁਖੀ ਨਹੀਂ ਬਣ ਸਕਦੇ ?

ਇਨ੍ਹਾਂ ਕੁਝ ਕੁ ਸਤਰਾਂ ਨੂੰ ਪੜ੍ਹਕੇ ਜੇਕਰ ਤੁਸੀਂ ਆਪਣੇ ਸਾਹਮਣੇ ਬੈਠੇ ਬੰਦੇ ਨੂੰ ਪੜ੍ਹ ਕੇ ਵੇਖ ਲਵੋਗੇ, ਤਾਂ ਲੇਖਕ ਦੀ ਮਿਹਨਤ ਸਫਲ ਹੋ ਜਾਵੇਗੀ। ਕਈ ਲੋਕ ਤਾਂ ਲਤੀਫੇ ਸੁਣਕੇ ਵੀ ਨਹੀਂ ਮੁਸਕਰਾ ਸਕਦੇ। ਪਰ ਸਾਨੂੰ ਉਮੀਦ ਹੈ ਕਿ ਤੁਸੀਂ ਉਨ੍ਹਾਂ ਲੋਕਾਂ ਵਿਚੋਂ ਨਹੀਂ ਹੋ। ★


With Best compliments from :-

**NAMDHARI BROTHERS**

Prop S. AJIT SINGH

*Main Bazar, DALTONGANJ (Bihar)*

Dealers : KIRLOSKAR DIESEL ENGINE. P. S G ELECTRIC MOTORS. ELECTRICAL APPLIANCES STAINLESS STEEL PARTS, PRESSURE COOKERS, AND AGRICULTURAL IMPLIMENTS

WITH BEST COMPLIMENTS FROM :

***New Namdhari Cloth House***

WHOLE SALE CLOTH DEALERS

*Main Bazar, DALTONGANJ (Bihar)*





Sri Satguru Jagjit Singh Ji Elibrary NamdhariElibrary@gmail.com

# ਮਨਾਲੀ ਕਰਮਾਂ ਵਾਲੀ

—ਜਗਦੀਸ਼ ਸਿੰਘ

ਕਹਿੰਦੇ ਨੇ ਜਦੋਂ ਸੰਤ ਤਰਨ ਸਿੰਘ ਵਹਿਮੀ ਕੋਈ ਸਤਾਰਾਂ ਸਾਲ ਪਹਿਲਾਂ ਮਨਾਲੀ ਗਏ ਤਾਂ ਮਨਾਲੀ ਦੀ ਸੁੰਦ-ਰਤਾ ਦੇਖ ਕੇ ਉਹਨਾਂ ਦਾ ਕਵੀ ਹਿਰਦਾ ਖਿਲ ਉਠਿਆ ਅਤੇ ਉਹ ਜਿੰਨੇ ਦਿਨ ਉਥੇ ਰਹੇ ਇਹ ਹੀ ਕਹਿੰਦੇ ਰਹੇ ਮਨਾਲੀ ਕਰਮਾਂ ਵਾਲੀ। ਕਰਮਾਂ ਵਾਲੀ ਉਹ ਏਸ ਕਰਕੇ ਵੀ ਕਹਿੰਦੇ ਸਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਮਨਾਲੀ ਗਏ ਹੋਏ ਸਨ।

ਮਨਾਲੀ ਨੇ ਉਸ ਵੇਲੇ ਰਾਤੋ ਰਾਤ ਜਗਤ ਪ੍ਰਸਿੱਧੀ ਪ੍ਰਾਪਤ ਕਰ ਲਈ ਜਦੋਂ ਖਬਰ ਆਈ ਸੀ ਕਿ ਪੰਡਤ ਜਵਾਹਰ ਲਾਲ ਨਹਿਰੂ ਮਨਾਲੀ ਵਿਚ ਛੁੱਟੀਆਂ ਮਨਾਣ ਜਾ ਰਹੇ ਹਨ। ਉਸ ਵੇਲੇ ਉਹ ਜਿਹੜੇ ਜਿਹੜੇ ਪਿੰਡ ਥਾਂ ਵਿਚ ਗਏ ਓਥੇ ਹੁਣ ਵੀ ਬੋਰਡ ਲਗੇ ਹਨ ਕਿ ਇਥੇ ਪੰਡਤ ਜਵਾਹਰ ਲਾਲ ਜੀ ਪਧਾਰੇ ਸਨ।

ਅੱਜ ਤੋਂ ਸਤਾਰਾਂ ਸਾਲ ਪਹਿਲਾਂ ਵਹਿਮੀ ਜੀ ਜਿਸ ਜੱਥੇ ਨਾਲ ਗਏ ਸਨ ਉਸ ਦੀਆਂ ਰਿਪੋਰਟਾਂ ਅਖਬਾਰਾਂ ਵਿਚ ਪੜ੍ਹੀਆਂ ਸਨ ਕਿ ਉਹ ਜਦੋਂ ਮਨਾਲੀ ਤੋਂ ਅਗੇ ਰੋਹਤਾਂਗ ਪਾਸ ਵੇਖਣ ਗਏ ਤਾਂ ਉਥੇ ਹਰ ਪਾਸੇ ਚਿੱਟੀ ਬਰਫ ਅਤੇ ਨਾਮਧਾਰੀਆਂ ਦੇ ਬਰਫ ਤੋਂ ਚਿੱਟੇ ਬਸਤਰਾਂ, ਦੀ ਲਿਸ਼ਕ ਨਾਲ ਸਾਰਿਆਂ ਦੀਆਂ ਅੱਖਾਂ ਖਰਾਬ ਹੋ ਗਈਆਂ ਸਨ।

ਉਂਝ ਤਾਂ ਸਾਰਾ ਹਿਮਾਚਲ ਪ੍ਰਦੇਸ਼ ਹੀ ਸੁੰਦਰ ਥਾਵਾਂ ਨਾਲ ਭਰਿਆ ਪਿਆ ਹੈ। ਸ਼ਿਮਲਾ, ਕੁਲੂ, ਮੰਡੀ, ਰਵਾਲਸਰ, ਡਲਹੌਜ਼ੀ, ਧਰਮਸਾਲਾ, ਚੰਬਾ, ਕਾਂਗੜਾ, ਪਾਲਮਪੁਰ, ਚੈਲ, ਕਸੌਲੀ, ਨੈਨਾ ਦੇਵੀ ਤੇ ਬਿਲਾਸਪੁਰ ਆਦਿਕ ਅਨੇਕਾਂ ਥਾਵਾਂ, ਇਕ ਦੂਜੇ ਤੋਂ ਭਿੰਨ ਤੇ ਵਖਰਾ ਆਕਰਸ਼ਨ ਰਖਦੇ ਹਨ। ਕਿਤੇ ਬਰਫਾਂ ਦਾ ਨਜ਼ਾਰਾ, ਕਿਤੇ ਨਦੀ ਨਾਲਿਆਂ ਦੀ ਝਰ ਝਰ ਕਿਤੇ ਸੇਬਾਂ ਦੇ ਅੰਬਾਰ ਅਤੇ ਕਿਤੇ ਬਰਫ ਤੇ ਤਿਲਕਣ ਦੇ ਨਜ਼ਾਰੇ ਪਰ ਮਨਾਲੀ ਦਾ ਨਾਮ ਦਿਨੋ ਦਿਨ ਵਿਸ਼ੇਸ਼ ਮਹੱਤਤਾ ਧਾਰ ਗਿਆ ਹੈ। ਹੁਣ ਤਾਂ ਬੱਸਾਂ ਵੀ ਜਲੰਧਰ, ਅੰਮ੍ਰਿਤਸਰ, ਚੰਡੀਗੜ੍ਹ, ਲੁਧਿਆਣਾ, ਪਟਿਆਲਾ ਤੋਂ ਸਿੱਧੀਆਂ ਮਨਾਲੀ ਵਾਸਤੇ ਚਲਦੀਆਂ ਹਨ। ਹੁਣ ਸਰਸਾ, ਬਠਿੰਡਾ ਤੋਂ ਵੀ ਵਰਵਿਸ ਚਾਲੂ ਹੋ ਰਹੀ ਹੈ ਜੋ ਇਕ ਦਿਨ ਵਿਚ ਜਾ ਮਨਾਲੀ ਉਤਾਰੇਗੀ। ਕਦੀ ਸਮਾਂ ਸੀ ਕੁਲੂ ਬਾਰੇ ਦੰਦ ਕਥਾਵਾਂ ਹੀ ਸੁਣੀਆਂ ਜਾਂਦੀਆਂ ਸਨ। ਉਸ ਦੀ ਸੁੰਦਰਤਾ ਬਾਰੇ ਤੇ ਲੋਕਾਂ ਬਾਰੇ। ਮਨਾਲੀ ਉਸ ਤੋਂ ਵੀ ਅਗੇ ਹੈ। ਹੁਣ ਇਹਨਾਂ ਸਥਾਨਾਂ ਨੂੰ ਚੋੜੀ ਸੜਕ ਤੇ ਲੰਮੀਆਂ ਬੱਸਾਂ ਨੇ ਬਿਲਕੁਲ ਮੈਦਾਨਾਂ ਦੇ ਲਾਗੇ ਕਰ ਦਿੱਤਾ ਹੈ। ਏਨੀ ਸੁਵਿਧਾ ਤੇ ਪੈਰਾਂ ਵਿਚ ਚੱਕਰ ਹੋਣ ਦੇ ਬਾਵਜੂਦ ਪਹਿਲੀ ਵਾਰ ਹੀ ਮਨਾਲੀ ਦੇ ਦਰਸ਼ਨ ਹੋ ਸਕੇ ਹਨ।

ਅੱਗੇ ਮੰਡੀ ਤੱਕ ਤਾਂ ਯਾਤਰਾ ਕੀਤੀ ਹੋਈ ਸੀ ਪਰ ਕਰਨਾ ਰੱਬ ਦਾ ਸੰਨ ੧੯੭੫ ਤੋਂ ਬਾਅਦ ਮੰਡੀ ਵੀ ਨਹੀਂ ਜਾ ਸਕਿਆ। ਹਰ ਸਾਲ ਸ: ਪ੍ਰੀਤਮ ਸਿੰਘ ਕਵੀ ਭੁੰਤਰ ਜਾਂਦੇ ਹਨ ਤੇ ਸ: ਕਿਹਰ ਸਿੰਘ ਹਮਰਾਹੀ ਕੋਲ ਠਹਿਰਦੇ ਹਨ। ਉਹਨਾਂ ਆਪ ਵੀ ਕਈ ਵਾਰ ਲਿਖਿਆ ਤੇ ਹਮਰਾਹੀ ਨੇ ਵੀ ਬਹੁਤ ਵਾਰ ਕਿਹਾ। ਹਮਰਾਹੀ ਦੀਆਂ ਪ੍ਰਾਹੁਣਾਚਾਰੀ ਦੀਆਂ ਸਿਫਤਾਂ ਵੀ ਹੋਰ ਲੋਕਾਂ ਪਾਸੋਂ ਸੁਣੀਆਂ। ਸੰਨ ੭੫ ਦੇ ਜੰਮੇ ਬੱਚੇ ਸਾਡੇ ਮੋਢਿਆਂ ਨੂੰ ਆ ਲਗੇ ਹਨ ਪਰ ਸਾਡਾ ਪਹਾੜ ਜਾਣਾ ਨਾ ਹੀ ਬਣਿਆ।

ਤੇ ੬ ਸਤੰਬਰ ਦੀ ਸ਼ਾਮ ਨੂੰ ਪੂਰੇ ਪੰਦਰਾਂ ਘੰਟੇ ਦਾ ਸਫਰ ਕਰ ਕੇ ਸਿੱਧਾ ਮਨਾਲੀ ਹੀ ਪਹੁੰਚ ਗਿਆ। ਰਸਤੇ ਵਿਚ ਨਾ ਮੰਡੀ ਰੁਕਿਆ ਨਾ ਕੁਲੂ।

ਕੋਈ ਤਿੰਨ ਕੁ ਮਹੀਨੇ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੱਤਰ ਸੰਤ ਤਰਸੇਮ ਸਿੰਘ ਹੋਰਾਂ ਕਿਹਾ ਸੀ ਕਿ ਮਨਾਲੀ ਵਿਖੇ ਤੁਸੀਂ ਪਹੁੰਚਣਾ ਹੈ ਕੋਈ ਨਾਮਧਾਰੀ ਬੁਧੀਜੀਵੀਆਂ ਦਾ ਇਕ ਕੈਂਪ ਲਗਣਾ ਹੈ। ਉਸ ਬਾਅਦ ਸਤਿਗੁਰੂ ਜੀ ਦਾ ਵਿਦੇਸ਼ ਦੌਰਾ ਵਿਸਥਾਰ 'ਚ ਹੁੰਦਾ ਗਿਆ ਅਤੇ ਇਸ ਬਾਰੇ ਹੋਰ ਸੂਚਨਾ ਵੀ ਨਾ ਮਿਲੀ ਤਾਂ ਮੈਂ



Sri Satguru Jagjit Singh Ji Elibrary NamdhariElibrary@gmail.com

ਸਮਝਿਆ ਕਿ ਇਹ ਪ੍ਰੋਗਰਾਮ ਨਿਸਚਿਤ ਤੌਰ ਤੇ ਅਗੇ ਪਾ ਦਿਤਾ ਹੋਵੇਗਾ। ਪਰ ਫੇਰ ਥੋਹੜੀ ਬਹੁਤੀ ਕਨਸੋਅ ਸਤਿਗੁਰਾਂ ਦੀ ਅਤੇ ਹੋਰ ਸਬੰਧਤ ਵਿਅਕਤੀਆਂ ਦੀ ਮਨਾਲੀ ਜਾਣ ਦੀ ਪਈ। ਮੈਂ ਸਮਝਿਆ ਇਹ ਆਮ ਰੁਟੀਨ ਹੀ ਹੋਵੇਗੀ। ਇਸੇ ਵਾਸਤੇ ਮੈਨੂੰ ਸੂਚਨਾ ਨਹੀਂ ਦਿੱਤੀ ਗਈ।

ਸੂਬਾ ਅਮਰੀਕ ਸਿੰਘ ਦੇ ਭੋਗ ਤੇ ਜਾਂਦੇ ਮਾਸਟਰ ਨਿਹਾਲ ਸਿੰਘ ਦੀ ਬੱਸ ਵਿਚ ਮਿਲੇ ਤਾਂ ਉਹਨਾਂ ਦਸਿਆ ਕਿ ਕਲ੍ਹ ਉਹ ਮਨਾਲੀ ਜਾ ਰਹੇ ਹਨ। ਉਥੇ ਹੋਰ ਵੀ ਵਿਦਵਾਨ ਆ ਰਹੇ ਹਨ। ਪ੍ਰੋ: ਕਮਲ ਵੀ ਪੁਜ ਰਹੇ ਹਨ ਅਤੇ ਹੋਰ ਵੀ ਇਹ ਇਹ...ਪੁਜ ਰਹੇ ਹਨ। ਮਨਾਲੀ ਦਾ ਆਕਰਸ਼ਨ ਹੋਰ ਵੀ ਪ੍ਰਬਲ ਹੋ ਗਿਆ ਅਤੇ ਮੈਂ ਸੋਚਿਆ ਦੋ ਚਾਰ ਦਿਨ ਜਾ ਕੇ ਅਨੰਦ ਜ਼ਰੂਰ ਮਾਣਾਂਗਾ। ਉਸੇ ਦਿਨ ਹੀ ਸੰਤ ਤਰਸੇਮ ਸਿੰਘ ਹੋਰਾਂ ਦਸਿਆ ਕਿ ਉਹਨਾਂ ਮੈਨੂੰ ਅਫਰੀਕਾ ਤੋਂ ਸੁਨੇਹਾ ਭੇਜਿਆ ਸੀ ਕਿ ਮਨਾਲੀ ਜਾਣਾ ਹੈ। ਇਸ ਵਾਸਤੇ ਤੁਸੀਂ ਮਨਾਲੀ ਜ਼ਰੂਰ ਪਹੁੰਚੋ। ਸੋ ਹਥਲੇ ਕੰਮ ਸ਼ਤਾਬੀ ਨਜਿੱਠ ਕੇ ਮੈਂ ਐਤਵਾਰ ਸਵੇਰੇ ੫-੨੦ ਦੀ ਬੱਸ ਜਾ ਫੜੀ ਸੀ।

ਭਾਵੇਂ ਬੱਸਾਂ ਦੇ ਰੋਜ਼ ਹੁੰਦੇ ਹਾਦਸਿਆਂ ਕਾਰਨ ਸਫਰ ਕਰਨਾ ਕੋਈ ਸੁਆਦ ਵਾਲੀ ਗੱਲ ਨਹੀਂ ਰਹੀ ਪਰ ਉਸ ਦਿਨ ਸਵੇਰ ਵੇਲੇ ਹੀ ਸਫਰ ਸੁਹਾਵਣਾ ਹੋ ਗਿਆ ਸੀ। ਸਤੰਬਰ ਮਹੀਨੇ ਦੀ ਮਿੱਠੀ ਮਿੱਠੀ ਠੰਡ, ਫਜ਼ਾਵਾਂ ਵਿਚ ਤਾਜ਼ਗੀ। ਭਰੇ ਭਰੇ ਦਰਖਤਾਂ ਦੀ ਹਰਿਆਵਲ। ਨਵਾਂਸ਼ਹਿਰ ਲੰਘ ਕੇ ਰੋਪੜ ਵਾਲੀ ਨਹਿਰ ਦੇ ਕੰਢੇ ਕੰਢੇ ਸਫਰ। ਬੱਸ ਵਿਚ ਕਾਫ਼ੀ ਚੋੜੇ ਹੋ ਕੇ ਬੈਠਣ ਲਈ ਥਾਂ ਵੀ ਤਾਂ ਸੀ।

ਜਲੰਧਰ-ਰੋਪੜ ਸੜਕ ਵਧੀਆ ਤੇ ਸੁਹਾਵਣੇ ਦ੍ਰਿਸ਼ਾਂ ਵਾਲੀ ਸੜਕ ਹੈ। ਚੰਡੀਗੜ੍ਹ ਜਾਣ ਵਾਸਤੇ ਭਾਵੇਂ ਬਹੁਤਾ ਟਰੈਫਿਕ ਲੁਧਿਆਣੇ ਰਾਹੀਂ ਜਾਂਦਾ ਹੈ ਪਰ ਰੋਪੜ ਵਾਲਾ ਰਸਤਾ ਜ਼ਿਆਦਾ ਸੁਖਦਾਈ ਹੈ। ਇਕ ਤਾਂ ਭੀੜ ਭੜੱਕਾ ਘੱਟ ਹੈ, ਦੂਸਰਾ ਨਹਿਰ ਦੇ ਵਿਚ ਨਕੋ ਨਕ ਵਗਦੇ ਸਾਫ ਪਾਣੀ ਦਾ ਨਜ਼ਾਰਾ। ਪਾਣੀਆਂ ਦੇ ਕੰਢੇ ਜਿਥੇ ਵੀ ਸੜਕਾਂ ਬਣੀਆਂ ਹਨ ਵਧੀਆ ਦ੍ਰਿਸ਼ ਪੇਸ਼ ਕਰਦੀਆਂ ਹਨ। ਪਠਾਨਕੋਟ ਤੋਂ ਮਾਧੋ ਪੁਰ ਹੈਡ ਤੱਕ ਦਾ ਸਫਰ ਵੀ ਠਾਠਾਂ ਮਾਰਦੀ ਨਹਿਰ ਦੇ ਨਾਲ ਬਹੁਤ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ। ਪਰ ਰੋਪੜ ਸੜਕ ਦਾ ਦ੍ਰਿਸ਼ ਵੀ ਕੋਈ ਘੱਟ ਨਹੀਂ। ਕਿਵੇਂ ਅਥਰੇ ਚੋਆਂ ਨੂੰ ਨਹਿਰ ਦੇ ਉਪਰੋਂ ਦੀ ਪੁਲ ਬਣਾ ਕੇ ਲੰਘਾਇਆ ਗਿਆ ਹੈ। ਕਈ ਵਾਰ ਤਾਂ ਇਵੇਂ ਲਗਦਾ ਹੈ ਜਿਵੇਂ ਬੱਸ ਪਾਣੀ ਉਪਰ ਤਰਦੀ ਜਾ ਰਹੀ ਹੋਵੇ।

ਭਾਵੇਂ ਚੰਡੀਗੜ੍ਹ ਜਾਣਾ ਹੋਵੇ ਤੇ ਭਾਵੇਂ ਹਿਮਾਚਲ ਪ੍ਰਦੇਸ਼ ਵਿਚ ਮੰਡੀ ਨੂੰ, ਰੋਪੜ ਦਾ ਰਸਤਾ ਵਧੀਆ ਹੈ। ਮੰਡੀ ਹਿਮਾਚਲ ਦਾ ਮੁੱਖ ਅਸਥਾਨ ਹੈ। ਕੁਲੂ ਮਨਾਲੀ ਜਾਣ ਵਾਸਤੇ ਮੰਡੀ ਜ਼ਰੂਰ ਜਾਣਾ ਪੈਂਦਾ ਹੈ। ਕਦੀ ਮੰਡੀ ਅਤੇ ਸਕੇਤ ਦੀਆਂ ਪਹਾੜੀ ਰਿਆਸਤਾਂ ਬਹੁਤ ਮਸ਼ਹੂਰ ਹੁੰਦੀਆਂ ਸਨ ਉਦੋਂ ਹਿਮਾਚਲ ਨਹੀਂ ਸੀ ਹੁੰਦਾ। ਹੁਣ ਸਕੇਤ ਦਾ ਨਾਮ ਸੁੰਦਰ ਨਗਰ ਪੈ ਗਿਆ ਹੈ ਤੇ ਪੱਕਾ ਹੋ ਗਿਆ ਹੈ। ਰੋਪੜ ਵਾਂਗ ਨਹੀਂ ਕਿ ਹਰ ਸਰਕਾਰ ਦੇ ਬਦਲਣ ਨਾਲ ਕਦੇ ਰੂਪ ਨਗਰ ਤੇ ਕਦੇ ਮੁੜ ਰੋਪੜ ਹੋ ਜਾਵੇ। ਮੰਡੀ ਪਹੁੰਚਣ ਵਾਸਤੇ ਅੱਜ ਕਲ ਕਾਫੀ ਰਸਤੇ ਹਨ। ਜਲੰਧਰ ਤੋਂ ਰੋਪੜ ਰਾਹੀਂ, ਜਲੰਧਰ ਤੋਂ ਹੁਸ਼ਿਆਰਪੁਰ ਰਾਹੀਂ, ਜਲੰਧਰ ਤੋਂ ਪਠਾਨਕੋਟ ਰਾਹੀਂ। ਪਠਾਨਕੋਟ ਵਾਲਾ ਰਸਤਾ ਵੀ ਅਗੇ ਦੋ ਤਿੰਨ ਵਾਰ ਵੇਖਿਆ ਹੈ। ਥਕਾਵਟ ਅਤੇ ਅਕੇਵਾਂ ਭਰਿਆ ਹੈ! ਇਸ ਰਸਤੇ ਵਿਚ ਧਰਮਸਾਲਾ, ਪਾਲਮਪੁਰ. ਬੈਜ ਨਾਥ, ਜੁਗਿੰਦਰ ਨਗਰ ਆਉਂਦੇ ਹਨ। ਹੁਸ਼ਿਆਰਪੁਰ ਰਾਹੀਂ ਸਫਰ ਅਜੇ ਨਹੀਂ ਕੀਤਾ ਪਰ ਸਭ ਦੀ ਰਾਇ ਹੈ ਕਿ ਰੋਪੜ ਵਾਲਾ ਰਸਤਾ ਬਹੁਤ ਵਧੀਆ ਹੈ ਇਸੇ ਵਾਸਤੇ ਜਦੋਂ ਰਸਤੇ ਦੀ ਚੋਣ ਦਾ ਸੁਆਲ ਆਉਂਦਾ ਹੈ ਤਾਂ ਆਪਣੇ ਆਪ ਇਹ ਤਰਜੀਹ ਲੈ ਜਾਂਦਾ ਹੈ।

ਬਸ ਨਹਿਰ ਦੇ ਕੰਢੇ ਬਾਦ ਰੋਪੜ ਹੈਡ ਵਰਕਸ ਦੇ ਉਪਰੋਂ ਦੀ ਲੰਘ ਰਹੀ ਸੀ ਤੇ ਥਲੇ ਦਰਿਆ ਸਤਲੁਜ ਦਾ ਬਚਿਆ ਖੁਚਿਆ ਪਾਣੀ ਸਵੇਰ ਵੇਲੇ ਦੇ ਸੂਰਜ ਦੀਆਂ ਠੰਡੀਆਂ ਕਿਰਨਾਂ ਨਾਲ ਚਮਕ ਰਿਹਾ ਸੀ। ਪੰਜਾਬ ਦੇ ਇਤਿਹਾਸ ਨਾਲ ਰੋਪੜ ਦਾ ਡੂੰਘਾ ਸਬੰਧ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਤੇ ਅੰਗਰੇਜ਼ ਗਵਰਨਰ ਜਨਰਲ ਮੈਟਕਾਫ ਦੀ ਮੁਲਾਕਾਤ ਹੋਈ ਸੀ ਅਤੇ ਸੰਧੀ ਹੋਈ ਸੀ। ਇਥੋਂ ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ ਤੇ ਨੰਗਲ ਭਾਖੜਾ ਨੂੰ ਰਸਤਾ ਨਿਕਲਦਾ ਹੈ। ਦੂਸਰੇ ਪਾਸੇ ਚੰਡੀਗੜ੍ਹ ਦੇ ਲਾਗੇ ਹੈ ਇਸ ਵਾਸਤੇ ਦਿੱਲੀ ਚੰਡੀਗੜ੍ਹ ਤੋਂ ਪਹਾੜਾਂ ਨੂੰ ਜਾਣਾ ਵਾਲਾ ਸਾਰਾ ਟਰੈਫਿਕ ਇਥੋਂ ਲੰਘਦਾ ਹੈ। ਜਲੰਧਰ ਅਤੇ ਨੰਗਲ ਭਾਖੜਾ ਜਾਣ ਵਾਸਤੇ ਵੀ ਤਕੜਾ ਕੇਂਦਰ ਹੈ। ਇਥੇ ਰੇਲਵੇ ਦਾ ਵੀ ਸਟੇਸ਼ਨ ਹੈ। ਰੋਪੜ ਦੀ ਸੁੰਦਰਤਾ ਨੂੰ ਵੇਖ ਕੇ ਹੀ ਡਾਕਟਰ ਜਗਜੀਤ ਸਿੰਘ ਨੇ ਗਿੱਲ ਮਨਿਸਟਰੀ ਵੇਲੇ ਇਸ ਨੂੰ ਫਿਲਮ ਨਗਰੀ ਬਨਾਉਣ ਦਾ ਸੁਪਨਾ ਲਿਆ ਸੀ।

ਜਦੋਂ ਸਾਡੀ ਬਸ ਰੋਪੜ ਚੋਕ ਵਿਚ ਪਹੁੰਚੀ ਤਾਂ ਮੈਨੂੰ



Sri Satguru Jagjit Singh Ji Elibrary NamdhariElibrary@gmail.com

ਝੋਲਾ ਪਿਆ ਕਿ ਸੜਕ ਉਤੇ ਅਖਬਾਰਾਂ ਦੀਆਂ ਢੇਰੀਆਂ ਵਿਚ ਝੋਲਾ ਫੜ ਕੇ ਬੈਠਾ ਬੰਦਾ ਜਾਣਿਆ ਪਛਾਣਿਆ ਹੈ। ਉਹ ਜਲੰਧਰੋਂ ਅਜੀਤ ਸਿੰਘ ਸੀ। ਸਾਡੇ ਗੁਆਂਢੀ ਮੁਹਲੇ ਚਹਾਰ ਬਾਗ ਦਾ। ਸਾਡੀ ਬਰਾਦਰੀ ਤੇ ਰਿਸ਼ਤੇਦਾਰੀ ਚੋਂ ਹੀ। ਉਸ ਨੂੰ ਮਿਲਿਆ ਤਾਂ ਉਸ ਦਸਿਆ ਕਿ ਉਹ ਇਥੇ ਅਖਬਾਰਾਂ ਦਾ ਮੁਖ ਏਜੰਟ ਹੈ। ਪਹਿਲਾਂ ਜਲੰਧਰੋਂ ਉਹ ਅਰਬ ਮੁਲਕਾਂ ਵਿਚ ਮੇਹਨਤ ਮਜ਼ਦੂਰੀ ਕਰਨ ਜਾਂਦਾ ਸੀ ਅਤੇ ਇਰਾਕ ਈਰਾਨ ਜੰਗ ਵੇਲੇ ਉਹ ਇਰਾਕੋਂ ਮੁੜਿਆ ਸੀ। ਕਿਤੇ ਦੂਰ ਦੀ ਵਾਕਫੀ ਸਦਕਾ ਰੋਪੜ ਅਖਬਾਰਾਂ ਦਾ ਪਹਿਲਾ ਏਜੰਟ ਉਹਨੂੰ ਏਜੰਸੀ ਵੇਚ ਗਿਆ ਸੀ। ਹੋਰ ਵਰਕਰ ਰਖੇ ਹੋਏ ਹਨ ਅਤੇ ਸਵੇਰੇ ਸਵੇਰੇ ਕੰਮ ਨਿਬੜ ਜਾਂਦਾ ਹੈ। ਉਸ ਦੇ ਪਿਤਾ ਸ: ਸੋਹਣ ਸਿੰਘ ਵੀ ਆ ਗਏ। ਉਹਨਾਂ ਨੂੰ ਉਥੇ ਵੇਖ ਕੇ ਮੈਂ ਕੁਝ ਹੈਰਾਨ ਹੋਇਆ। ਜਦੋਂ ਦੀ ਹੋਸ਼ ਸੰਭਾਲੀ ਹੈ ਉਹਨਾਂ ਨੂੰ ਮੈਂ ਬਜ਼ੁਰਗ ਰੂਪ ਵਿਚ ਹੀ ਵੇਖਿਆ ਹੈ ਅਤੇ ਉਹ ਉਦੋਂ ਦੇ ਉਵੇਂ ਹੀ ਹਨ। ਕੰਮ ਕਰਦੇ ਚਲਦੇ ਫਿਰਦੇ। ਉਹ ਕਹਿਣ ਲਗੇ ਕੱਲ ਮਹਾਰਾਜ ਏਥੇ ਆਏ ਸਨ, ਨਾਲ ਬਹੁਤ ਸੰਗਤ ਸੀ। ਇਥੇ ਨਾਲ ਦੇ ਪਿੰਡ ਗਏ ਸਨ ਚਰਨ ਪਾਉਣ। ਉਹ ਏਥੇ ਹੀ ਹਨ। ਇਸਦਾ ਮਤਲਬ ਕਿ ਸਤਿਗੁਰੂ ਜਗਜੀਤ ਸਿੰਘ ਜੀ ਕਲ੍ਹ ਇਥੇ ਸਨ। ਉਸ ਦੇ ਅੰਦਾਜ਼ੇ ਮੁਤਾਬਕ ਅੱਜ ਵੀ ਏਥੇ ਹੋਣ ਵਾਲੀ ਗੱਲ ਤਾਂ ਮੈਂ ਨਾ ਮੰਨੀ ਕਿਉਂਕਿ ਜਿੰਨਾ ਕੰਮ ਸਤਿਗੁਰੂ ਜੀ ਭੁਗਤਾਉਂਦੇ ਹਨ ਉਸ ਦਾ ਅੰਦਾਜ਼ਾ ਸਾਰਿਆਂ ਨੂੰ ਨਹੀਂ। ਇਸ ਹਿਸਾਬ ਨਾਲ ਉਹ ਕਲ੍ਹ ਇਥੇ ਸੰਗਤਾਂ ਨੂੰ ਦਰਸ਼ਨ ਦੇ ਕੇ ਮੰਡੀ, ਕੁਲੂ ਦੀਆਂ ਸੰਗਤਾਂ ਨੂੰ ਤ੍ਰਿਪਤ ਕਰਦੇ ਹੋਏ ਕਲ੍ਹ ਹੀ ਮਨਾਲੀ ਪਹੁੰਚੇ ਵੀ ਹੋ ਸਕਦੇ ਹਨ। ਮੇਰਾ ਇਹ ਅੰਦਾਜ਼ਾ ਬਾਅਦ ਵਿਚ ਠੀਕ ਨਿਕਲਿਆ।

ਹੁਣ ਸਾਡਾ ਸਫਰ ਨੰਗਲ ਨਹਿਰ ਦੇ ਨਾਲ ਨਾਲ ਸ਼ੁਰੂ ਹੋਇਆ। ਇਹ ਸੜਕ ਅੱਗੇ ਨਾਲੋਂ ਵੀ ਖੂਬਸੂਰਤ ਨਜ਼ਾਰੇ ਪੇਸ਼ ਕਰਦੀ ਹੈ। ਇਹ ਅਨੰਦਪੁਰ ਨੰਗਲ-ਭਾਖੜਾ ਸੜਕ ਹੈ ਤੇ ਦੇਸ਼ ਦੀਆਂ ਸਭ ਤੋਂ ਵਧੀਆ ਸੜਕਾਂ 'ਚੋਂ ਇਕ। ਇਥੇ ਇਸ ਦਾ ਨਾਮ ਗੁਰੂ ਗੋਬਿੰਦ ਸਿੰਘ ਮਾਰਗ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਪਵਿੱਤਰ ਹੋਈ ਉਹਨਾਂ ਦੇ ਮੁਗਲ ਸਾਮਰਾਜ ਵਿਰੁਧ ਕਰੜੇ ਸੰਘਰਸ਼ ਦੀ ਗਵਾਹ। ਇਸ ਸੜਕ ਤੇ ਸਫਰ ਕਰਦਿਆਂ ਉਹਨਾਂ ਸਮਿਆਂ ਦਾ ਇਤਿਹਾਸ ਬਦੋਬਦੀ ਸਾਹਮਣੇ ਆਉਂਦਾ ਹੈ। ਗੁਰਦੁਆਰਾ ਪਰਿਵਾਰ ਵਿਛੋੜਾ, ਸਰਸਾ ਨਦੀ ਦੀ ਉਹ ਕਾਲੀ ਬੋਲੀ ਰਾਤ ਜਦੋਂ ਭਾਣੇ ਵਰਤੇ ਤੇ ਵਿਛੋੜੇ ਪਏ, ਦੀਆਂ ਯਾਦਾਂ ਸਾਂਭੀ ਬੈਠਾ ਹੈ। ਸਰਸਾ ਨਦੀ ਨੂੰ ਨਹਿਰ ਦੇ ਥਲਿਓਂ ਕਢਿਆ ਗਿਆ ਹੈ। ਥਲੇ ਸੁਕਮ ਸੁਕੀ ਸਰਸਾ 'ਵਗ' ਰਹੀ ਹੈ ਉਪਰੋਂ ਭਾਖੜਾ ਨਹਿਰ ਵਿਚ ਪਾਣੀ ਪੰਜਾਬ, ਹਰਿਆਣਾ ਦੇ ਦੂਰ-ਦੁਰੇਡੇ ਇਲਾਕਿਆਂ ਨੂੰ ਹਰਿਆਵਲਾ ਰੱਖਣ ਲਈ ਵਾਹੋ-ਦਾਹੀ ਭਜਿਆ ਜਾ ਰਿਹਾ ਹੈ। ਸਰਸਾ ਨਦੀ ਕਦੀ ਬਹੁਤ ਥਿਫਰ ਕੇ ਚਲੀ ਸੀ ਤੇ ਦਸਮੇਸ਼ ਪਰਿਵਾਰ ਨੂੰ ਵਿਛੋੜੇ ਪਏ ਸਨ ਪਰ ਹੁਣ ਸੁਕੀ ਪਈ ਸੀ।

ਜਲੰਧਰੋਂ ਚਲੀ ਬਸ ਰਸਤੇ ਵਿਚ ਮਾੜਾ ਮੋਟਾ ਹੀ ਰੁਕੀ ਸੀ। ਕੀਰਤਪੁਰ ਆਕੇ ਕੁਝ ਵਿਸਰਾਮ ਕੀਤਾ। ਅਗੋਂ ਪਹਾੜੀ ਸਫਰ ਵੀ ਸ਼ੁਰੂ ਹੋਣਾ ਸੀ ਇਥੇ ਸੁਆਰੀਆਂ ਨੇ ਨਾਸ਼ਤਾ ਕੀਤਾ। ਮੈਂ ਵੀ ਸਫਰ ਦੇ ਛਕਣ ਵਾਲੇ ਸਾਮਾਨ ਨਾਲ ਲੈਸ ਸਾਂ। ਮੇਰਾ ਸੁਭਾਅ ਐਸਾ ਹੈ ਜਾਂ ਸਰੀਰ ਦੀ ਹਾਲਤ ਐਸੀ ਕਿ ਜੇਕਰ ਕੁਝ ਸਮੇਂ ਸਫਰ ਕਰਕੇ ਥੋਹੜਾ ਖਾ ਲਿਆ ਜਾਵੇ ਤਾਂ ਸਫਰ ਠੀਕ ਰਹਿੰਦਾ ਹੈ। ਅਧ ਭਰਿਆ ਪੇਟ ਵਧੀਆ ਰਹਿੰਦਾ ਹੈ। ਥੋਹੜਾ ਥੋਹੜਾ ਕਰਕੇ ਕੁਝ ਹਲਕਾ ਫੁਲਕਾ ਖਾਈ ਜਾਵੋ। ਨਾ ਤਾਂ ਨੀਂਦ ਆਵੇਗੀ ਨਾ ਦਿਲ ਖਰਾਬ ਹੋਵੇਗਾ। ਇਸੇ ਕਰਕੇ ਮਿੱਠੀਆਂ ਖੱਟੀਆਂ ਟਾਫੀਆਂ, ਬਿਸਕੁਟ ਨਮਕੀਨ ਨਿੰਬੂ, ਚੂਰਨ, ਅਚਾਰ, ਪਰਾਉਠੇ ਆਦਿਕ ਸਭ ਕੁਝ ਸੀ। ਕਿਥੇ ਕੀ ਖਾਧਾ? ਦਸਣ ਨਾਲ ਕੀ ਫਰਕ ਪੈਂਦਾ ਹੈ।

ਕੀਰਤਪੁਰ ਤੋਂ ਥੋਹੜੀ ਦੂਰ ਹੀ ਪਹਾੜੀ ਸਫਰ ਸ਼ੁਰੂ ਹੋ ਜਾਂਦਾ ਹੈ। ਸਵਾਰ ਘਾਟ ਦੀ ਉੱਚੀ ਘਾਟੀ। ਸੁਧੀ ਚੜ੍ਹਾਈ ਹੀ ਚੜ੍ਹਾਈ। ਬਸ ਪਹਾੜਾਂ ਵਿਚ ਵਲੇਵੇਂ ਮਾਰਕੇ ਉੱਪਰ ਹੀ ਉਪਰ ਤੁਰੀ ਜਾਂਦੀ ਹੈ ਇੰਜਣ ਦਾ ਸਾਰਾ ਜ਼ੋਰ ਲਗ ਰਿਹਾ ਹੈ।

ਸਵਾਰ ਘਾਟ ਦੀ ਚੜ੍ਹਾਈ ਵੇਲੇ ਨਾਲ ਨਾਲ ਚਲਦੀਆਂ ਖੱਡਾਂ ਡੂੰਘੀਆਂ ਹੁੰਦੀਆਂ ਜਾਂਦੀਆਂ। ਕਦੇ ਇਹ ਸਜੇ ਹੱਥ ਹੋ ਜਾਂਦੀਆਂ ਕਦੇ ਖਬੇ। ਕਿਤੋਂ ਕਿਤੋਂ ਦੂਰ ਪਿਛੇ ਛੱਡ ਆਏ ਮੈਦਾਨਾਂ ਅਤੇ ਨਹਿਰਾਂ ਦੀ ਵੀ ਝਲਕ ਪੈਂਦੀ। ਬਸ ਦੀ ਘੂੰ ਘੂੰ ਜ਼ਿਆਦਾ ਹੋਈ ਜਾਂਦੀ ਤੇ ਰਫਤਾਰ ਮਠੀ ਪਹਿਲੇ ਦੂਜੇ ਗੇਅਰ ਵਿਚ ਵੀ ਜ਼ਿਆਦਾ ਗਡੀ ਚਲਦੀ। ਵਲੇਵੇਂਦਾਰ ਸੜਕਾਂ ਤੇ ਦੂਰ ਨਜ਼ਰ ਪੈਂਦੀ ਤਾਂ ਬਸ ਟਰੱਕ ਇਵੇਂ ਨਜ਼ਰ ਪੈਂਦੇ ਜਿਵੇਂ ਸਾਬਨ ਦਾਨੀਆਂ ਸਿਰਕ ਰਹੀਆਂ ਹੋਣ। ਸਵਾਰ ਘਾਟ ਜਾਂਦਿਆਂ ਰਾਹ ਵਿਚ ਹੀ ਹਿਮਾਚਲ ਪਰਦੇਸ ਸ਼ੁਰੂ ਹੋ



Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ। ਸਵਾਰ ਘਾਟ ਦੀ ਚੜ੍ਹਾਈ ਬਹੁਤ ਹੀ ਸਿਧੀ ਹੈ। ਉਪਰ ਜਾ ਕੇ ਬਸਾਂ ਕੁਝ ਦੇਰ ਰੁਕਦੀਆਂ ਹਨ। ਗਰਮ ਹੋਏ ਇੰਜਨ ਕੁਝ ਠੰਡੇ ਹੁਦੇ ਹਨ। ਸਵਾਰੀਆਂ ਚਾਹ ਪਾਣੀ ਪੀਂਦੀਆਂ ਹਨ। ਸਵਾਰ ਘਾਟ ਦੀ ਟੀਸੀ ਤੋਂ ਉਤਰਾਈ ਸ਼ੁਰੂ ਹੋ ਜਾਂਦੀ ਹੈ। ਥੋਹੜੀ ਦੇਰ ਵਲੇਵੇਂ ਖਾਂਦੀ ਸੜਕ ਤੇ ਸੁਹਾਵਣੇ ਦ੍ਰਿਸ਼ਾਂ ਨੂੰ ਦਿਖਾਂਦੀ ਅਤੇ ਅਲੋਪ ਕਰਦੀ ਹੋਈ ਬਸ ਇਕ ਐਸੇ ਥਾਂ ਆਉਂਦੀ ਹੈ, ਜਿਥੇ ਗੋਬਿੰਦ ਸਾਗਰ ਦੇ ਕੰਢੇ ਤੇ ਬਿਲਾਸਪੁਰ ਦਾ ਸ਼ਹਿਰ ਸਾਹਮਣੇ ਦਿਸ ਰਿਹਾ ਹੁੰਦਾ ਹੈ। ਬਿਲਾਸਪੁਰ ਕਦੀ ਰਿਆਸਤ ਦੀ ਰਾਜਧਾਨੀ ਹੁੰਦਾ ਸੀ ਅਤੇ ਬਾਈਧਾਰ ਦੀਆਂ ਰਿਆਸਤਾਂ ਚੋਂ ਇਕ ਪ੍ਰਮੁਖ ਸੀ। ਇਹ ਦਰਿਆ ਸਤਿਲੁਜ ਦੇ ਕੰਢੇ ਵਸਿਆ ਸ਼ਹਿਰ ਹੈ ਕਿ ਜਦੋਂ ਦਾ ਭਾਖੜੇ ਦਾ ਡੈਮ ਬਣਿਆ ਹੈ ਸਤਿਲੁਜ ਦਾ ਪਾਣੀ ਮੀਲਾਂ ਤੱਕ ਪਹਾੜੀਆਂ ਵਿਚ ਝੀਲ ਰੂਪ ਵਿਚ ਜਮਾ ਰਹਿੰਦਾ ਹੈ ਜਿਸ ਨੂੰ ਗੋਬਿੰਦ ਸਾਗਰ ਕਿਹਾ ਜਾਂਦਾ ਹੈ। ਗੋਬਿੰਦ ਸਾਗਰ ਕਾਰਨ ਬਲਾਸਪੁਰ ਦੀਆਂ ਦਰਿਆਂ ਕੰਡੇ ਆਬਾਦੀਆਂ ਨੂੰ ਹਟਾਉਣਾ ਪਿਆ ਹੈ। ਇਵੇਂ ਹੀ ਕਈਆਂ ਪਿੰਡਾਂ ਨੂੰ ਸਾਰੀ ਝੀਲ ਦੀ ਜ਼ਦ ਵਿਚ ਆਉਣ ਕਰਕੇ ਉਠਣਾ ਪਿਆ ਸੀ।

ਬਿਲਾਸਪੁਰ ਸ਼ਹਿਰ ਦਾ ਸੁੰਦਰ ਨਜ਼ਾਰਾ ਹੈ ਜਿਥੇ ਗੋਬਿੰਦਸਾਗਰ ਦੇ ਵਲੇਵੇਂਦਾਰ ਪਾਣੀ ਹਨ। ਬਸ ਦੀ ਘੁਮ ਘੁਮਾਈ ਵਿਚ ਇਹ ਨਜ਼ਾਰਾ ਕਦੀ ਦਿਸਦਾ ਹੈ ਕਦੀ ਅਲੋਪ ਹੋ ਜਾਂਦਾ ਹੈ। ਬਲਾਸਪੁਰ ਦਾ ਸਿਧਾ ਫਾਸਲਾ ਇਥੋਂ ਕੇਵਲ ਦਸ ਕਿਲੋਮੀਟਰ ਹੈ ਅਤੇ ਪਹਿਲੀ ਵਾਰ ਆਇਆ ਯਾਤਰੀ ਸਮਝਦਾ ਹੈ ਕਿ ਅਸੀਂ ਹੁਣੇ ਹੀ ਬਿਲਾਸਪੁਰ ਪੁਜ ਜਾਵਾਂਗੇ। ਪਰ ਠਹਿਰੋ, ਅਜੇ ਬਲਾਸਪੁਰ ਦੂਰ ਹੈ। ਅਸਲੀ ਫਾਸਲਾ ਸੜਕ ਰਾਹੀਂ ੪੦ ਕਿਲੋਮੀਟਰ ਹੈ ਜੀ ਅਤੇ ਸੜਕ ਦੇ ਲੰਮੇ ਜਲੇਬੀ ਵਲ ਸ਼ੁਰੂ ਹੁੰਦੇ ਹਨ। ਬਲਾਸਪੁਰ ਅਤੇ ਸਵਾਰ ਘਾਟ ਵਿਚਕਾਰ ਇਕ ਹਜ਼ਾਰਾਂ ਫੁਟ ਡੂੰਘੀ ਖੱਡ ਹੈ। ਜਿਦੇ ਵਲ ਧਿਆਨ ਜਾਂਦਿਆਂ ਵੱਡੇ ਵੱਡੇ ਨਾਸਤਕ ਵੀ ਆਸਤਕ ਬਣ ਜਾਂਦੇ ਹਨ। ਇਸ ਖੱਡ ਨੂੰ ਹੀ ਪਾਰ ਕਰਨ ਵਾਸਤੇ ਸੜਕ ਫੇਰ ਹੇਠਾਂ ਵਲ ਜਾਂਦੀ ਹੈ। ਬਸ ਚਾਲਕ ਤੋਂ ਜ਼ਰਾ ਜਿਨੀ ਬੇਧਿਆਨੀ ਹੋਈ ਨਹੀਂ ਕਿ ਤੁਸੀਂ ਸਿੱਧੇ ਥਲੇ ਖੱਡ ਵਿਚ ਅਤੇ ਡੂੰਘਾਈ ਏਨੀ ਕਿ ਬਸ-ਗੱਡੀ ਦੇ ਥਲੇ ਪਹੁੰਚਣ ਤੋਂ ਪਹਿਲਾਂ ਤੁਹਾਡੇ ਪਰਾਨ ਰਾਹ ਵਿਚ ਹੀ ਸਰੀਰ ਤਿਆਗ ਗਏ ਹੋਣਗੇ। ਪਰ ਘਬਰਾਓ ਨਹੀਂ ਬਸ ਡਿਗਦੀ ਨਹੀਂ ਡਰਾਈਵਰ ਬਹੁਤ ਹੁਸ਼ਿਆਰ ਹਨ। ਗੱਡੀਆਂ ਦੀ ਚਾਲ ਸਮਤੋਲ ਵਿਚ ਹੁੰਦੀ ਹੈ। ਇਸ ਵਾਸਤੇ ਜੋ ਮੌਤ ਆਉਣੀ ਵੀ ਹੋਵੇ ਤਾਂ ਉਸ ਵਲੋਂ ਬੇਧਿਆਨੀ ਕਰਕੇ ਕੁਦਰਤ ਦੀਆਂ ਮਹਾਨ ਰਚਨਾਵਾਂ ਦਾ ਅਨੰਦ ਮਾਣੋਂ। ਮੌਤ ਤਾਂ ਨਿਸਚਿਤ ਸਮੇਂ ਤੇ ਹੀ ਆਉਣੀ ਹੈ ਇਸ ਵਾਸਤੇ ਉਸ ਤੋਂ ਡੱਰ ਡੱਰ ਕੇ ਮਰਣ ਦੀ ਕੀ ਲੋੜ ਹੈ। ਗਾਲਿਬ ਨੇ ਕਿਹਾ ਹੈ।

ਮੌਤ ਕਾ ਏਕ ਦਿਨ ਮੁਅਈਨ ਹੈ
ਨੀਂਦ ਕਿਉਂ ਰਾਤ ਭਰ ਨਹੀਂ ਆਤੀ।

ਸ੍ਰੀ ਪ੍ਰੀਤਮ ਸਿੰਘ ਜੀ ਕਵੀ ਬਹੁਤ ਸਫਰ ਕਰਦੇ ਹਨ ਪਰ ਉਹ ਕਹਿੰਦੇ ਹਨ ਕਿ ਮੈਂ ਇਸ ਵਿਸ਼ਵਾਸ਼ ਨਾਲ ਚਲਦਾ ਹਾਂ ਕਿ "ਜਿਸ ਗੱਡੀ ਵਿਚ ਮੈਂ ਬੈਠਾ ਹੋਵਾਂ ਉਸ ਨੂੰ ਕਦੇ ਕੁਝ ਨਹੀਂ ਹੋ ਸਕਦਾ"। ਸਫਰ ਵਿਚ ਇਹ ਵਿਸ਼ਵਾਸ਼ ਬਹੁਤ ਲੋੜੀਂਦਾ ਹੈ। ਸਫਰ ਵਿਚ ਰੋਜ਼ ਐਕਸੀਡੈਂਟ ਹੁੰਦੇ ਸੁਣੀਦੇ ਹਨ ਪਰ ਇਹ ਵੀ ਹਕੀਕਤ ਹੈ ਕਿ ਜਿਹੜੇ ਜ਼ਿੰਦਗੀ ਭਰ ਸਹੀ ਸਲਾਮਤ ਸਫ਼ਰ ਕਰਦੇ ਰਹੇ ਹਨ ਜਿਹਨਾਂ ਦੀ ਗਿਣਤੀ ਵੀ ਅਥਾਹ ਹੈ।

ਘੁਮਦਿਆਂ ਘੁਮਾਉਂਦਿਆਂ ਬਸ ਧੁਰ ਹੇਠ ਪਹੁੰਚਦੀ ਹੈ ਉਥੇ ਪੁਲ ਬਣਿਆ ਹੈ ਜਿਸ ਦੇ ਹੇਠਾਂ ਪਾਣੀ ਗੋਬਿੰਦ ਸਾਗਰ ਵਲ ਜਾ ਰਿਹਾ ਹੈ। ਇਸ ਪੁਲ ਤੋਂ ਖਡ ਪਾਰ ਕਰਕੇ ਫਿਰ ਉਪਰ ਨੂੰ ਵਲੇਵੇਂਦਾਰ ਚੜ੍ਹਾਈ ਚੜ੍ਹ ਕੇ ਬਿਲਾਸ ਪੁਰ ਅੱਡੇ ਤੇ ਪਹੁੰਚੀ।

ਬਲਾਸਪੁਰ ਤੋਂ ਇਵੇਂ ਹੀ ਖਡਾਂ ਵਿਚ ਖੱਬੇ ਸੱਜੇ, ਹੇਠਾਂ ਉੱਪਰ ਹੁੰਦੀ ਬਸ ਸੁੰਦਰ ਨਗਰ ਪਹੁੰਚ ਗਈ।

★



Sri Satguru Jagjit Singh Ji Elibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੋਸ਼ਟਿਕ ਬਿਸਕੁਟ ਬਨਾਉਣ ਵਾਲੇ

# ਅੰਬਰ ਫੂਡਜ਼

ਹੈਦਰਾਬਾਦ

# AMBER FOOD

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com



[illegible] ਸਿੰਘ ਸੇਖਾਂ
ਸਨਮਾਨਤ ਲੇਖਕ



ਸੋਹਨ ਸਿੰਘ ਜੋਸ਼
ਸੰਗਰਾਮੀਆ ਸਾਹਿਤਕਾਰ



ਸ. ਸ. ਅਮੋਲ
ਸਨਮਾਨਤ ਲੇਖਕ



ਡਾ: ਰੋਸ਼ਨ ਲਾਲ ਆਹੂਜਾ
ਬਜ਼ੁਰਗ ਸਾਹਿਤਕਾਰ



ਸਾਧੂ ਸਿੰਘ ਹਮਦਰਦ
ਸਾਬਕ ਪ੍ਰਧਾਨ



ਕੁਲਵੰਤ ਸਿੰਘ ਵਿਰਕ
ਸਨਮਾਨਤ ਲੇਖਕ



Sri Satguru Jagjit Singh Ji Elibrary NamdhariElibrary@gmail.com

# ਲੇਖਕ ਸਭਾ ਦੇ ਹਿਤੂ



ਜਥੇਦਾਰ ਸੰਤੋਖ ਸਿੰਘ



ਸ: ਜਗਤ ਸਿੰਘ ਪਲਾਹੀ



ਜਗੀਰ ਸਿੰਘ ਜਗਤਾਰ



ਪ੍ਰੀਤਮ ਸਿੰਘ ਕਵੀ



ਠਾਕਰ ਦਾਸ ਚਾਵਲਾ



ਜਗਦੀਸ਼ ਸਿੰਘ



Sri Satguru Jagjit Singh Ji Elibrary NamdhariElibrary@gmail.com



ਜਸਵੰਤ ਸਿੰਘ ਕੰਵਲ
ਸਾਬਕਾ ਜ: ਸੱਕਤ੍ਰ



ਡਾ: ਅਤਰ ਸਿੰਘ
ਸਾਬਕਾ ਜ: ਸਕਤ੍ਰ



ਈਸ਼ਰ ਸਿੰਘ ਅਟਾਰੀ
ਸੋਵੀਨਰ ਐਕਸਪਟਟ



ਹਰਭਜਨ ਬਾਜਵਾ
ਸਹਿਤਕ ਤਸਵੀਰਾਂ ਦਾ ਭੰਡਾਰ



ਜੰਗ ਬਹਾਦਰ ਸਿੰਘ ਘਈ
ਲੇਖਕ ਸਭਾ ਜਲੰਧਰ ਦਾ ਨਿਪੁੰਨ ਸਕਤ੍ਰ



Sri Satguru Jagjit Singh Ji Elibrary NamdhariElibrary@gmail.com

# ਵਿਛੜੇ ਲੇਖਕ



ਗਿ: ਹੀਰਾ ਸਿੰਘ ਦਰਦ
ਲੇਖਕ ਸਭਾ ਦੇ ਬੁਨਿਆਦਕਾਰ



ਪ੍ਰੋ: ਮੋਹਨ ਸਿੰਘ
(ਮੋਤੇ ਫੁੱਲ ਬਨਾਂ ਵਿਚ ਪਤ੍ਰਣੇ)



ਗੁਰਬਖਸ਼ ਸਿੰਘ ਪ੍ਰੀਤਲੜੀ
(ਪ੍ਰੀਤਾਂ ਦਾ ਪਹਿਰੇਦਾਰ)



ਗੁਰਚਰਨ ਸਿੰਘ ਸਹਿੰਸਰਾ
(ਸਭਾ ਲਈ ਨਿਛਾਵਰ)



ਗੁਰਮੁਖ ਸਿੰਘ ਮੁਸਾਫਰ
ਸਾਬਕਾ ਪ੍ਰਧਾਨ



Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 258411
Phones : Office : 250345
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬,

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA,**

**(Behind Jubilee Cinema)**

**CHANDNI CHOWK, DELHI-110006**



Sri Satguru Jagjit Singh Ji Elibrary NamdhariElibrary@gmail.com

ਸ਼ਬਦ ਚਿੱਤਰ

# ਜਥੇਦਾਰ ਨਿਰੰਜਨ ਸਿੰਘ

—ਜਗਦੀਸ਼ ਸਿੰਘ

ਜਥੇਦਾਰ ਨਿਰੰਜਨ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਹ ਇਸ ਵੇਲੇ ਹੱਲੇ ਦਾ ਟਕਸਾਲੀ ਦੀਵਾਨ ਲਾਉਣ ਵਾਲੇ ਹਨ। ਨਾਮਧਾਰੀਆਂ ਦਾ ਹੱਲੇ ਦਾ ਟਕਸਾਲੀ ਦੀਵਾਨ ਕੀ ਹੁੰਦਾ ਹੈ ? ਜਥੇਦਾਰ ਖੜਾ ਹੋ ਕੇ ਉਚੀਆਂ ਸੁਰਾਂ 'ਚ ਧਾਰਨ ਪੜ੍ਹ ਰਿਹਾ ਹੋਵੇ। ਇਕ ਹੱਥ ਕੰਨ ਤੇ ਹੋਵੇ ਤੇ ਬਾਂਹ ਚੁਕੀ ਹੋਈ ਹੋਵੇ ਅੱਖਾਂ ਮੀਟੀਆਂ ਹੋਣ। ਥੱਲੇ ਪੰਜਾਹ ਕੁ ਬੰਦੇ ਮਗਰ ਸ਼ਬਦ ਪੜਣ ਵਾਲੇ ਹੋਣ ਇਕ ਦੋ ਢੋਲਕਾਂ ਵਾਲੇ ਹੋਣ ੨੦ ਕੁ ਜੋੜੀਆਂ ਛੈਣਿਆਂ ਦੀਆਂ ਹੋਣ। ਏਨੇ ਕੁਝ ਦੇ ਉਤੋਂ ਦੀ ਜਾ ਕੇ ਜਥੇਦਾਰ ਪਹਿਲਾਂ ਪੜੇ ਤੇ ਮਗਰੋਂ ਜਥੇ ਵਾਲੇ ਬੋਲਣ। ਜੇ ਤੇ ਲਾਗੇ ਚਾਗੇ ਦੇ ਪਿੰਡਾਂ ਤਕ ਆਵਾਜ਼ ਚਲੀ ਜਾਵੇ ਤਾਂ ਇਹ ਟਕਸਾਲੀ ਦੀਵਾਨ ਹੋਇਆ।

ਮੈਂ ਜਥੇਦਾਰ ਨਿਰੰਜਨ ਸਿੰਘ ਦੇ, ਟਿਕ ਕੇ, ਬੈਠ ਕੇ ਬਹੁਤ ਘੱਟ ਦੀਵਾਨ ਸੁਣੇ ਹਨ ਪਰ ਭੈਣੀ ਸਾਹਿਬ ਦੇ ਮੇਲਿਆਂ ਅਤੇ ਜਾਂ ਫਿਰ ਰਾਣੀਆਂ ਦੇ ਹੋਲੇ ਤੇ ਬਹੁਤ ਜਲਵੇ-ਦਾਰ ਦੀਵਾਨ ਦੇਖੇ ਹਨ।

ਅਸੂ ਦੇ ਪਰਯੋਗ ਦੇ ਮੇਲੇ ਤੇ ਬੋਹੜਾਂ ਥੱਲੇ ਜਥੇਦਾਰ ਹੋਰਾਂ ਦਾ ਦੀਵਾਨ ਸੀ। ਜੀਵਨ ਨਗਰ ਦੇ ਆਲੇ ਦੁਆਲੇ ਦੇ ਸਾਰੇ ਪਿੰਡਾਂ ਵਾਲਿਆਂ ਦਾ ਪਿੜ ਬੱਝਾ ਹੋਇਆ ਸੀ। ਭਰਵੇ ਜੁਸਿਆਂ, ਲੰਮੀਆਂ ਦਾੜੀਆਂ ਅਤੇ ਚੋੜੀਆਂ ਛਾਤੀਆਂ ਵਾਲੇ ਕਿਸਾਨ ਆਪਣੀਆਂ ਢਿਲਮ ਢਿਲੀਆਂ ਦਸਤਾਰਾਂ ਨਾਲ ਸ਼ਬਦ ਪੜਦੇ ਤੇ ਛੈਣੇ ਵਜਾਉਂਦੇ ਮਸਤੀ ਬਖੇਰ ਰਹੇ ਸਨ। ਸੂਫੀਆਣਾ ਵਜਦ ਦਾ ਮਾਹੌਲ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਦਾ ਪਰਸੰਗ ਸੀ। ਜਥੇਦਾਰ ਨਿਰੰਜਨ ਸਿੰਘ ਦੇ ਅੰਦਰੋਂ ਜਿਵੇਂ ਕਵਿਤਾ ਦ ਗੁਰਬਾਣੀ ਦਾ, ਤੇ ਪਰਮਾਣਾਂ ਦਾ ਲਾਵਾ ਫਟਿਆ ਹੋਏ ਆਪਣੇ ਅੰਦਾਜ਼ 'ਚ ਬਾਂਹ ਖੜੀ ਕਰਕੇ ਜਦੋਂ ਬਿਰਹਾ ਭਿਜੀ ਨੂੰ ਲੰਮੀ ਵਛੋੜੇ ਵਾਲੀ ਹੇਕ ਲਾ ਕੇ ਗਾਉਂਦੇ ਤਾਂ ਸੰਗਤ ਹਿਰਦਿਆਂ ਨੂੰ ਅਣੀਆਲੇ ਤੀਰ ਬਣ ਕੇ ਲਗਦੀ। ਜਥੇਦ ਦਾ ਸਾਰਾ ਸਰੀਰ ਪਸੀਨੋਂ ਪਸੀਨਾ ਹੋਇਆ ਪਿਆ ਸੀ। ਚਮ ਦਾ ਦਿਨ ਦਰਖਤਾਂ ਦੇ ਪਤੇ ਵੀ ਅਹਿਲ ਹੋਏ ਪਏ ਸਨ ਸੰਗਤਾਂ ਦਾ ਕੋਈ ਪਾਰਾਵਾਰ ਨਹੀਂ ਸੀ। ਤੇ ਜਦੋਂ ਜਥੇਦ ਉਚੀ ਸੁਰ ਵਿਚ ਧਾਰਨ ਪੜਦੇ ਤਾਂ ਮਗਰ ਦੋ ਸੋ ਸਿੱਖਾਂ ਜੱਥਾ ਉਸੇ ਧਾਰਨ ਨੂੰ ਫੜ ਲੈਂਦਾ। ਦੋ ਢੋਲਕਾਂ ਮਿਲ ਵਜ ਰਹੀਆਂ ਸਨ। ਉਧਰੋਂ ਨਿਤਨੇਮ ਤੇ ਰਾਗੀਆਂ ਕੀਰਤਨ ਦਾ ਵਕਤ ਹੋ ਗਿਆ ਸੀ। ਪਰ ਕਿਸੇ ਦਾ ਹਟਾਉ ਨੂੰ ਜੀਅ ਨਹੀਂ ਸੀ ਕਰਦਾ। ਸਤਿਗੁਰਾਂ ਕੋਲ ਉਚੇਚਿ ਬੇਨਤੀ ਕਰਕੇ ਜਥੇਦਾਰ ਦੇ ਦੀਵਾਨ ਦਾ ਵਕਤ ਵਧਾਇ ਗਿਆ।

ਰਾਣੀਆਂ ਹੋਲਾ (੧੯੮੦) ਵਿਚ ਜਥੇਦਾਰ ਨਿਰੰਜ ਸਿੰਘ ਦਾ ਦੀਵਾਨ ਉਚੇ ਸਟੇਜ ਤੇ ਲਗਾ ਹੋਇਆ ਸੀ ਸੰਗਤਾਂ ਦੀ ਹਾਜ਼ਰੀ ਦਾ ਸਿਖਰ ਸੀ। ਜਿਧਰ ਵੇਖੋ ਸਭ ਦਿ ਚਟੈਣ ਹੋਇਆ ਪਿਆ ਸੀ। ਜਥੇਦਾਰ ਜੀ ਦਾ ਦੀਵਾਨ ਪ ਜੋਬਨ ਤੇ ਸੀ। ਸੰਤ ਨਰੈਣ ਸਿੰਘ ਢੋਲਕੀ ਵਾਲਾ ਮਿੰਟ ਮਿ ਤੇ ਤਾਲ ਬਦਲ ਰਿਹਾ ਸੀ ਅਤੇ ਜਿਵੇਂ ਆਟੋਮੈਟਿਕ ਸਿਸਟ ਕਰਮ ਹੋਵੇ, ਨਾਲ ਹੀ ਛੈਣਿਆਂ ਵਾਲੇ ਖੜਤਾਲਾਂ ਵਾਲਿਆ ਦਾ ਤਾਲ ਬਦਲਦਾ ਸੀ। ਜਥੇ ਵਿਚ ਖਲੋਤੇ ਜਥੇਦ ਨਿਰੰਜਨ ਸਿੰਘ ਦਿਖਾਈ ਨਹੀਂ ਸਨ ਦੇ ਰਹੇ ਕਿਉਂਕਿ ਟੇ ਰਿਕਾਰਡ ਮਸ਼ੀਨਾਂ ਵਾਲਿਆਂ ਨੇ ਸਟੇਜ ਦੇ ਦੁਆਲੇ ਇ ਵਾੜ ਬਨਾਈ ਹੋਈ ਸੀ। ਫੇਰ ਉਹਨਾਂ ਦਾ ਇਕ ਸ਼ਾਗਿਰ ਜਥੇਦਾਰ ਗੁਰਬਚਨ ਸਿੰਘ ਨਾਲ ਆ ਖਲੋਤਾ ਤੇ ਦੋ ਜਥੇਦਾਰਾਂ ਨੇ ਮੁੰਦ ਮੁੰਦ ਕੇ ਧਾਰਨਾਂ ਪੜੀਆਂ।

ਨਾਮਧਾਰੀਆਂ ਦੇ ਹਲੇ ਦੇ ਦੀਵ ਦੀ ਆਪਣਾ ਹੀ ਸ਼ੈਲੀ ਤੇ ਅਪਣਾ ਹੀ ਅਨੂਠਾ ਸੁਆਦ ਹੈ ਨਾਮਧਾਰੀਆਂ ਵਿਚ ਰਾਗ ਸੰਗੀਤ ਵਿਚ ਵੀ ਬਹੁਤ ਪ੍ਰਚਲ ਹੈ ਅਤੇ ਇਸ ਦੀਆਂ ਬਹੁਤ ਧੁਮਾਂ ਹਨ ਪਰ ਹੱਲੇ ਦੇ ਦੀਵ ਦਾ ਤਾਂ ਜਨ ਸਾਧਾਰਨ ਵੀ ਸੁਆਦ ਮਾਣਦਾ ਹੈ ਇਸ ਵਾ ਕਈਆਂ ਨੇ ਇਸਦਾ ਨਾਮ 'ਪੰਜਾਬੀ ਪ੍ਰੋਗਰਾਮ" ਵੀ ਰਖਿ ਹੋਇਆ ਹੈ।



Sri Satguru Jagjit Singh Ji Elibrary NamdhariElibrary@gmail.com



ਹੱਲੇ ਦਾ ਦੀਵਾਨ

ਜਥੇਦਾਰ ਨਿਰੰਜਣ ਸਿੰਘ ਇਕ ਮੌਢੇ ਨੂੰ ਤੁਣਕਾ ਮਾਰ, ਬਾਂਹ ਖੜੀ ਕਰ ਕੇ ਵਜਦ ਵਿਚ ਸ਼ਬਦ ਪੜ੍ਹ ਰਹੇ ਹਨ। ਥਲੇ ਨਰੈਣ ਸਿੰਘ (ਢੋਲਕ ਤੇ), ਗੁਰਬਖਸ਼ ਸਿੰਘ (ਹਾਰਮੋਨੀਅਮ) ਅਤੇ ਹੋਰ ਜਥੇ ਵਾਲੇ ਬੈਠੇ ਹਨ।

ਜਥੇਦਾਰ ਨਿਰੰਜਨ ਸਿੰਘ ਦਾ ਬਿਆਨ ਭਾਵੇਂ ਬਹੁਤਾ ਪੜ੍ਹਿਆਂ ਲਿਖਿਆਂ ਵਾਲਾ 'ਆਲਮਾਨਾ' ਨਹੀਂ ਹੁੰਦਾ ਪਰ ਸਾਧਾਰਨ ਬੋਲਚਾਲ ਵਿਚ ਆਮ ਲੋਕਾਂ ਦੇ ਹਿਰਦੇ 'ਚ ਉਤਰਦਾ ਹੈ। ਸ਼ਬਦ ਉਚਾਰਨ ਵੱਲ ਧਿਆਨ ਨਾ ਦਿਓ ਤਾਂ ਗੱਲ ਬੜੀ ਸਿਧੇ ਸ਼ਬਦਾਂ ਵਿਚ ਲੋਕ ਦਲੀਲਾਂ ਨਾਲ ਕਰਦੇ ਹਨ ਜੋ ਕਾਇਲ ਕਰਦੀ ਹੈ। ਪਿੰਡਾਂ ਵਿਚ ਆਮ ਵਰਤੀ ਜਾਣ ਵਾਲੀ ਸਰਲ ਬੋਲੀ ਬੋਲਦੇ ਹਨ ਜੋ ਬਨਾਵਟ ਰਹਿਤ ਹੋਣ ਕਾਰਨ ਸੁਧ ਰੂਪ ਵਿਚ ਆਪਣਾ ਪ੍ਰਭਾਵ ਪਾਉਂਦੀ ਹੈ। ਸੰਖੇਪਤਾ ਵਾਸਤੇ 'ਓਣ ਆਖਿਆ' ਕਹਿ ਕਹਿ ਕੇ ਹੀ ਕਹਾਣੀ ਅਗੇ ਤੋਰ ਦਿੰਦੇ ਹਨ।

"ਓਣ ਆਖਿਆ ਮੈਂ ਮਾਤ ਲੋਕ ਤੇ ਚਲਿਆਂ
ਓਣ ਆਖਿਆ ਚਲ ਮੈਂ ਤੇਰੇ ਮਗਰੇ ਈ ਆਇਆਂ
ਓਣ ਆਖਿਆ ਮੈਂ ਦੋ ਤੋਂ ਇਕ ਕਰ ਦਊਂ
ਓਣ ਆਖਿਆ ਮੈਂ ਦੋ ਤੋਂ ਤਿੰਨ ਕਰ ਦਊਂ

ਓਣ ਆਖਿਆ ਜੇ ਤਾਂ ਬੰਦੇ ਦਾ ਪੁਤ ਬਣ ਕੇ ਰਿਹਾ ਤਾਂ ਠੀਕ ਹੈ ਨਹੀਂ ਤਾਂ ਮਗਰੇ ਈ ਆਇਆ ਜਾਣ। ਆਣ ਕੇ ਸੂਤ ਕਰੂੰ ਤੈਨੂੰ।"

ਇਹ ਵਾਰਤਾਲਾਪ ਗੁਰੂ ਗੋਬਿੰਦ ਸਿੰਘ ਜੀ ਤੇ ਔਰੰਗਜ਼ੇਬ ਦੇ ਕਿਸੇ ਪਿਛਲੇ ਜਨਮ ਦਾ ਹੈ।

ਸਾਦਗੀ ਨਿਰਮਾਨਤਾ ਜਥੇਦਾਰ ਨਿਰੰਜਨ ਸਿੰਘ ਦੇ ਵਿਸ਼ੇਸ਼ ਗੁਣ ਹਨ। ਬੋਲਣ ਵਿਚ ਵਿਵਹਾਰ ਵਿਚ, ਉਠਣ ਬੈਠਣ ਤੇ ਖਾਣ ਪਾਣ ਵਿਚ ਵੀ। ਜੇ ਜਥੇਦਾਰ ਨਿਰੰਜਨ ਸਿੰਘ ਨਾਲ ਕੁਝ ਸਮਾਂ ਤੁਹਾਨੂੰ ਰਹਿਣ ਦਾ ਅਵਸਰ ਮਿਲੇ ਤਾਂ ਇਸ ਬੰਦੇ ਦੀ ਕਈ ਘੰਟੇ ਦੀਵਾਨ ਲੌਣ ਨਿਤ ਦੀ ਕਾਰ ਵੇਖਕੇ ਹੈਰਾਨ ਹੋਵੋਗੇ ਅਤੇ ਗੱਲਾਂ ਸੁਣ ਸੁਣ



Sri Satguru Jagjit Singh Ji Elibrary NamdhariElibrary@gmail.com



ਘੜੀ ਅੱਜ ਦੀ ਸੁਲੱਖਣੀ ਹੋਇਆ ਸਾਧੂ ਸੰਗ
ਰਾਣੀਆਂ ਹੋਲੇ ਸਮੇਂ ਜਥੇਦਾਰ ਨਰੰਜਨ ਸਿੰਘ ਤੇ ਗੁਰਬਚਨ ਸਿੰਘ ਦਾ ਦੀਵਾਨ

ਕੇ ਮੁਸਕਰਾਂਉਦੇ ਰਹੋਗੇ। ਜੇ ਕਿਸੇ ਕਹਿ ਦਿਤਾ ਜਥੇਦਾਰਾ ਆਹ ਕੀ ਕਹਿ ਦਿਤਾ ਤਾਂ ਅਗੋਂ ਉਤਰ ਹੋਵੇਗਾ "ਸਾਨੂੰ ਕੀ ਪਤਾ ਅਸੀਂ ਤਾਂ ਤੁਹਾਡੇ ਭੋਰੇ ਚੋਰੇ ਚੁਕ ਗੁਜ਼ਾਰਾ ਕਰਦੇ ਹਾਂ ਆਹ ਤੇ ਸਤਿਗੁਰਾਂ ਦੀ ਕ੍ਰਿਪਾ ਹੈ ਸਾਡੇ ਵਰਗੇ ਜੱਟਾਂ ਬੂਟਾਂ ਨੂੰ ਨਾਲ ਲਈ ਫਿਰਦੇ ਨੇ।"

ਆਪਣਾ ਨਿਤ ਦਾ ਨੇਮ ਭਜਨ ਬਾਣੀ ਅਤੇ ਗੁਰਬਾਣੀ ਦਾ ਪਾਠ ਉਹ ਸਫਰ ਵਿਚ ਵੀ ਕਰਦੇ ਹਨ। (ਅਕਸਰ ਸਫਰ ਵਿਚ ਹੀ ਰਹਿੰਦੇ ਹਨ) ਇਸੇ ਵਾਸਤੇ ਦੀਵਾਨ ਵਿਚ ਆਪਣੀ ਗੱਲ ਦੀ ਪ੍ਰਸ਼ਟੀ ਵਿਚ ਗੁਰਬਾਣੀ ਦੇ ਸਬੂਤ ਦੇ ਦੇ ਕੇ ਕਾਇਲ ਕਰਦੇ ਹਨ।

ਜਿਵੇਂ ਨਿਮੀਂ ਨਿਮੀਂ ਬਾਰਸ਼ ਹੁੰਦੀ ਹੋਵੇ ਇਵੇਂ ਜਥੇਦਾਰ ਦੀਆਂ ਮਿਠੀਆਂ ਮਿਠੀਆਂ ਗਲਾਂ ਸੁਆਦ ਲਿਆਉਦੀਆਂ ਹਨ।

ਡਾਲਟੰਨ ਗੰਜ ਅਸੀਂ ਪਹੁੰਚੇ ਤਾਂ ਜਥੇਦਾਰ ਗੁਸਲਖਾਨੇ ਵਿਚ ਆਪਣੇ ਕਪੜੇ ਧੋ ਰਹੇ ਸਨ। ਪੰਡਤ ਗੋਪਾਲ ਸਿੰਘ, ਤਰਸੇਮ ਸਿੰਘ, ਹੋਰ ਸਿੰਘ ਤੇ ਅਸੀਂ ਪਹੁੰਚੇ ਤਾਂ ਜਥੇਦਾਰ ਕਹਿਣ ਲੱਗੇ।

ਬਲੇ ਬਲੇ ਆਹ ਤਾਂ ਕਿੰਨੇ ਸਾਰੇ ਰਥ ਕੱਠੇ ਹੋਏ ਪਏ ਨੇ।

ਜਗਦੀਸ਼ ਸਿੰਘ ਨੂੰ ਜਸਜੀਤ ਸਿੰਘ ਤੇ ਪਤਾ ਨਹੀਂ ਕੀ ਕਹੇਗਾ ਜਥੇਦਾਰ।

ਜਥੇਦਾਰ ਅੰਬ ਚੂਪੇ ਤੇ ਕਹੇ "ਆਹ ਵੇਖਣ ਨੂੰ ਤਾਂ ਯੱਕਲ ਜਿਹਾ ਹੀ ਸੀ ਉਂ ਚੰਗਾ ਨਿਕਲਿਐ। ਸੂਬਾ ਸਾਹਿਬ ਸਿੰਘ ਦੇ ਮੇਲੇ ਹਜ਼ਾਰੀ ਬਾਗ ਵਿਖੇ ਜਥੇਦਾਰ ਲੰਗਰ ਛੱਕ ਰਹੇ ਸਨ, ਸੂਬਾ ਮੇਲਾ ਸਿੰਘ ਨੂੰ ਵਾਜ ਮਾਰ ਕੇ ਕਹਿਣ ਲਗੇ "ਓਏ ਸੂਬਿਓ ਤੁਹਾਡੇ ਭੋਗ ਤੇ ਆਏ ਹਾਂ ਪ੍ਰਸ਼ਾਦਿ ਪਾਣੀ ਤਾਂ ਛਕਾਓ।"

ਜਥੇਦਾਰ ਦੇ ਦੀਵਾਨ ਦਾ ਵਿਸ਼ੇਸ਼ ਗੁਣ ਹੈ ਭਰਵੀਂ, ਉਚੀ ਤੇ ਸੁਰੀਲੀ ਆਵਾਜ਼ ਅਤੇ ਧਾਰਨਾਂ ਉਹ ਜੋ ਆਰਾਮ ਨਾਲ ਸਾਰੇ ਮਗਰ ਪੜ੍ਹ ਲੈਣ। ਸੰਤ ਗੁਰਬਖਸ਼ ਸਿੰਘ ਹਾਰਮੋਨੀਅਮ ਤੇ ਅਤੇ ਨਰੈਣ ਸਿੰਘ ਢੋਲਕ ਤੇ ਅੱਜਕਲ ਸਤਿਗੁਰੂ ਜਗਜੀਤ ਸਿੰਘ ਦੇ ਦੋਰਿਆਂ ਸਮੇਂ ਜਥੇਦਾਰ ਦੇ ਨਾਲ ਹੁੰਦੇ ਹਨ।

ਜਥੇਦਾਰ ਨਿਰੰਜਨ ਸਿੰਘ ਨਾਲ ਗੱਲ ਕਰੋ ਤਾਂ ਉਹ



Sri Satguru Jagjit Singh Ji Elibrary NamdhariElibrary@gmail.com

ਸੰਤ ਪ੍ਰੀਤਮ ਸਿੰਘ ਚੇਲਕਿਆਂ ਵਾਲਿਆਂ ਦੀ ਸਿਫਤ ਬਹੁਤ ਕਰਦੇ ਹਨ। ਉਹਨਾਂ ਦੇ ਜਥੇ ਨਾਲ ਰਹੇ ਉਹਨਾਂ ਕੋਲੋਂ ਗਰੰਥ ਆਦਿ ਪੜ੍ਹੇ ; ਨਾਲ ਉਗਰਾਹੀ ਤੇ ਜਾਣਾ ਦੀਵਾਨ ਲਾਉਣਾ । ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਦੌਰਿਆਂ ਨਾਲ ਜਾਣਾ ਅਤੇ ਉਸ ਪਿਛੋਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਦੌਰਿਆਂ ਸਮੇਂ ਦੀਵਾਨ ਲਾਉਂਦੇ ਹਨ। ਮੈਂ ਪੁਛਿਆ ਸੰਤਾਂ ਪ੍ਰੀਤਮ ਸਿੰਘ ਹੋਰਾਂ ਦੀ ਗੱਲ ਸੁਣਾਓ। ਕਹਿਣ ਲਗੇ, "ਇਕ ਵਾਰ ਮੈਂ ਉਹਨਾਂ ਨਾਲ ਕਾਹਲਾ ਪੈ ਗਿਆ। ਮੈਂ ਕਿਹਾ ਅਸਾਂ ਮਾਂਗੀ ਪਾ ਜਵਾਰ ਕਟਣੀ ਹੈ, ਮੈਂ ਵਾਪਸ ਪਿੰਡ ਜਾਣਾ ਹੈ। ਪਿਛੇ ਹੋਰ ਕਿਸੇ ਇਹ ਕੰਮ ਨਹੀਂ ਕਰਨਾ। ਸੰਤ ਕਹਿਣ ਲਗੇ ਜੇ ਹਰਜ ਹੁੰਦੈ ਤਾਂ ਮੈਨੂੰ ਹੀ ਵੇਖ ਲੈਣ ਦੇ। ਫਿਰ ਚੁਪ ਕਰਕੇ ਬੈਠ ਗਏ ਤੇ ਫੇਰ ਕਹਿਣ ਲਗੇ ਜਵਾਰ ਵੱਢ ਕੇ ਕੱਠੀ ਕੀਤੀ ਹੋਈ ਹੈ। ਹਲ ਵਾਹ ਕੇ ਪਾੜ ਲਾ ਕੇ ਭਰ ਦਿਤੀਆਂ ਹਨ। ਤੇਰਾ ਕੰਮ ਹੋਇਆ ਹੋਇਆ ਹੈ।" ਮੈਂ ਕਿਹਾ ਚਲੋ ਤੁਹਾਡੇ ਨਾਲ ਚਲਦਾ ਤਾਂ ਹਾਂ ਪਰ ਮੇਰਾ ਕੰਮ ਨਹੀਂ ਹੋਇਆ। ਮੇਰਾ ਧਿਆਨ ਪਿਛੇ ਪਿੰਡ ਵਲ ਹੀ ਸੀ। ਸਵੇਰੇ ਸੰਤਾਂ ਕਿਹਾ ਜਥੇਦਾਰ ਨੂੰ ਜਾਣ ਦਿਓ। ਮੈਂ ਪਿੰਡ ਗਿਆ ਅੱਗੇ ਜਾ ਕੇ ਵੇਖਿਆਂ ਮੇਰਾ ਸਾਰਾ ਕੰਮ ਹੋਇਆ ਪਿਆ ਸੀ। ਮੇਰੇ ਭਰਾਵਾਂ ਨੇ ਕੰਮ ਕਰ ਦਿਤਾ ਹੋਇਆ ਸੀ।"

ਮੈਂ ਪੁਛਿਆ ਤੁਹਾਡੇ ਕਿੰਨੇ ਭਰਾ ਹਨ ?

ਤਿੰਨ। ਦਲੀਪ ਸਿੰਘ, ਤਾਰਾ ਸਿੰਘ, ਵੀਰ ਸਿੰਘ।

ਉਲਾਦ ?

ਦੋ ਮੁੰਡੇ, ਸਾਧੂ ਸਿੰਘ ਲੱਖਾ ਸਿੰਘ ਵਾਹੀ ਕਰਦੇ ਹਨ।

ਤੁਹਾਡਾ ਐਡਰੈਸ ਕੀ ਹੈ ?

ਜਥੇਦਾਰ ਨਿਰੰਜਨ ਸਿੰਘ

ਪਿੰਡ ਨਕੋੜਾ ਚੋਹੜੀ

ਪਿੰਡ ਤੇ ਡਾਕਖਾਨਾ ਨਕੋੜਾ ਜ਼ਿਲਾ ਸਰਸਾ।

ਜਨਮ ਅਸਥਾਨ ?

—ਪਿੰਡ ਕੱਕੜ ਜ਼ਿਲਾ ਅੰਮ੍ਰਿਤਸਰ ਰਾਵੀ ਦੇ ਕੰਢੇ।

ਪਿਤਾ ਦਾ ਨਾਮ ? ਠਾਕਰ ਸਿੰਘ

ਗੋਤ : ਸੰਧੂ ਜੱਟ

ਉਮਰ : ਸੱਠ ਸਾਲ

ਨਾਮਧਾਰੀ ਕਦੋਂ ਬਣੇ ?

—ਜਮਾਂਦਰੂ—

ਦੀਵਾਨ ਲੈਣਾਂ ਤੇ ਜਥੇਦਾਰ ਕਿਵੇਂ ਬਣੇ ?

— ਛੋਟਿਆਂ ਹੁੰਦਿਆਂ ਛੈਣੇ ਵਜਾਉਣੇ, ਫੇਰ ਢੋਲਕ ਵਜਾਉਣੀ ਆਵਾਜ਼ ਚੰਗੀ ਹੋਣ ਕਰਕੇ ਲੋਕਾਂ ਕਿਹਾ ਕਿ ਤੂੰ ਜਥੇਦਾਰ ਬਣ ਜਾਂ। ਮੈਂ ਜਥੇਦਾਰ ਬਣ ਗਿਆ।

ਤੁਸਾਂ ਪ੍ਰੇਰਣਾ ਕਿਸ ਕੋਲੋਂ ਲਈ।

—ਸੰਤ ਅਤਰ ਸਿੰਘ ਤੇ ਸੰਤ ਫੌਜਾ ਸਿੰਘ ਕੋਲੋਂ।

ਸੰਤ ਫੌਜਾ ਸਿੰਘ ਦੀ ਆਵਾਜ਼ ਬਹੁਤ ਸੀ ਅਤੇ ਧਾਰਨਾਂ ਸਿਧੀਆਂ ਸਿਧੀਆਂ ਪੜਦੇ ਸਨ। ਮੈਂ ਆਖਿਆ ਮੈਂ ਵੀ ਏਦਾਂ ਦਾ ਕਿਤੇ ਬਣ ਜਾਵਾਂ ?

ਕਦੇ ਬਾਹਰ ਵੀ ਗਏ ਹੋ।

ਇਹਨਾਂ ਸਤਿਗੁਰਾਂ ਨਾਲ ਸਿਆਮ ਗਿਆ ਹਾਂ,

(ਇਸ ਲੇਖ ਦੇ ਛਪਣ ਤੋਂ ਪਹਿਲਾਂ ਉਹ ਫੇਰ ਸਿਆਮ ਗਏ ਹਨ)

ਘੰਟਿਆਂ ਬੱਧੀ ਉੱਚੀ ਸੁਰ ਵਿਚ ਦੀਵਾਨ ਲਾਈ ਰਖਣ ਵਾਲਾ ਤੇ ਪ੍ਰਚਾਰ ਕਰਨ ਵਾਲਾ ਆਪਣੇ ਬਾਰੇ ਜ਼ਿਆਦਾ ਨਹੀਂ ਦਸ ਸਕਦਾ ਇਹ ਵੀ ਜਥੇਦਾਰ ਦੀ ਅੰਦਰੋਂ ਬਾਹਰੋਂ ਸਾਦਗੀ ਦਾ ਇਕ ਨਮੂਨਾ ਹੈ। ★

## ਹਰਿ ਜਸੁ ਵਖਰੁ

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣ ਹੈ ਲੈਸੀ ਵਸਤੁ ਸਮਾਲਿ
ਭਾਈ ਰੇ ਰਾਮ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ ੧ ॥



Sri Satguru Jagjit Singh Ji Elibrary NamdhariElibrary@gmail.com

FOR BEST QUALITY & PERFORMANCE
Ask for
JAYSON PRODUCTS



- ELECTRIC MOTORS
- GRINDERS
- POLISHERS
- EXHAUST FANS

Show Room :

**Jayson Sales Corpn.**

3832/10 Shardha Nand Marg
(G B Road)
Behind M. C. Primary School
DELHI-110006.
Phone : 525795

Manufacturers

**Jayson Electric Company**

Factory :
WH-2, PHASE 1
Industrial Area,
Sat Guru Ram Singh Marg
Maya Puri NEW DELHI-110064
Phone : 594536

Sister concern :

**Jayson Enterprises**

WH-4, Phase 1
Industrial Area,
SatGuru Ram Singh Marg,
Maya Puri, NEW DELHI-110064.

REPUTED MANUFACTURERS OF :

SUPERIOR QUALITY

SINGLE BARREL &

DOUBLE BARREL

B. L. 12 BORE

# GUNS

Grams : SNIPER Phone : 3805

**MODERN GUN WORKS**

Opp. Industrial Estate,

JAMMU CANTT.



Sri Satguru Jagjit Singh Ji Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS




QUALITY MARKED

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

***HABI INDUSTRIES (Regd.)***

10, Industrial Area,

PHAGWARA—144401.




Sri Satguru Jagjit Singh Ji Elibrary NamdhariElibrary@gmail.com

# ਅਲਵਿਦਾ ਸੂਬਾ ਦਰਸ਼ਨ ਸਿੰਘ

ਸੂਬਾ ਦਰਸ਼ਨ ਸਿੰਘ ਜੀ ਇਸ ਆਸਾਰ ਸੰਸਾਰ ਤੋਂ ਦੇਹ ਦਾ ਤਿਆਗ ਕਰ ਗਏ ਹਨ। ਕੇਵਲ ੫੧ ਸਾਲਾਂ ਦੀ ਉਮਰ ਵਿਚ ਆਪ ਨੇ ਮਹਾਨ ਸਤਿਕਾਰ ਤੇ ਜੱਸ ਪ੍ਰਾਪਤ ਕਰ ਲਿਆ। ਆਪ ਦੇ ਸਦੀਵੀ ਵਛੋੜੇ ਦੀ ਖਬਰ ਸੁਣ ਕੇ ਭਾਰਤ ਅਫਰੀਕਾ ਇੰਗਲੈਂਡ ਅਤੇ ਹੋਰ ਥਾਵਾਂ ਤੇ ਵਸਦੇ ਅਨਗਿਣਤ ਲੋਕ ਸੁੰਨ ਹੋ ਗਏ। ਅੰਗਰੇਜ਼ੀ ਦਾ ਇਕ ਅਖਾਣ ਹੈ ਕਿ ਚਰਿਤਰ ਮਨੁੱਖ ਦੇ ਅੰਦਰ ਰਹਿੰਦਾ ਹੈ ਅਤੇ ਜਸ ਬਾਹਰ। ਸੂਬਾ ਦਰਸ਼ਨ ਸਿੰਘ ਜੀ ਨੇ ਜੱਸ ਦੀਆਂ ਜਿਨੀਆਂ ਉਚੀਆਂ ਸਿਖਰਾਂ ਛੋਹੀਆਂ ਓਨਾ ਹੀ ਉਹਨਾਂ ਦਾ ਮਨ ਨਿਰਮਾਨਤਾ ਦੀਆਂ ਡੂੰਘਾਨਾਂ ਵਿਚ ਵਿਚਰਦਾ ਸੀ। ਗਹਿਰ ਗੰਭੀਰ ਅਤੇ ਹਸ ਮੁਖ ਸੂਬਾ ਦਰਸ਼ਨ ਸਿੰਘ ਸਦਾ ਸੇਵਾ ਲਈ ਤਤਪਰ ਰਹਿੰਦੇ।

ਵਰਿਆਮ ਸੰਪਾਦਕ ਨੂੰ ਉਹਨਾਂ ਦੇ ਇਸ ਉਮਰੇ ਜਾਣ ਦਾ ਜ਼ਾਤੀ ਦੁਖ ਵੀ ਹੋਇਆ ਹੈ। ਉਹ ਵਰਿਆਮ ਦੀ ਤਰੱਕੀ 'ਚ ਦਿਲਚਸਪੀ ਲੈਣ ਵਾਲੇ, ਇਸ ਦੇ ਹਮਦਰਦ ਅਤੇ ਨਿਘੇ ਦੋਸਤ ਸਨ। ਉਹਨਾਂ ਦੀ ਰੀਝ ਅਨੁਸਾਰ ਜਦੋਂ ਵਰਿਆਮ ਤਰੱਕੀ ਦੀਆਂ ਮੰਜ਼ਲਾਂ ਮਾਰ ਰਿਹਾ ਹੈ ਤਾਂ ਉਹ ਆਪ ਇਸ ਸੰਸਾਰ ਤੇ ਨਹੀਂ ਰਹੇ।

ਨਾਮਧਾਰੀ ਪੰਥ ਦੇ ਘਾਟੇ ਬਾਰੇ ਕੀ ਕਹੀਏ। ਪਿਛਲੇ ਸਮੇਂ ਵਿਚ ਇਕ ਤੋਂ ਬਾਅਦ ਇਕ ਅਹਿਮ ਸ਼ਖਸੀਅਤ ਸਾਡੇ ਤੋਂ ਜੁਦਾ ਹੋਈ ਹੈ। ਸੂਬਿਆਂ ਵਿਚੋਂ ਹੀ, ਸੂਬਾ ਦੀਵਾਨ ਸਿੰਘ ਡਾਲਟਨ ਗੰਜ, ਸੂਬਾ ਮਹਿੰਦਰ ਸਿੰਘ ਕਾਨਪੁਰ, ਸੂਬਾ ਅਮਰੀਕ ਸਿੰਘ ਮਹਿਤਪੁਰ ਅਤੇ ਹੁਣ ਸੂਬਾ ਦਰਸ਼ਨ ਸਿੰਘ ਜੀ ਕਿਸੇ ਹੋਰ ਦੇਸ਼ ਦੇ ਵਾਸੀ ਹੋ ਗਏ ਹਨ।

ਸੂਬਾ ਦਰਸ਼ਨ ਸਿੰਘ ਜੀ ਦੀ ਆਪਣੇ ਸਤਿਗੁਰੂ ਨਾਲ ਇਕ ਸੁਰਤਾ ਮਿਸਾਲੀ ਸੀ। ਸਤਿਗੁਰੂ ਜਗਜੀਤ ਸਿੰਘ ਅਤੇ ਸੂਬਾ ਜੀ ਦੀ ਪ੍ਰਸਪਰ ਮਿਕਣਾ ਤੀਸੀ ਖਿਚ ਸੀ। ਹੁਣ ਵੀ ਉਹਨਾਂ ਦੇ ਭੋਗ ਦੇ ਮੌਕੇ ਤੇ ਸਤਿਗੁਰੂ ਜੀ ਸਾਰੇ ਪ੍ਰੋਗਰਾਮ ਵਿਚੇ ਛੱਡ ਕੇ ਵਿਸ਼ੇਸ਼ ਤੌਰ ਤੇ ਨੈਰੋਬੀ ਗਏ ਹਨ ਜਿਥੇ ਪਰਿਵਾਰ ਅਤੇ ਈਸਟ ਅਫਰੀਕਾ ਦੀ ਨਾਮਧਾਰੀ ਸੰਗਤ ਨੂੰ ਧੀਰਜ ਬਣਾਇਆ ਗਿਆ। ਆਪ ਜੀ ਦੇ ਉਥੇ ਜਾਣ ਕਰ ਕੇ ਦੁਖਦੇ ਹਰਦਿਆਂ ਨੂੰ ਧਰਵਾਸ ਮਿਲਿਆ ਹੈ। ਸੂਬਾ ਜੀ



**ਸੂਬਾ ਦਰਸ਼ਨ ਸਿੰਘ ਜੀ**

**ਸੰਖੇਪ ਜੀਵਨੀ :–** ਸੂਬਾ ਦਰਸ਼ਨ ਸਿੰਘ ਜੀ ਦਾ ਜਨਮ ੫੧ ਸਾਲ ਪਹਿਲਾਂ ਪਿੰਡ ਮੰਡੇਰਾਂ ਜ਼ਿਲਾ ਜਲੰਧਰ ਵਿਚ ਪਿਤਾ ਸ. ਨਿਰੰਜਣ ਸਿੰਘ ਅਤੇ ਮਾਤਾ ਚਨਣ ਕੌਰ ਦੇ ਘਰ ਹੋਇਆਂ (ਮਾਤਾ ਜੀ ਜੀਵਤ ਹਨ) ਆਪ ਪੰਜ ਭਰਾ ਸਨ। (੧) ਸ. ਪ੍ਰੀਤਮ ਸਿੰਘ (੨) ਸ. ਪਿਆਰਾ ਸਿੰਘ (੩) ਸ: ਦਰਸ਼ਨ ਸਿੰਘ (੪) ਸ. ਸੋਹਨ ਸਿੰਘ (੫) ਮੋਹਨ ਸਿੰਘ ਆਪ ਜੀ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ ਹਨ।

ਸੂਬਾ ਜੀ ਸੰਨ ੧੯੪੭ ਵਿਚ ਈਸਟ ਅਫਰੀਕਾ ਚਲੇ ਗਏ। ਸੰਨ ੧੯੬੧-੬੨ ਤਕ ਆਪ ਯੁਗੰਡਾ ਦੇ ਜੀਂਜਾ

---

ਆਪਣੇ ਪਿਛੇ ਮਿਠੀਆਂ ਯਾਦਾਂ ਦਾ ਆਸਰਾ ਛੱਡ ਗਏ ਹਨ।

ਅਸੀਂ ਸੂਬਾ ਜੀ ਦੇ ਅਸੀਮ ਗੁਣਾਂ ਨੂੰ ਮਨ ਵਿਚ ਵਸਾਂਉਂਦੇ ਹੋਏ ਉਹਨਾਂ ਗੁਣਾਂ ਤੇ ਚਲਣ ਦੀ ਪ੍ਰੇਰਣਾ ਲੈਂਦੇ ਹੋਏ ਇਸ ਮਹਾਨ ਵਿਅਕਤੀ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹਾਂ।

**—ਜਗਦੀਸ਼ ਸਿੰਘ**



Sri Satguru Jagjit Singh Ji Elibrary NamdhariElibrary@gmail.com

ਸ਼ਹਿਰ ਵਿਚ ਨਿਵਾਸ ਰਖਦੇ ਰਹੇ ਅਤੇ ਵਡੇ ਭਾਈ ਸ: ਸ. ਪ੍ਰੀਤਮ ਸਿੰਘ ਨਾਲ ਠੇਕੇਦਾਰੀ ਕਰਦੇ ਰਹੇ ਯੂਗੰਡਾ ਵਿਚ ਜਿਥੇ ਆਪਣਾ ਚੰਗਾ ਕਾਰੋਬਾਰ ਸਥਾਪਤ ਕੀਤਾ ਉਥੇ ਹਿੰਦੂ, ਸਿੱਖ, ਮੁਸਲਮ ਸਮਾਜ ਦੀਆਂ ਸਰਗਰਮੀਆਂ ਵਿਚ ਅਹਿਮ ਹਿੱਸਾ ਲਿਆ, ਤਨਦੇਹੀ ਨਾਲ ਸੇਵਾ ਕਾਰਜ ਕੀਤੇ ਅਤੇ ਵੱਖ ਧਰਮਾਂ ਤੇ ਫਿਰਕਿਆਂ ਵਿਚ ਪ੍ਰਸਪਰ ਸਦ ਭਾਵਨਾ ਦੀ ਰੁਚੀ ਨੂੰ ਬੜਾਵਾ ਦਿਤਾ। ਇਸੇ ਕਰਕੇ ਆਪ ਹਰਮਨ ਪਿਆਰੇ ਹੋਏ। ਦੋਹਾਂ ਭਰਾਵਾਂ ਦੇ ਉਦਮ ਨਾਲ ਯੂਗੰਡਾ ਦੀ ਰਾਜਧਾਨੀ ਕੰਪਾਲਾ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛੱਤਰ ਛਾਇਆਂ ਹੇਠ ਨਮਧਾਰੀਆਂ ਦਾ ਮਹਾਨ ਸਮਾਗਮ ਹੋਲਾ ਮਹਲਾ ਬਹੁਤ ਸਫਲਤਾ ਸਹਿਤ ਸੰਪਨ ਹੋਇਆ। ਇਸੇ ਹੋਲੇ ਮਹੱਲੇ ਨਾਲ ਜਿਥੇ ਭਾਰਤ ਤੋਂ ਗਏ ਸਿਖਾਂ ਵਿਚ ਆਪਣੇ ਮੂਲ ਧਰਮ ਨਾਲ ਪਛਾਣ ਵਧੀ ਅਤੇ ਮੁੜ ਸਿਖੀ ਦਾ ਪਰਚਾਰ ਹੋਇਆ ਉਥੇ ਈਸਟ ਅਫਰੀਕਾ ਵਿਚ ਸਮੁਚੀ ਨਾਮਧਾਰੀ ਸੰਗਤ ਦਾ ਆਦਰ ਮਾਨ ਹੋਰ ਵੀ ਜ਼ਿਆਦਾ ਕਾਇਮ ਹੋਇਆ। ੧੯੬੨ ਦੇ ਅੰਤ ਤਕ ਆਪ ਕੀਨੀਆ ਵਿਚ ਆ ਕੇ ਰਾਜਧਾਨੀ ਨੈਰੋਬੀ ਵਿਚ ਸਥਾਪਤ ਹੋ ਗਏ। ੧੯੬੩ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਆਪ ਨੂੰ ਈਸਟ ਅਫਰੀਕਾ ਨਾਮਧਾਰੀ ਸੰਗਤ ਦੇ ਪ੍ਰਧਾਨ ਥਾਪ ਦਿੱਤਾ ਗਿਆ ਅਤੇ ੧੮ ਅਪ੍ਰੈਲ ੧੯੬੪ ਨੂੰ ਨੈਰੋਬੀ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਉਹਨਾਂ ਨੂੰ ਸੂਬਾ ਥਾਪ ਦਿਤਾ ਗਿਆ। ਇਸ ਤਰ੍ਹਾਂ ਉਹ ਅਫਰੀਕਾ ਵਿਚ ਨਾਮਧਾਰੀ ਸੰਗਤ ਦੇ ਸਰਵ ਉਚ ਪ੍ਰਤੀਨਿਧ ਅਧਿਕਾਰੀ ਬਣਾਏ ਗਏ।

ਅਫਰੀਕਾ ਵਿਚ ਆਪ ਜੀ ਦੀ ਯੋਗ ਅਗਵਾਈ ਵਿਚ ਨਾਮਧਾਰੀ ਸੰਗਤ ਨੇ ਬਹੁਤ ਸੁੰਦਰ ਧਰਮਸ਼ਾਲਾ ਸਥਾਪਤ ਕੀਤੀ ਅਤੇ ਨਾਮਧਾਰੀ ਸੰਗਤ ਨੂੰ ਇਕ ਬਹੁਤ ਸੁਦ੍ਰਿੜ ਹਰਮਨ ਪਿਆਰੀ ਅਤੇ ਆਰਥਕ ਪੱਖੋਂ ਮਜ਼ਬੂਤ ਸੰਸਥਾ ਬਣਾਇਆ। ਉਥੋਂ ਦੇ ਸਮਾਜਕ ਤੇ ਰਾਜਨੀਤਕ ਖੇਤਰਾਂ ਵਿਚ ਵਰਨਣ ਯੋਗ ਪ੍ਰਸਿੱਧੀ ਪ੍ਰਾਪਤ ਕੀਤੀ। ਅੰਤਲੇ ਸਮੇਂ ਵਿਚ ਉਹਨਾਂ ਕੋਲ ਭਾਰਤ ਵਾਸਤੇ ਵੀ ਬਹੁਤ ਸੁੰਦਰ ਸਕੀਮਾਂ ਵਿਚ ਕੰਮ ਕਰਨ ਦੀ ਰੀਝ ਸੀ।

੪ ਨਵੰਬਰ ੧੯੯੧ ਨੂੰ ਰਾਤ ਦੇ ਗਿਆਰਾਂ ਵਜੇ ਦਿਲ ਦੀ ਹਰਕਤ ਬੰਦ ਹੋ ਜਾਣ ਨਾਲ ਹਸਪਤਾਲ ਵਿਚ ਆਪ ਅਕਾਲ ਚਲਾਣਾ ਕਰ ਗਏ। ਇਸ ਵਕਤ ਆਪ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ, ਚਾਰ ਸਪੁੱਤਰ ਅਤੇ ਪੰਜ ਸਪੁਤਰੀਆਂ ਕੋਲ ਸਨ।

## ਸੂਬਾ ਦਰਸ਼ਨ ਸਿੰਘ ਜੀ ਨੂੰ ਸ਼ਰਧਾਂਜਲੀਆਂ

**ਨੈਰੋਬੀ** :—ਸੂਬਾ ਜੀ ਦੀ ਯਾਦ ਵਿਚ ਵੱਖ ਵੱਖ ਥਾਵਾਂ ਤੇ ਸ਼ਰਧਾਂਜਲੀ ਸਮਾਗਮ ਕੀਤੇ ਗਏ ਹਨ ਅਤੇ ਹੋ ਰਹੇ ਹਨ। ਪ੍ਰਾਪਤ ਸੂਚਨਾਵਾਂ ਅਨੁਸਾਰ ਮੁਖ ਸਮਾਗਮ ੧੫ ਨਵੰਬਰ ਨੂੰ ਨੈਰੋਬੀ ਵਿਚ ਹੋਇਆ ਜਿਸ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਹਜ਼ੂਰੀ ਸੇਵਕਾਂ ਸਹਿਤ ਪਧਾਰੇ। ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਸੂਬਾ ਜੀ ਵਾਲੀਆਂ ਸਿਫਤਾਂ ਗ੍ਰਹਿਣ ਕਰਨ ਲਈ ਉਪਦੇਸ਼ ਦਿੰਦਿਆਂ ਭਾਣਾ ਮੰਨਣ ਦਾ ਉਪਦੇਸ਼ ਦਿੱਤਾ।

**ਨਵੇਂ ਸੂਬੇ** :—ਇਸੇ ਹੀ ਸਮਾਗਮ ਵਿਚ ਸਤਿਗੁਰੂ ਜੀ ਨੇ ਸੰਤ ਸੋਹਨ ਸਿੰਘ ਜੀ ਨੂੰ ਵੱਡੇ ਸੂਬੇ ਅਤੇ ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੇ ਤੀਸਰੇ ਸਪੁੱਤਰ ਸੰਤ ਸਤਿਨਾਮ ਸਿੰਘ ਜੀ ਨੂੰ ਛੋਟੇ ਸੂਬੇ ਨਿਯੁਕਤ ਕਰ ਕੇ ਇਹਨਾਂ ਨੂੰ ਸਵਰਗੀ ਸੂਬਾ ਜੀ ਵਾਂਗ ਹੀ ਲੋਕ ਭਲਾਈ ਅਤੇ ਪੰਥਕ ਕਾਰਜਾਂ ਲਈ ਤੱਤਪਰ ਰਹਿਣ ਦੀ ਆਸ਼ੀਰਵਾਦ ਦਿੱਤੀ।

**ਯੂ. ਕੇ.** ;—ਯੂ.ਕੇ. ਦੀ ਸਮੁੱਚੀ ਨਾਮਧਾਰੀ ਸੰਗਤ ਵਲੋਂ ੨੨ ਨਵੰਬਰ ਨੂੰ ਲੰਡਨ ਵਿਖੇ ਇਕ ਭਾਰੀ ਸ਼ਰਧਾਂਜਲੀ ਸਮਾਗਮ ਕਰਕੇ ਸੂਬਾ ਜੀ ਦੀ ਕੀਰਤੀ ਨੂੰ ਯਾਦ ਕੀਤਾ ਗਿਆ।

**ਬਰਮਿੰਘਮ** :—ਬਰਮਿੰਘਮ (ਯੂ.ਕੇ.) ਤੋਂ ਨਾਮਧਾਰੀ ਸੰਗਤ ਦੇ ਪ੍ਰਧਾਨ ਸੰਤ ਏਕਮ ਸਿੰਘ ਜੀ ਨੇ ਸੂਚਨਾ ਦਿੱਤੀ ਹੈ ਕਿ ਉਥੇ ਸੂਬਾ ਜੀ ਦੀ ਯਾਦ ਵਿਚ ੨੯ ਨਵੰਬਰ ਨੂੰ ਹੋ ਰਹੇ ਸ਼ਰਧਾਂਜਲੀ ਸਮਾਗਮ ਵਿਚ ਅਸਿਸਟੈਂਟ ਹਾਈ ਕਮਿਸ਼ਨਰ ਬਰਮਿੰਘਮ ਪੁੱਜ ਰਹੇ ਹਨ ਇਸ ਤੋਂ ਇਲਾਵਾ ਯੂ.ਕੇ. ਭਰ ਦੀਆਂ ਨਾਮਧਾਰੀ ਸੰਸਥਾਵਾਂ ਤੇ ਹੋਰ ਸਿੱਖ ਸੰਸਥਾਵਾਂ ਤੇ ਰਾਜਨੀਤਕ ਪਾਰਟੀਆਂ ਤੇ ਸਮਾਜਿਕ ਅਦਾਰਿਆਂ ਦੇ ਮੁਖੀ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਧਾਰ ਰਹੇ ਹਨ।

ਸੂਬਾ ਜੀ ਬਾਰੇ ਗੁਰਦੁਆਰਾ ਨਾਮਧਾਰੀ ਸੰਗਤ ਬਰਮਿੰਘਮ (ਯੂ. ਕੇ.) ਨੇ ਸੂਬਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਹੈ।

"ਸੂਬਾ ਦਰਸ਼ਨ ਸਿੰਘ ਜੀ ਈਸਟ ਅਫਰੀਕਾ ਨਾਮਧਾਰੀ ਸੰਗਤ ਦਾ ਬੇਮੌਕਾ ਵਿਛੋੜਾ ਨਾਮਧਾਰੀ ਪੰਥ ਲਈ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਸ਼ਬਦ ਵਰਨਣ ਨਹੀਂ ਕਰ ਸਕਦੇ। ਉਹ ਆਪਣੀ ਮਿਸਾਲ ਆਪ ਸਨ...

(ਬਾਕੀ ਦੇਖੋ ਸਫਾ ੩੫)



Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ

ਪੰਜ ਨਵੰਬਰ ਨੂੰ ਨਵੀਂ ਦਿੱਲੀ ਦੀ ਬਾਹਰਲੀ ਬਸਤੀ ਮਾਨਸਰੋਵਰ ਗਾਰਡਨ ਵਿਚ ਪਬਲਿਕ ਸਕੂਲਾਂ ਦੀ ਲੀਹਾਂ ਤੇ, ਅੰਗਰੇਜ਼ੀ ਮਾਧਿਅਮ ਵਾਲੇ, ਬੱਚਿਆਂ ਦੇ, 'ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ' ਦਾ ਉਦਘਾਟਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਕਰ ਕਮਲਾਂ ਦੁਆਰਾ ਕੀਤਾ ਗਿਆ। ਦੇਸ਼ ਵਿਚ ਚਲ ਰਹੇ ਪਬਲਿਕ ਸਕੂਲਾਂ ਸਬੰਧੀ ਕਾਫੀ ਵਾਦ ਵਿਵਾਦ ਚਲਦਾ ਰਹਿੰਦਾ ਹੈ। ਕੁਝ ਸੱਜਣ ਇਹਨਾਂ ਸਕੂਲਾਂ ਨੂੰ ਹੋਰ ਵਧਾਉਣ ਦੇ ਹੱਕ ਵਿਚ ਹਨ ਅਤੇ ਕੁਝ ਇਹਨਾਂ ਦੀ ਇਸ ਵਾਸਤੇ ਨੁਕਤਾ ਚੀਨੀ ਕਰਦੇ ਹਨ ਕਿਉਂਕਿ ਇਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਅਤੇ ਇਸ ਵਿਚ ਉਤਲੇ ਅਮੀਰ ਤਬਕੇ ਦੇ ਬੱਚੇ ਜਾਂ ਅਫਸਰਾਂ ਦੇ ਬੱਚੇ ਹੀ ਦਾਖਲ ਕੀਤੇ ਜਾਂਦੇ ਹਨ ਜਿਸ ਕਾਰਣ ਜ਼ਿੰਦਗੀ ਦੇ ਹਰ ਖੇਤਰ ਵਿਚ ਹੀ ਇਹ ਤਬਕਾ ਅੱਗੋਂ ਪ੍ਰਾਥਮਿਕਤਾ ਪ੍ਰਾਪਤ ਕਰ ਲੈਂਦਾ ਹੈ।

ਪਰ ਇਸ ਸਕੂਲ ਦੀ ਸਥਾਪਨਾ ਬਹੁਤ ਸਲਾਹੁਣ ਯੋਗ ਅਤੇ ਸਵਾਗਤ ਯੋਗ ਕਦਮ ਹੈ। ਇਸ ਦੇ ਕਾਰਣ ਹਨ :

ਪਹਿਲਾਂ ਕਾਰਨ ਤਾਂ ਇਹ ਹੀ ਹੈ ਕਿ ਸ਼ਹੀਦ ਬਿਸ਼ਨ ਸਿੰਘ ਦੀ ਯਾਦਗਾਰ ਕਿਸੇ ਨਾ ਕਿਸੇ ਰੂਪ ਵਿਚ ਸਥਾਪਤ ਹੋਈ ਹੈ ਜਿਸ ਨਾਲ ਉਸ ਬਾਲਕ ਨਾਮਧਾਰੀ ਸ਼ਹੀਦ ਦੀ ਪਿਆਰੀ ਯਾਦ ਸਾਡੇ ਮਨਾਂ ਵਿਚ ਅਤੇ ਖਾਸ ਕਰ ਬੱਚਿਆਂ ਦੇ ਮਨਾਂ ਵਿਚ ਅੰਕਿਤ ਰਹੇਗੀ।

ਸ਼ਹੀਦ ਬਿਸ਼ਨ ਸਿੰਘ ਪਿੰਡ ਰੜ ਦਾ ਵਸਨੀਕ, ਪਿਤਾ ਸਰਦਾਰ ਚੜਤ ਸਿੰਘ ਅਤੇ ਮਾਤਾ ਸਰਦਾਰਨੀ ਰਾਇ ਕੌਰ ਦਾ ਸਪੁਤਰ ਸੀ। ਇਹ ਬਿਸ਼ਨ ਸਿੰਘ ਨਾਮਧਾਰੀਆਂ ਦੇ ਉਸ ਜੱਥੇ ਵਿਚ ਸ਼ਾਮਲ ਸੀ ਜਿਸ ਨੂੰ ੧੭-੧੮ ਜਨਵਰੀ ਸੰਨ ੧੮੭੨ ਈ. ਨੂੰ ਮਲੇਰ ਕੋਟਲੇ ਵਿਖੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਦੇ ਹੁਕਮ ਨਾਲ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ ਸੀ। ਕੇਵਲ ਬਾਰਾਂ ਸਾਲਾਂ ਦੇ ਇਸ ਮਾਸੂਮ ਦੀ ਭੋਲੀ ਭਾਲੀ ਸੂਰਤ ਵੇਖ ਕਾਵਨ ਦੀ ਮੇਮ ਨੂੰ ਤਰਸ ਆ ਗਿਆ ਤਾਂ ਉਸ ਦੀ ਸਿਫਾਰਸ਼ ਤੇ ਬਾਲਕ ਨੂੰ ਮਹਿਜ਼ ਇਸੇ ਸ਼ਰਤ ਨਾਲ ਰਿਹਾ ਕਰਨ ਦੀ ਪੇਸ਼ਕਸ਼ ਕੀਤੀ ਗਈ ਕਿ ਉਹ ਕਹਿ ਦੇਵੇ ਕਿ ਉਹ ਗੁਰੂ ਰਾਮ ਸਿੰਘ ਦਾ ਸਿਖ ਨਹੀਂ।

ਇਸ ਸ਼ਰਤ ਨੂੰ ਸੁਣ ਕੇ ਬਾਲਕ ਬਿਸ਼ਨ ਸਿੰਘ ਨੇ ਕਿਹਾ ਕਿ ਉਹ ਕਾਵਨ ਦੇ ਕੰਨ ਵਿਚ ਹੀ ਗੱਲ ਕਰੇਗਾ। ਅੰਗਰੇਜ਼ ਡਿਪਟੀ ਕਮਿਸ਼ਨਰ ਜਦੋਂ ਗੱਲ ਸੁਣਨ ਲਈ ਥਲੇ ਹੋਇਆ ਤਾਂ ਬਾਲਕ ਬਿਸ਼ਨ ਸਿੰਘ ਨੇ ਉਸ ਦੀ ਪਾਦਰੀਆਂ ਵਰਗੀ ਵਧਾਈ ਹੋਈ ਦਾੜ੍ਹੀ ਨੂੰ ਫੜ ਕੇ ਜ਼ੋਰ ਦੀ ਝਟਕੇ ਦਿੱਤੇ ਅਤੇ ਕਿਹਾ, "ਬੋਲ ਕਮੀਨਿਆਂ, ਫੇਰ ਕਹੇਂਗਾ ਕਿ ਗੁਰੂ ਰਾਮ ਸਿੰਘ ਦਾ ਸਿਖ ਨਹੀਂ।"

ਕਾਵਨ ਨੇ ਦਾੜ੍ਹੀ ਛੁਡਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬਿਸ਼ਨ ਸਿੰਘ ਦੀ ਫੋਲਾਦੀ ਪਕੜ ਮਜ਼ਬੂਤ ਤੋਂ ਮਜ਼ਬੂਤ ਹੁੰਦੀ ਗਈ। ਨਾਲ ਦੇ ਸਿਪਾਹੀਆਂ ਨੇ ਵੀ ਛਡਾਉਣ ਲਈ ਬਹੁਤ ਜ਼ੋਰ ਲਾਇਆ ਪਰ ਵਿਅਰਥ। ਅੰਤ ਨਾਭੇ ਦੇ ਇਕ ਸਿਪਾਹੀ ਨੇ ਤਲਵਾਰਾਂ ਮਾਰ ਮਾਰ ਕੇ ਪਹਿਲਾਂ ਬਾਲਕ ਨੂੰ ਸ਼ਹੀਦ ਕੀਤਾ ਅਤੇ ਬਾਅਦ ਵਿਚ ਮਸਾਂ ਕਾਵਨ ਦੀ ਦਾੜ੍ਹੀ ਛੁਡਾਈ।

ਕਾਵਨ ਨੇ ਆਪਣੀ ਹੱਥ ਲਿਖਤ ਵਿਚ ਆਪ ਮੰਨਿਆ ਹੈ ਕਿ ਉਸ ਤੇ ਮਾਰੂ ਹਮਲਾ ਹੋਇਆ ਸੀ ਤੇ ਹਮਲਾਵਰ ਜ਼ੋਰ ਵਾਲਾ ਆਦਮੀ ਸੀ।

ਦੇਸ਼ ਦੀ ਆਜ਼ਾਦੀ ਅਤੇ ਧਰਮ ਤੋਂ ਜਿੰਦ ਘੋਲ ਘੁਮਾਉਣ ਵਾਲੇ ਅੰਗਰੇਜ਼ ਸਾਮਰਾਜ ਦੀ ਦਾੜ੍ਹੀ ਨੂੰ ਹੱਥ ਪਾਉਣ ਵਾਲੇ ਇਸ ਬਾਲਕ ਦੀ ਯਾਦ ਵਿਚ ਕੋਈ ਵੀ ਸਮਾਰਕ ਬਣੇ ਜਾਂ ਸੰਸਥਾਨ ਖੁਲੇ, ਹਰ ਦੇਸ਼ ਪ੍ਰੇਮੀ ਵਾਸਤੇ ਹਾਰਦਿਕ ਸੁਆਗਤ ਦਾ ਕਾਰਨ ਹੁੰਦਾ ਹੈ।

ਦੂਸਰਾ ਕਾਰਨ ਵੀ ਇਤਿਹਾਸਕ ਹੀ ਹੈ। ਨਾਮਧਾਰੀ ਸਿਖਾਂ ਨੇ ਅਮਲੀ ਤੌਰ ਤੇ ਅੰਗਰੇਜ਼ ਹਕੂਮਤ ਨਾਲ ਸੰਪੂਰਨ ਬਾਈਕਾਟ ਦੇ ਪ੍ਰੋਗਰਾਮ ਵਿਚ ਅੰਗਰੇਜ਼ੀ ਅਦਾਰਿਆਂ ਅਤੇ ਤਾਲੀਮ ਦਾ ਵੀ ਬਾਈਕਾਟ ਰੱਖਿਆ। ਇਸ ਤਰ੍ਹਾਂ ਉਹਨਾਂ ਬਹੁਤ ਵੱਡੀ ਕੁਰਬਾਨੀ ਦੇ ਕੇ ਦੇਸ਼ ਦੇ ਆਜ਼ਾਦੀ ਯੱਗ ਵਿਚ ਹਿੱਸਾ ਪਾਇਆ। ਇਸ ਤਰ੍ਹਾਂ ਨਾਮਧਾਰੀ ਅਨਪੜ੍ਹ ਰਹਿ



Sri Satguru Jagjit Singh Ji Elibrary NamdhariElibrary@gmail.com

ਗਏ ਪਰ ਉਹਨਾਂ ਕੋਲ ਦੇਸ਼ ਭਗਤੀ ਅਤੇ ਆਪਣੇ ਸਭਿਆਚਾਰ ਦਾ ਖਜ਼ਾਨਾ ਸੁਰਖਿਅਤ ਰਿਹਾ। ਜ਼ਿੰਦਗੀ ਦੇ ਹਰ ਖੇਤਰ ਇੰਡਸਟਰੀ, ਖੇਤੀ ਬਾੜੀ, ਵਪਾਰ ਵਿਚ ਉਹਨਾਂ ਕਠਿਨ ਮੇਹਨਤ ਤੇ ਉਚੇ ਕਿਰਦਾਰ ਕਰਕੇ ਭਾਵੇਂ ਬਹੁਤ ਸਨਮਾਨ ਯੋਗ ਥਾਂ ਬਣਾਇਆ ਪਰ ਵਿਦਿਆ ਦੀ ਪਛਾਣ ਹਮੇਸ਼ਾ ਹੀ ਰੜਕਦੀ ਰਹੀ। ਨਾਮਧਾਰੀਆਂ ਦੀ ਇਸ ਪਛਾਣ ਦੇ ਬਹਾਨੇ ਉਹਨਾਂ ਸਰਕਾਰ ਕੋਲੋਂ ਵੀ ਕੋਈ ਰਿਆਇਤ ਨਾ ਮੰਗੀ ਜਾਂ ਨਾ ਪ੍ਰਾਪਤ ਕੀਤੀ ਹੈ।

ਸੋ ਭਾਵੇਂ ਪਛੜ ਕੇ ਹੀ ਸਹੀ ਇਕ ਠੀਕ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਜਿਵੇਂ ਪਸ਼ੂ ਪਾਲਣ ਤੇ ਖੇਤੀ ਬਾੜੀ ਦੇ ਖੇਤਰ ਵਿਚ, ਇੰਜਨੀਅਰੀ ਦੇ ਖੇਤਰ ਵਿਚ, ਸੰਗੀਤ ਅਤੇ ਖੇਡਾਂ ਦੇ ਖੇਤਰ ਵਿਚ ਸਤਿਗੁਰੂ ਜਗਜੀਤ ਸਿੰਘ ਨੇ ਨਾਮਧਾਰੀਆਂ ਨੂੰ ਅੱਗੇ ਲਿਆਂਦਾ ਹੈ ਇਸ ਨਵੇਂ ਖੇਤਰ ਵਿਚ ਵੀ ਸਿਖਰਾਂ ਛੋਹੀਆਂ ਜਾਣਗੀਆਂ ਇਸ ਵਿਚ ਕੋਈ ਸੰਦੇਹ ਨਹੀਂ। ਜਿੰਨੀ ਦੇਰ ਤੱਕ ਅੰਗਰੇਜ਼ੀ ਦੇਸ਼ ਦੀ ਇਕ ਭਾਸ਼ਾ ਹੈ ਅਤੇ ਸਰਕਾਰੀ ਤੇ ਗੈਰ ਸਰਕਾਰੀ ਖੇਤਰਾਂ ਵਿਚ ਇਸ ਦੀ ਦਿਸਦੀ ਅਦਿਸਦੀ ਸਰਦਾਰੀ ਹੈ, ਨਾਮਧਾਰੀਆਂ ਵਲੋਂ ਇਸ ਦੀ ਪੜ੍ਹਾਈ ਇਕ ਜ਼ਰੂਰਤ ਹੈ। ਹੋਰ ਕਿਸੇ ਵਾਸਤੇ ਤਾਂ ਇਹ ਅੰਗਰੇਜ਼ੀ ਤਹਿਜ਼ੀਬ ਦੀ ਗੁਲਾਮੀ ਦੀ ਨਿਸ਼ਾਨੀ ਹੋਵੇ ਪਰ ਨਾਮਧਾਰੀਆਂ ਵਾਸਤੇ ਆਪਣੀ ਪਛਾਣ ਕੱਢਣ ਦਾ ਇਕ ਹੀਲਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਇਸ ਸਕੂਲ ਦਾ ਉਦਘਾਟਨ ਹੋਣਾ ਇਸ ਦੀ ਸਫਲਤਾ ਦਾ ਸੰਦੇਸ਼ ਹੈ।

ਫਿਲਹਾਲ ਅਜੇ ਛੋਟੀਆਂ ਕਲਾਸਾਂ ਹੀ ਸ਼ੁਰੂ ਕੀਤੀਆਂ ਗਈਆਂ ਹਨ। ਸਕੂਲ ਦੀ ਆਪਣੀ ਇਮਾਰਤ ਹੈ ਅਤੇ ਬੱਚਿਆਂ ਨੂੰ ਵੱਖ ਵੱਖ ਕਾਲੋਨੀਆਂ ਨਗਰਾਂ ਤੋਂ ਲਿਆਉਣ ਵਾਸਤੇ ਮੋਟਰਕਾਰ ਗੱਡੀ ਦਾ ਬੰਦੋਬਸਤ ਹੈ। ਸਾਫ ਸੁਥਰਾ ਫਰਨੀਚਰ, ਹਵਾਦਾਰ ਸਾਫ ਸੁਥਰੇ ਕਮਰੇ, ਪ੍ਰਿੰਸੀਪਲ ਅਤੇ ਸਟਾਫ ਵਾਸਤੇ ਵਖਰੇ ਸੁਤੰਤਰ ਦਫਤਰ, ਬੱਚਿਆਂ ਦੇ ਮਨੋਰੰਜਨ ਵਾਸਤੇ ਪੰਘੂੜੇ, ਪੀਂਘਾਂ ਅਤੇ ਹੋਰ ਦਿਲਪਰਚਾਵੇ ਦਾ ਸਾਮਾਨ ਹੈ। ਫਲੱਸ਼ ਟੱਟੀਆਂ ਅਤੇ ਪਾਣੀ ਦਾ ਵਧੀਆ ਇੰਤਜ਼ਾਮ ਹੈ। ਇਸ ਵਿਚ ਆਪਣੇ ਬੱਚੇ ਜ਼ਰੂਰ ਭੇਜਣੇ ਚਾਹੀਦੇ ਹਨ ਇਸ ਸਕੂਲ ਨੂੰ ਹਰ ਹਾਲਤ ਵਿਚ ਕਾਮਯਾਬ ਕਰਨਾ ਸਭ ਦਾ ਫਰਜ਼ ਹੈ।

ਇਸ ਸਕੂਲ ਦੀ ਸਥਾਪਣੀ ਵਾਸਤੇ ਜਿਨ੍ਹਾਂ ਸਜਨਾਂ ਨੇ ਅਣਥਕ ਜਤਨ ਕੀਤੇ, ਉਪਰਾਲੇ ਕੀਤੇ, ਮਾਇਕ ਸਹਾਇਤਾ ਦਿੱਤੀ ਅਤੇ ਹੋਰ ਪ੍ਰਕਾਰ ਘਾਲਨਾ ਘਾਲੀ ਉਹਨਾਂ ਦੇ ਜਤਨਾਂ ਦੀ ਕਦਰ ਕਰਦੇ ਹੋਏ, ਉਹਨਾਂ ਨੂੰ ਵਧਾਈ ਪੇਸ਼ ਕਰਦੇ ਹੋਏ, ਇਸ ਸਕੂਲ ਦੀ ਸਫਲਤਾ ਵਾਸਤੇ ਹੀ ਫਿਲ ਹਾਲ ਅਸੀਂ ਕਿਸੇ ਵੀ ਵਿਅਕਤੀ ਦਾ ਨਾਮ ਪ੍ਰਕਾਸ਼ਤ ਨਹੀਂ ਕਰ ਰਹੇ। ਹਾਂ ਏਨਾਂ ਜ਼ਰੂਰ ਲਿਖਦੇ ਹਾਂ ਕਿ ਪ੍ਰਬੰਧ ਵਾਸਤੇ ਬਕਾਇਦਾ ਬਹੁਤ ਯੋਗ ਸਜਨਾਂ ਤੇ ਆਧਾਰਤ ਕਮੇਟੀ ਬਣੀ ਹੋਈ ਹੈ ਜਿਨ੍ਹਾਂ ਨੇ ਇਸ ਨੇਕ ਕਾਰਜ ਵਾਸਤੇ ਆਪਣੇ ਆਪ ਨੂੰ ਸਮਰਪਤ ਕੀਤਾ ਹੋਇਆ ਹੈ। ਇਸ ਸਕੂਲ ਦੇ ਉਦਘਾਟਨੀ ਸਮਾਰੋਹ ਦੀਆਂ ਕੁਝ ਤਸਵੀਰਾਂ ਛਾਪ ਰਹੇ ਹਾਂ। ਇਸ ਸਕੂਲ ਵਾਸਤੇ ਘਾਲਣਾ ਘਾਲਣ ਵਾਲਿਆਂ ਕਈਆਂ ਦੀਆਂ ਤਸਵੀਰਾਂ ਵੀ ਪ੍ਰਕਾਸਤ ਨਹੀਂ ਹੋਈਆਂ। ਪਰ ਉਹਨਾਂ ਦੀਆਂ ਕਾਮਨਾਵਾਂ ਅਤੇ ਨਿਸ਼ਾਨਿਆਂ ਨੂੰ ਸਦਾ ਹੀ ਸਾਡਾ ਸਮਰਥਨ ਪ੍ਰਾਪਤ ਹੈ।

ਜਗਦੀਸ਼ ਸਿੰਘ

---

(ਸਫਾ ੩੩ ਦੀ ਬਾਕੀ)

ਉਹਨਾਂ ਦਾ ਆਤਮ ਬਲ, ਮਿਲਾਪੜਾ ਸੁਭਾਓ, ਮਿਠਤ, ਹਲੀਮੀ, ਵਿਸ਼ਾਲ ਦਿਲੀ, ਖਿਮਾ ਸਪੱਸ਼ਟਤਾ ਨਿਡਰਤਾ ਅਤੇ ਪਿਆਰ ਭਗਤੀ ਦਾ ਜਜ਼ਬਾ ਹਰ ਇਕ ਨੂੰ ਮੋਹ ਲੈਂਦਾ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੋਹਾਂ ਦੋਰਿਆਂ ਸਮੇਂ ਉਹਨਾਂ ਨੇ ਰੱਜ ਰੱਜ ਕੇ ਸੇਵਾ ਕੀਤੀ ਅਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਹਰ ਵੇਲੇ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰਖਣ ਲਈ ਤੱਤਪਰ ਰਹਿੰਦੇ ਸਨ। ਸੂਬਾ ਜੀ ਨੇ ਆਪਣੀ ਮਿਲਣਸਾਰੀ ਨਾਲ ਹਰ ਇਕ ਨੂੰ ਨਿੱਘ ਦਿੱਤਾ ਅਤੇ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇੰਗਲੈਂਡ ਦਾ ਦੋਰਾ ਕੀਤਾ ਤਾਂ ਆਪ ਝੱਟ ਨੈਰੋਬੀ ਤੋਂ ਆ ਕੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਦੇ ਯੂ.ਕੇ. ਦੀ ਸਮੁੱਚੀ ਸੰਗਤ ਆਪ ਨੂੰ ਯੂ.ਕੇ. ਦਾ ਤਸੱਵਰ ਕਰਦੀ ਸੀ।......"

## ਨਾਮਧਾਰੀ ਦਰਬਾਰ

ਸੂਬਾ ਦਰਸ਼ਨ ਸਿੰਘ ਜੀ ਦੇ ਅਕਾਲ ਚਲਾਣੇ ਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਮਾਸਟਰ ਨਿਹਾਲ ਸਿੰਘ ਜੀ, ਜਨਰਲ ਸਕੱਤਰ ਸ. ਹਰਵਿੰਦਰ ਸਿੰਘ ਹੰਸਪਾਲ ਐਮ ਪੀ., ਸਕੱਤਰ ਮਹੰਤ ਆਤਮਾ ਸਿੰਘ ਸਨਖਤਰਵੀ ਸੰਪਾਦਕ ਸਤਿਜੁਗ, ਪ੍ਰਸਿੱਧ ਲੇਖਕ ਸ੍ਰ: ਪ੍ਰੀਤਮ ਸਿੰਘ ਕਵੀ, ਸ੍ਰੀ ਜਗਦੀਸ਼ ਸਿੰਘ ਪ੍ਰਧਾਨ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ, ਸ: ਖੜਕ ਸਿੰਘ ਭਮਰਾ (ਇੰਗਲੈਂਡ) ਅਤੇ ਹੋਰ ਪ੍ਰਤਿਸ਼ਠਤ ਸੱਜਨਾਂ ਨੇ ਭਾਵ ਭਿਨੀ ਸ਼ਰਧਾਂਜਲੀ ਅਰਪਿਤ ਕੀਤੀ ਹੈ।



Sri Satguru Jagjit Singh Ji Elibrary NamdhariElibrary@gmail.com

# ਉਦਘਾਟਨ



ਸ਼ਹੀਦ ਬਿਸ਼ਨ ਸ਼ਿੰਘ ਮੈਮੋਰੀਅਲ ਸਕੂਲ ਦਾ ਉਦਘਾਟਨ ਨਵੀਂ ਦਿਲੀ ਦੇ ਮਾਨਸਰੋਵਰ ਇਲਾਕੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਂਪਣੇ ਕਰ ਕਮਲਾਂ ਦੁਆਂਰਾ ਕੀਤਾ । ਸਤਿਗੁਰੂ ਜੀ ਦੇ ਪਿਛੇ ਦਿਸਦੇ ਚਹਿਰਿਆਂ ਵਿਚੋਂ ਖਬੇ ਤੋਂ ਸਜੇ, ਜੋਗਾ ਸਿੰਘ. ਸ: ਸੰਤ ਸਿੰਘ, ਜੰਗ ਬਹਾਦਰ ਸਿੰਘ, ਮਹਿੰਦਰ ਸਿੰਘ, ਬਲਦੇਵ ਸਿੰਘ. ਸੇਠ ਤਰਲੋਕ ਸਿੰਘ ਚਾਵਲਾ ਪ੍ਰਿੰਸੀਪਲ ਗੁਰੂ ਹਰੀ ਕ੍ਰਿਸ਼ਨ ਪਬਲਿਕ ਸਕੂਲ, ਸ: ਮਹਿੰਦਰ ਸਿੰਘ ਬਾਲੀ ਨਗਰ, ਸ: ਸੁਲੱਖਣ ਸਿੰਘ......, ਸ: ਸਤਿਨਾਂਮ ਸਿੰਘ ਆਦਿ ਦਿਖਾਈ ਦੇ ਰਹੇ ਹਨ ।

ਸਾਹਮਣੇ ਪੰਨੇ ਤੇ : ਤਸਵੀਰਾਂ : (ਘੜੀ ਦੀ ਸੂਈਆਂ ਅਨੁਸਾਰ) ਓਪਰ ਸਜੇ ਪਾਸੇ (੧) ਸਕੂਲ ਦਾ ਮੁਖ ਦੁਵਾਰ, (੨) ਬਚਿਆਂ ਦੇ ਖੇਡਣ ਵਾਸਤੇ ਬਣਾਏ ਪੰਘੂੜੇ ਦਾ ਨਿਰੀਖਣ ਕਰਦੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸ. ਸੁਲੱਖਣ ਸਿੰਘ ਮੀਤ ਪ੍ਰਧਾਨ ਦਿਲੀ ਗੁਰਦਵਾਰਾ ਪਰਬੰਧਕ ਕਮੇਟੀ, ਠਾਕਰ ਸ਼ਮਸ਼ੇਰ ਸਿੰਘ ਆਦਿ (੩) ਬਚਿਆਂ ਦੀ ਕਲਾਸ ਦਾ ਇਕ ਦ੍ਰਿਸ਼ (੪) ਸ੍ਰੀ ਜਗਦੀਸ਼ ਟਾਈਟਲਰ ਅਤੇ ਸ੍ਰੀ ਸਜਨ ਕੁਮਾਰ ਮੈਂਬਰ ਪਾਰਲੀਮੈਂਟ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਅਤੇ ਉਪਰ ਖਬੇ ਸਤਿਗੁਰੂ ਜਗਜੀਤ ਸਿੰਘ ਜੀ ਸਕੂਲ ਦੇ ਰਜਿਸਟਰ ਤੇ ਸਹੀ ਪਾਉਂਦੇ ਹੋਏ ।



Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ





Sri Satguru Jagjit Singh Ji Elibrary NamdhariElibrary@gmail.com

# ਇਕ ਕਲਾਕਾਰ ਦੀ ਯਾਦ

—ਜਗਦੀਸ਼ ਸਿੰਘ

੧੩ ਅਕਤੂਬਰ ੧੯੮੧ ਨੂੰ ਸਾਥੋਂ ਇਕ ਅਤਿ ਪਿਆਰ ਸਨੇਹੀ ਸਦਾ ਲਈ ਵਿਛੜ ਗਿਆ ਹੈ। ਸੰਤ ਖਜ਼ਾਨ ਸਿੰਘ ਖਾਰੇ ਵਾਲੇ ਸਿਮ੍ਰਤੀ ਮੰਦਰ ਸ੍ਰੀ ਭੈਣੀ ਸਾਹਿਬ 'ਚ ਸੇਵਾ ਕਰਦੇ ਹੀ ਚੜ੍ਹਾਈ ਕਰ ਗਏ। ਸੰਤ ਖਜ਼ਾਨ ਸਿੰਘ ਜੋ ਪਿਛਲੇ ਅੱਠ ਸਾਲਾਂ ਤੋਂ ਗੁਰੂ ਘਰ ਵਿਚ ਸੇਵਾ ਕਰ ਰਹੇ ਸਨ। ਇਕ ਕੁਸ਼ਲ ਰਾਜ ਮਿਸਤਰੀ ਦੇ ਤੌਰ ਤੇ ਪਹਿਲਾਂ ਉਹਨਾਂ ਮਸਤਾਨ ਗੜ੍ਹ ਕੋਠੀ (ਸ੍ਰੀ ਜੀਵਨ ਨਗਰ) ਦੀ ਸੇਵਾ ਕੀਤੀ ਅਤੇ ਹੁਣ ਭੈਣੀ ਸਾਹਿਬ ਰਹਿ ਕੇ ਸੇਵਾ ਕਰਦੇ ਸਨ। ਅੰਤਲੇ ਸਮੇਂ ਵੀ ਆਪ ਮੰਦਰ ਵਿਚ ਰੋੜੀ ਵਢਾਉਂਦੇ ਬੈਠ ਗਏ। ਮਾਤਾ ਚੰਦ ਕੌਰ ਜੀ ਨੇ ਕਿਹਾ ਛੁਟੀ ਕਰ ਲਵੋ ਅਤੇ ਭੈਣੀ ਸਾਹਿਬ ਵਿਚ ਹੋ ਰਹੇ ਪ੍ਰਯੋਗ ਦਾ ਮੇਲਾ ਵੇਖੋ। ਸੰਤ ਖਜ਼ਾਨ ਸਿੰਘ ਕਹਿਣ ਲਗੇ ਮਸਾਲਾ ਬਣਿਆ ਹੋਇਆ ਹੈ ਸੰਗਤ ਨੂੰ ਭੇਜੋ ਉਹ ਨਾਲ ਵਢਾਵੇ ਤੇ ਫਰਸ਼ ਦਾ ਕੰਮ ਹੋਵੇ। ਮਾਤਾ ਜੀ ਨੇ ਬੀਬੀਆਂ ਦਾ ਜੱਥਾ ਭੇਜਿਆ ਮਸਾਲਾ ਵਢਾਇਆ ਪਰ ਖਜ਼ਾਨ ਸਿੰਘ ਨਿਢਾਲ ਹੋ ਗਏ। ਛੋਟੇ ਬੇਬੇ ਜੀ, ਮਾਤਾ ਦਲੀਪ ਕੌਰ ਉਥੇ ਸਨ ਉਹਨਾਂ ਖਜ਼ਾਨ ਸਿੰਘ ਜੀ ਦਾ ਸਿਰ ਫੜ ਕੇ ਪੁਛਿਆ ਖਜ਼ਾਨ ਸਿੰਘਾਂ-ਅਖੋ ਹਾਂ ਜੀ। ਬਸ ਦੋ ਕੁ ਸਾਹ ਆਏ ਤੇ ਖਜ਼ਾਨ ਸਿੰਘ ਕਿਸੇ ਹੋਰ ਦੁਨੀਆ ਦੇ ਵਾਸੀ ਹੋ ਗਏ।

ਇਸ ਤਰ੍ਹਾਂ ਇਕ ਬਹੁਤ ਅਹਿਮ ਨਿਸ਼ਠਾਵਾਨ ਪਿਆਰਾ ਸਾਥੋਂ ਖੁਸ ਗਿਆ ਹੈ।

ਗੁਰੂ ਘਰ ਦੇ ਇਸ ਅਨਿਨ ਪ੍ਰੇਮੀ ਸੇਵਕ ਸਿੱਖ ਕੀਰਤਨੀਏ ਕਲਾਕਾਰ ਦੀ ਜੀਵ ਆਤਮਾ ਨਮਿਤ ਸ੍ਰੀ ਭੈਣੀ ਸਾਹਿਬ ਵਿਚ ੨੧ ਅਕਤੂਬਰ ਨੂੰ ਸਤਿਗੁਰੂ ਜਗਜੀਤ ਮਹਾਰਾਜ ਜੀ ਦੀ ਹਜ਼ੂਰੀ ਵਿਚ ਭੋਗ ਪਾਇਆ ਗਿਆ ਤੇ ਕੀਰਤਨ ਹੋਇਆ। ਸਤਿਗੁਰੂ ਜੀ ਨੇ ਸੰਤ ਖਜ਼ਾਨ ਸਿੰਘ ਦੇ ਸੇਵਾ ਭਾਵੀ ਜੀਵਨ ਦੀ ਚਰਚਾ ਕਰਦਿਆਂ ਸਾਧ ਸੰਗਤ ਨੂੰ ਪ੍ਰੇਰਨਾ ਲੈਣ ਲਈ ਆਗ੍ਰਹਿ ਕੀਤਾ। ਦਿੱਲੀ ਵਿਖੇ ਵੀ ੫ ਨਵੰਬਰ ਨੂੰ ਉਹਨਾਂ ਦੀ ਯਾਦ ਵਿਚ ਮੇਲਾ ਹੋਇਆ।

ਇਸ ਕਲਾਕਾਰ ਦੀ ਯਾਦ ਵਰਿਆਮ ਦੇ ਕਾਲਮਾਂ ਵਿਚ ਸੁਰਖਿਅਤ ਕਰਦੇ ਹੋਏ ਸ਼ਰਧਾਂਜਲੀ ਅਰਪਨ ਕਰਦੇ ਹਾਂ।



ਸੰਤ ਖਜ਼ਾਨ ਸਿੰਘ

ਸੰਤ ਖਜ਼ਾਨ ਸਿੰਘ ਨਾਲ ਮੇਰੀ ਯਾਦਾਂ ਦੀ ਤੰਦ ਬਚਪਨ ਤੋਂ ਹੀ ਜੁੜੀ ਹੋਈ ਹੈ। ਜਦੋਂ ਰਾਵਲਪਿੰਡੀ ਵਿਚ ਰਹਿੰਦਿਆਂ ਉਹਨਾਂ ਦੀ ਬਹੁਤ ਪਿਆਰੀ ਢੋਲਕੀ ਸੁਣਦੇ ਹੁੰਦੇ ਸਾਂ। ਜਦੋਂ ਨਾਮਧਾਰੀਆਂ ਦਾ ਸ਼ਬਦੀ ਜੱਥਾ ਚਿਟੀਆਂ ਹਟੀਆਂ ਤੋਂ ਚਲ ਕੇ ਸ਼ਹਿਰ ਵਿਚ ਗੁਰਪੁਰਬਾਂ ਦੇ ਜਲੂਸਾਂ ਲਈ ਚਲਦਾ ਤਾਂ ਰਾਮਗੜ੍ਹੀਆ ਗੁਰਦੁਆਰੇ ਕੋਲ ਪਿੜ ਬਝਦਾ। ਮੈਨੂੰ ਥੋਹੜਾ ਥੋਹੜਾ ਯਾਦ ਹੈ ਉਸ ਦੇ ਦੁਆਲੇ ਲੋਕਾਂ ਦੀ ਕਾਫੀ ਭੀੜ ਜਮਾਂ ਹੁੰਦੀ ਤੇ ਫਿਰ ਇਹ ਜੱਥਾ ਉਚੀਆਂ ਉਚੀਆਂ ਧਾਰਨਾਂ ਪੜ੍ਹਦਾ ਢੋਲਕੀ ਤੇ ਛੈਣਿਆਂ ਦੇ ਤਾਲ ਨਾਲ ਹੌਲੀ ਹੌਲੀ ਸਰਕਦਾ ਹੋਇਆਂ ਜਲੂਸ ਮਾਰਗ ਵਲ ਹੋ ਤੁਰਦਾ। ਲੋਕ ਜੱਥੇ ਨੂੰ ਹਿਲਣ ਨਾ ਦਿੰਦੇ। ਉਸ ਜਥੇ ਦੇ ਮੁਹੈਲਾਂ ਵਿਚੋਂ ਮੇਰੇ ਆਪਣੇ ਪਿਤਾ ਸੰਤ ਨੱਥਾ ਸਿੰਘ, ਸੰਤ ਹਰਨਾਮ ਸਿੰਘ ਡੱਡੀਆਂ ਵਾਲੇ, ਸੰਤ ਹਰਨਾਮ ਸਿੰਘ ਨਾਚਾ ਅਤੇ ਸੰਤ ਜਗਤ ਸਿੰਘ ਦੇਹੜਾਂ ਵਾਲੇ ਅਤੇ......ਹੁੰਦੇ।

ਸੰਤ ਖਜ਼ਾਨ ਸਿੰਘ ਦੀ ਢੋਲਕ ਦੇ ਬੋਲ ਉਦੋਂ ਤੋਂ ਹੀ ਮੇਰੇ ਜ਼ਿਹਨ ਵਿਚ ਸੁਰਖਿਅਤ ਪਏ ਹਨ। ਉਦੋਂ ਸਮਾ ਸੀ ਜਦੋਂ ਨਾਮਧਾਰੀਆਂ ਦੀ ਢੋਲਕੀ ਪ੍ਰਚਾਰ ਦਾ ਮੁਖ ਸਾਧਨ ਸੀ। ਬਹੁਤੇ ਸਾਜ਼ਾਂ ਦਾ ਰਿਵਾਜ ਨਹੀਂ ਸੀ ਬਸ ਢੋਲਕੀ ਤੇ ਨਾਲ ਛੈਣੇ ਤੇ ਖੜਤਾਲਾਂ। ਨਾਮਧਾਰੀਆਂ ਦੀ ਢੋਲਕੀ ਵੱਜੇ ਨਹੀਂ ਕਿ ਲੋਕ ਮਸਤਾਣੇ ਹੋਏ ਨਹੀਂ। ਦੇਸ਼ ਦੇ ਬਟਵਾਰੇ ਬਾਅਦ ਸੰਤ ਖਜ਼ਾਨ ਸਿੰਘ ਦਿਲੀ ਆ ਗਏ। ਉਧਰੋਂ ਨਾਮਧਾਰੀ ਸੰਗਤਾਂ ਵੀ ਵੱਡੀ ਗਿਣਤੀ ਵਿਚ ਦਿਲੀ ਵਿਚ ਸਥਾਪਤ ਹੋ ਗਈਆਂ। ਇਥੇ ਇਹਨਾਂ ਦੇ ਵਡੇ ਭਰਾ ਸ. ਗਿਆਨ ਸਿੰਘ ਹਾਰਮੋਨੀਅਮ ਵਜਾਂਉਂਦੇ ਤੇ ਖਜ਼ਾਨ ਸਿੰਘ



Sri Satguru Jagjit Singh Ji Elibrary NamdhariElibrary@gmail.com

ਢੋਲਕ। ਆਸਾ ਦੀ ਵਾਰ ਦਾ ਕੀਰਤਨ ਵੀ ਕਰਦੇ ਤੇ ਹੱਲੇ ਦੇ ਦੀਵਾਨਾਂ ਵਿਚ ਵੀ ਸਾਜ ਵਜਾਉਂਦੇ। ਪਹਿਲਾਂ ਇਹਨਾਂ ਦੇ ਤੀਸਰੇ ਭਰਾ ਸੰਤ ਹਜ਼ਾਰਾ ਸਿੰਘ ਵੀ ਨਾਲ ਹੁੰਦੇ ਤੇ ਤਾਊਸ ਵਜਾਉਂਦੇ ਪਰ ਉਹ ਚੜ੍ਹਾਈ ਕਰ ਗਏ।

ਢੋਲਕ ਸਾਥ ਦਾ ਸਾਜ਼ ਹੈ। ਯੋਗ ਵਜੰਤਰੀ ਲੈਅ ਦਾ ਖਿਆਲ ਵੀ ਰਖਦਾ ਹੈ ਅਤੇ ਦਾਬ ਅਤੇ ਥਾਪ ਨਾਲ ਹੀ ਗਾਉਣ ਵਾਲੇ ਦੀ ਸੁਰ ਦਾ ਵੀ ਸਾਥ ਦਿੰਦਾ ਹੈ। ਆਮ ਵਜੰਤਰੀ ਆਪਣੀ ਹੀ ਲੈਅ ਤਾਲ ਅਤੇ ਸੁਰ ਵਿਚ ਵਜਾਉਂਦੇ ਹਨ ਅਤੇ ਉਹ ਗਾਉਣ ਵਾਲੇ ਨੂੰ ਧੱਕੇ ਨਾਲ ਮੋੜ ਘੋੜ ਕੇ ਆਪਣੇ ਵਾਲੀ ਥਾਂ ਤੇ ਲੈ ਆਉਂਦੇ ਹਨ। ਇਸ ਵਿਚ ਬੋਲਾਂ ਦਾ ਵੀ ਮਹੱਤਵ ਹੁੰਦਾ ਹੈ ਅਤੇ ਅਭਿਆਸ ਦਾ ਵੀ। ਪਰ ਸਭ ਤੋਂ ਉਤਮ ਚੀਜ਼ ਰੱਸ ਹੁੰਦੀ ਹੈ। ਕਈ ਕਲਾਕਾਰ ਸਭ ਕੁਝ ਕਰਦੇ ਹੋਏ ਰੱਸ ਨਹੀਂ ਪੈਦਾ ਕਰ ਸਕਦੇ। ਸੰਤ ਖਜ਼ਾਨ ਸਿੰਘ ਦੀ ਢੋਲਕ ਵਜਾਉਣ ਵਿਚ ਇਹ ਸਿਫਤ ਸੀ ਕਿ ਉਸ ਦੀ ਗੂੰਜ ਰਸਦਾਇਕ ਸੀ। ਚਾਹੇ ਇਕ ਹੱਥ ਮਾਰੇ ਚਾਹੇ ਚਾਹੇ ਜ਼ਿਆਦਾ ਚਾਹੇ ਉਂਗਲਾਂ ਦਾ ਕੰਮ ਹੋਵੇ, ਪੋਟਿਆਂ ਜਾਂ ਤਲੀਆਂ ਦਾ ਉਸ ਵਿਚ ਸੁਆਦ ਹੁੰਦਾ ਅਤੇ ਛੋਟਿਆਂ ਨਾਲ ਹੱਲੇ ਦੇ ਕੀਰਤਨ ਵਿਚ ਜੋ ਗਤੀ ਹੁੰਦੀ ਜਾਂ ਆਸਾ ਦੀ ਵਾਰਾ ਦੇ ਕੀਰਤਨ'ਚ ਜੋ ਠਹਿਰਾਵ ਹੁੰਦਾ ਹੈ ਉਹਨਾਂ ਸਭਨਾਂ ਚਾਲਾਂ ਦੀ ਖਜ਼ਾਨ ਸਿੰਘ ਜੀ ਨੂੰ ਵਾਕਫੀਅਤ ਸੀ ਅਤੇ ਉਸ ਦੇ ਸਾਦੇ ਹਥਾਂ ਵਿਚ ਵੀ ਆਨੰਦ ਸੀ।

ਸੰਤ ਖਜ਼ਾਨ ਸਿੰਘ ਦਾ ਜਨਮ ਉਸ ਪਿੰਡ ਤੇ ਪਰਿਵਾਰ ਵਿਚ ਹੋਇਆ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਵਰੋਸਾਇਆ ਹੋਇਆ ਸੀ। ਕੀਰਤਨ ਅਤੇ ਢੋਲਕ ਦੀ ਦਾਤ ਇਸ ਪਿੰਡ ਵਾਲਿਆਂ ਦੀ ਵਰਾਸਤ ਸੀ। ਇਹ ਪਿੰਡ ਸਿਆਲਕੋਟ ਜ਼ਿਲੇ ਦੀ ਨਾਰੋਵਾਲ ਤਹਿਸੀਲ ਵਿਚ ਸੀ ਅਤੇ ਨਾਮ ਸੀ ਖਾਰਾ ਦੇਊਆਂ।

ਸੰਤ ਖਜ਼ਾਨ ਸਿੰਘ ਦੇ ਦਾਦਾ ਸੰਤ ਬੂਟਾ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ। ਇਹਨਾਂ ਦੇ ਪਿਤਾ ਜੀ ਸੰਤ ਫਤਹਿ ਸਿੰਘ ਮਰਾਸੀਆਂ ਪਾਸੋਂ ਤਬਲਾ ਸਿਖਦੇ ਹੁੰਦੇ ਸਨ। ਗੁਰੂ ਹਰੀ ਸਿੰਘ ਜੀ ਪਾਸ ਕਿਸੇ ਨੇ ਸ਼ਿਕਾਇਤ ਕੀਤੀ ਕਿ ਬੂਟਾ ਸਿੰਘ ਦਾ ਮੁੰਡਾ ਮਰਾਸੀਆਂ ਕੋਲੋਂ ਤਬਲਾ ਸਿਖਦਾ ਹੈ। ਸਤਿਗੁਰਾਂ ਸੰਤ ਫਤਹਿ ਸਿੰਘ ਜੀ ਨੂੰ ਬੁਲਾ ਲਿਆ। ਪੁਛ ਹੋਈ

ਕੀ ਤੂੰ ਤਬਲਾ ਸਿਖਣੈ ?

ਹਾਂ ਜੀ।

ਮਰਾਸੀਆਂ ਕੋਲੋਂ ?

ਹਾਂ ਜੀ।

ਫੇਰ ਸਤਿਗੁਰੂ ਜੀ ਸ਼ਿਕਾਇਤ ਲਾਉਣ ਲਾਲੇ ਵਲ ਮੁਖਾਬਤ ਹੋਏ ਅਤੇ ਪੁਛਿਆ ਭਾਈ ਜੇ ਲਾਲ ਨਾਲੀ ਵਿਚ ਡਿੱਗਾ ਹੋਏ ਤਾਂ ਚੁਕ ਕੇ ਧੋ ਕੇ ਜੇਬ ਵਿਚ ਪਾ ਲੈਣ ਵਿਚ ਕੋਈ ਹਰਜ ਤਾਂ ਨਹੀਂ ?

'ਨਹੀਂ ਗਰੀਬ ਨਿਵਾਜ ਜੀ।' ਉਸ ਉਤਰ ਦਿਤਾ। ਤੇ ਫੇਰ ਇਸੇ ਤਰ੍ਹਾਂ ਇਹ ਕੀਰਤਨ ਰੂਪੀ ਲਾਲ ਕਿਤੋਂ ਵੀ ਮਿਲੇ ਲੈਣ ਵਿਚ ਕੀ ਹਰਜ਼ ਹੈ ?

ਸੰਤ ਫਤਹਿ ਸਿੰਘ ਜੀ ਸੰਤ ਨਿਧਾਨ ਸਿੰਘ ਆਲਿਮ ਅਤੇ ਭੂਰੇ ਗਿਲਾਂ ਵਾਲੇ ਸੰਤ ਲਾਲ ਸਿੰਘ ਨਾਲ ਤਬਲਾ ਵਜਾਉਂਦੇ ਰਹੇ ਅਤੇ ਉਹ ਅਨਮੋਲ ਦਾਤ ਅਗੇ ਚਲ ਪਈ।

ਇਸ ਪਿੰਡ ਦੇ ਲਗਭਗ ਸਾਰੇ ਵਸਨੀਕ ਢੋਲਕ ਜਾਂ ਕੋਈ ਨਾ ਕੋਈ ਸਾਜ਼ ਵਜਾ ਲੈਂਦੇ ਹਨ। ਢੋਲਕ ਵਿਚ ਸੰਤ ਖਜ਼ਾਨ ਸਿੰਘ ਦਾ ਤਾਂ ਨਾਮ ਉਘਾ ਹੈ ਹੀ। ਇਸ ਤੋਂ ਇਲਾਵਾ ਇਹਨਾਂ ਦੇ ਭਾਈ ਗਿਆਨ ਸਿੰਘ ਵੀ ਢੋਲਕ ਵਜਾ ਲੈਂਦੇ ਹਨ। ਜੰਮੂ ਨਿਵਾਸੀ ਸੰਤ ਜਗਤ ਸਿੰਘ ਜੀ ਕਾਫੀ ਬਿਰਧ ਅਵਸਥਾ ਵਿਚ ਹੁਣ ਤਕ ਵੀ ਵਧੀਆ ਢੋਲਕ ਵਜਾਉਂਦੇ ਹਨ। ਸੰਤ ਸਾਧਾ ਸਿੰਘ ਜੰਮੂ ਵੀ ਬਹੁਤ ਪਿਆਰੀ ਢੋਲਕ ਵਜਾ ਲੈਂਦੇ ਸਨ ਅਤੇ ਲੇਖਕ ਨੇ ਜੰਮੂ ਨਿਵਾਸ ਸਮੇਂ ਉਹਨਾਂ ਦਾ ਹੱਥ ਵੇਖਿਆ ਸੀ। ਇਸੇ ਪਿੰਡ ਦਾ ਇਕ ਮਸ਼ਹੂਰ ਜਥੇਦਾਰ ਤੇ ਕੀਰਤਨਕਾਰ ਸੰਤ ਈਸ਼ਰ ਸਿੰਘ ਹੋਇਆ ਹੈ। ਵਿਦਵਾਨਾਂ 'ਚੋਂ ਸੰਤ ਤੇਜਾ ਸਿੰਘ ਕੰਵਲ ਅਜ ਕਲ੍ਹ ਰਮੇਸ਼ ਨਗਰ ਨਾਮਧਾਰੀ ਕਾਲੋਨੀ ਦਿੱਲੀ ਵਿਚ ਹਨ। ਵਿਦਿਅਕ ਜਥੇ ਦੇ ਸਾਬਕਾ ਪ੍ਰਧਾਨ ਤੇ ਜੰਮੂ ਦੇ ਮਿਊਂਸਪਲ ਕੌਂਸਲਰ ਸਵ: ਸ: ਪ੍ਰੀਤਮ ਸਿੰਘ ਵੀ ਇਸੇ ਪਿੰਡ ਦੇ ਹੀ ਸਨ।

ਸੰਤ ਖਜ਼ਾਨ ਸਿੰਘ ਬਹੁਤ ਮਿਠ ਬੋਲੜੇ ਤੇ ਹੌਲੀ-ਹੌਲੀ ਗਲਾਂ ਕਰਨ ਵਾਲੇ ਵਿਅਕਤੀ ਸਨ। ਸਾਦਗੀ ਅਤੇ ਸੇਵਾ ਵਿਸ਼ੇਸ਼ ਗੁਣ ਸਨ। ਹਲੀਮੀ, ਆਜਜ਼ੀ ਤੇ ਮਿਲਣਸਾਰੀ ਉਹਨਾਂ ਦੀ ਸ਼ਖਸੀਅਤ ਦਾ ਵਿਸ਼ੇਸ਼ ਗੁਣ ਸੀ। ਪਰ ਕੁਝ ਚਿਰ ਤੋਂ ਉਹਨਾਂ ਦੇ ਸਰੀਰ ਦੇ ਖੱਬੇ ਪਾਸੇ ਦਰਦ ਰਹਿੰਦੀ ਸੀ। ਫਲੌਰ ਕੁਦਰਤੀ ਇਲਾਜ ਵੀ ਕਰਵਾਇਆ ਅਤੇ ਚੰਡੀਗੜ੍ਹ ਪੀ. ਜੀ. ਆਈ. ਵਿਚ ਵੀ ਰਹੇ। ਠੀਕ ਵੀ ਹੋ ਗਏ ਪਰ ੬੧ ਸਾਲ ਦੀ ਉਮਰ ਹੀ ਮਾਣ ਸਕੇ। ਉਹਨਾਂ ਦੇ ਘਰੋਂ ਬੀਬੀ ਪ੍ਰਕਾਸ਼ ਕੌਰ ਵੈਰਾਗ ਦੀ ਮੂਰਤ ਬਣੀ ਉਹਨਾਂ ਦੀਆਂ ਯਾਦਾਂ ਦੇ ਸਹਾਰੇ ਭਾਣੇ ਨੂੰ ਬਰਦਾਸ਼ਤ ਕਰ ਰਹੀ ਹੈ।



Sri Satguru Jagjit Singh Ji Elibrary NamdhariElibrary@gmail.com

# ਪ੍ਰਤੀਕਰਮ

—ਸਤੰਬਰ ਦਾ ਵਰਿਆਮ ਪੜਿਆ ਜੀ। ਜਿਹੜੇ ਥਾਂ ਪਸੰਦ ਆਏ ਹਨ। ਉਹਨਾਂ ਬਾਰੇ ਹੇਠ ਲਿਖਿਆ ਏ।

—ਗੱਲਾਂ ਬਾਤਾਂ ਜਗਦੀਸ਼ ਸਿੰਘ ਦੀਆਂ ਪੰਡਤ ਗੋਪਾਲ ਸਿੰਘ ਜੀ ਨਾਲ। ਇਹ ਪੜ੍ਹਕੇ ਪੰਡਤ ਗੋਪਾਲ ਸਿੰਘ ਦੀ ਸਖਸ਼ੀਅਤ ਬਾਰੇ ਮੇਰੀ ਇਹ ਬਹੁਤ ਚੰਗੀ ਰਾਏ ਬਣ ਗਈ ਏ। ਜਦੋਂ ਮੈਂ ਇਹਨਾਂ ਨੂੰ ਮਿਲਾਂਗਾ। ਤੇ ਆਪਣੇ ਕੈਮਰੇ ਨਾਲ ਆਪਣੀ ਸੂਜ ਬੂਝ ਨਾਲ ਪਕੜਾਂਗਾ। ਉਹਨਾਂ ਦੀ ਇਹ ਧਾਰਨਾਂ ਮੈਨੂੰ ਬਹੁਤ ਪਸੰਦ ਆਈ ਏ। 'ਬਿਨਾ ਭਜਨ ਨਹੀਂ ਛੁਟਕਾਰਾ ਭੇਖ ਭਾਵੇਂ ਕੋਈ ਧਾਰ ਲੈ।' ਇਹ ਮਨੁਖ ਵਾਸਤੇ ਅਖੀਰ ਦੀ ਗੱਲ ਏ। ਉਸ ਸਮੇਂ ਦੀ ਯਾਦ ਮੇਰੇ ਅੰਦਰੋਂ ਬਹੁਤ ਚੰਗੀ ਲਗੀ ਜਦੋਂ ਮੁਸਲਮਾਨ ਮੁੰਡੇ ਤੇ ਪੰਡਤ ਗੋਪਾਲ ਸਿੰਘ ਜੀ ਰਲ ਕੇ ਸ਼ਬਦ ਪੜਦੇ ਸਨ। ਉਹਨਾਂ ਦੀ ਸਾਰੀ ਗੱਲਬਾਤ ਬਹੁਤ ਸਪਸ਼ਟ ਹੈ। ਇਸ ਤਰ੍ਹਾਂ ਹੀ ਹਰ ਮਨੁਖ ਦੀ ਆਪਣੀ ਜ਼ਿੰਦਗੀ ਬਾਰੇ ਸੁਧਰੀ ਗੱਲਬਾਤ ਹੋਣੀ ਚਾਹੀਦੀ ਏ।

—ਹਮਰਾਹੀ ਜੀ ਦੀ ਪੁਜਾਰਣ ਕਹਾਣੀ ਇਹਨੀ ਸੋਹਣੀ ਏ ਕਿ ਮੈਂ ਉਸ ਦੀ ਤਾਰੀਫ ਨਹੀਂ ਕਰ ਸਕਦਾ। ਕਿਉਂਕਿ ਉਹਨਾਂ ਨੇ ਸਮਾਜ ਨੂੰ ਬਹੁਤ ਥਾਵਾਂ ਤੇ ਚੋਟਾਂ ਮਾਰੀਆਂ ਹਨ 'ਮੇਰੀ ਬਰਾਦਰੀ ਨੇ ਮੈਨੂੰ ਵੇਚਿਆ ਏ। ਜੇਕਰ ਮੈਂ ਆਪ ਆਪਣੇ ਜਿਸਮ ਨੂੰ ਵੇਚਦੀ ਤਾਂ ਮੈਨੂੰ ਵਿਭਚਾਰਨ ਗਿਣਿਆ ਜਾਂਦਾ ਸੀ।' ਇਸ ਤਰ੍ਹਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਥਾਵਾਂ ਹਨ।

—ਕੁਹਾੜਾ ਦੀ ਘੂਰੀ ਕਹਾਣੀ ਵੀ ਚੰਗੀ ਏ ਤੇ ਛੋਟੀ ਏ। ਇਸ ਤਰ੍ਹਾਂ ਦੀਆਂ ਹੀ ਛੋਟੀਆਂ ਕਹਾਣੀਆਂ ਹੋਣੀਆਂ ਚਾਹੀਦੀਆਂ ਹਨ।

—ਸਾਹਿਤਕ ਸਰਗਰਮੀਆਂ ਸਾਰੀਆਂ ਬਹੁਤ ਚੰਗੀਆਂ ਹਨ ਤੇ ਇਹ ਇਕ ਨਵਾਂ ਪੰਨਾ ਏ। ਖਾਸ ਕਰ ਸੁਖਬੀਰ ਵਾਲੀ ਥਾਂ ਜਿਥੇ ਇਨਾਮ ਲੈਣ ਤੋਂ ਨਾਂਹ ਕਰ ਦਿਤੀ ਏ।

—ਹਜ਼ਾਰੀ ਬਾਗ ਯਾਤਰਾਂ ਜਗਦੀਸ਼ ਸਿੰਘ ਦੀ ਬਹੁਤ ਚੰਗੀ ਏ। ਗੱਡੀ ਨੂੰ ਅੱਗ ਲਗਣ ਵਾਲੇ ਸੀਨ। ਡਾਲਟਨ ਗੰਜ ਵਾਲਾ ਹਿਸਾ ਤੇ ਹਜ਼ਾਰੀ ਬਾਗ ਵਾਲਾ ਉਹ ਹਿਸਾ ਜਿਥੇ ਸੂਬਾ ਸਾਹਿਬ ਜਿੰਘ ਜੀ ਬੰਦ ਰਹੇ ਸਨ। ਸ਼ਾਇਦ ਮੈਂ ਨਾਲ ਹੁੰਦਾ ਤਾਂ ਇਹ ਸਾਰੇ ਸੀਨ ਆਪਣੇ ਕੈਮਰੇ ਵਿਚ ਕਿਸ ਤਰ੍ਹਾਂ ਬੰਨਦਾ। ਕਿਉਂਕਿ ਮੇਰੇ ਅੰਦਰ ਇਕ ਉਬਾਲ ਜਿਹਾ ਉਠ ਪੈਂਦਾ ਏ। ਜਦੋਂ ਇਸ ਤਰ੍ਹਾਂ ਦੇ ਦ੍ਰਿਸ਼ਾਂ ਬਾਰੇ ਪੜ੍ਹਦਾ ਹਾਂ।

—ਬੀਤੇ ਦੀਆਂ ਪੈੜਾਂ ਪੜ੍ਹਕੇ ਇਸ ਤਰ੍ਹਾਂ ਹੁੰਦਾ ਏ ਕਿ ਸਤਿਗੁਰੂ ਜੀ ਦੇ ਨਾਲ ਨਾਲ ਹੀ ਤੁਰ ਫਿਰ ਰਹੇ ਹਾਂ ਕਿਉਂਕਿ ਉਹ ਸਾਰੇ ਦ੍ਰਿਸ਼ ਅੱਖਾਂ ਸਾਹਮਣੇ ਘੁੰਮਣ ਲੱਗ ਪੈਂਦੇ ਹਨ। ੩੦ ਨਵੰਬਰ ੧੯੭੭ ਨੂੰ ਨਵੀਂ ਦਿਲੀ ਬੈਂਕ ਸ਼ਾਖਾ ਦਾ ਉਦਘਾਟਨ ਕਰਨ ਸਮੇਂ ਸੇਠ ਤ੍ਰਿਲੋਕ ਸਿੰਘ ਤੇ ਸ੍ਰ: ਹਰਵਿੰਦਰ ਸਿੰਘ ਹੰਸਪਾਲ ਦੇ ਕੰਮਾਂ ਨੂੰ ਵੇਖਣਾ ਤੇ ਸਤਿਗੁਰੂ ਜੀ ਦੇ ਪ੍ਰੋਗਰਾਮਾਂ ਦਾ ਧਿਆਨ ਰੱਖਣਾ ਬਹੁਤ ਸੁੰਦਰ ਢੰਗ ਏ। ਸ਼ਾਇਦ ਬੀਤੇ ਦੀਆਂ ਪੈੜਾਂ ਬਾਰੇ ਮੈਂ ਆਪਣੀ ਰਾਏ ਲਿਖਣੀ ਸ਼ੁਰੂ ਕਰ ਦਿਆਂ ਤਾਂ ਕਵੀ ਜੀ ਨਾਲੋਂ ਵੀ ਵੱਡਾ ਹਿਸਾ ਮੇਰਾ 'ਵਰਿਆਮ' ਵਿਚ ਬਣ ਜਾਵੇਗਾ। ਕਿਉਂਕਿ ਹਰ ਸ਼ਬਦ ਵਿਚ ਸਤਿਗੁਰੂ ਜੀ ਦੀ ਮਹਿਮਾ ਨਜ਼ਰ ਆਉਂਦੀ ਏ। ਇਸ ਕਰਕੇ ਕਿਸੇ ਵੀ ਸ਼ਬਦ ਦੀ ਸਿਫਤ ਕੀਤਿਆਂ ਬਗੈਰ ਰਿਹਾ ਨਹੀਂ ਜਾ ਸਕਦਾ। ਤੇ ਕਵੀ ਜੀ ਦੇ ਇਸ ਤਰ੍ਹਾਂ ਦਰਸ਼ਨ ਹੁੰਦੇ ਹਨ ਜਿਸ ਤਰ੍ਹਾਂ ਅਸੀਂ ਆਪਸ ਵਿਚ ਹੀ ਇਕ ਦੂਸਰੇ ਨਾਲ ਜਫੀਆਂ ਪਾ ਰਹੇ ਹਾਂ ਤੇ ਇਕ ਦੂਸਰੇ ਦਾ ਸਿਰ ਮੂੰਹ ਚੁੰਮ ਰਹੇ ਹਾਂ। ਕਿਉਂਕਿ ਜਿਉਂ ਜਿਉਂ ਬੀਤੇ ਦੀਆਂ ਪੈੜਾ ਪੜ੍ਹਦਾ ਹਾਂ। ਤਿਉਂ ਤਿਉਂ ਇਕ ਸਰੂਰ ਜਿਹਾ ਅੰਦਰ ਆਉਂਦਾ ਏ ਤੇ ਸਭ ਤੋਂ ਪਹਿਲਾਂ 'ਵਰਿਆਮ' ਵਿਚੋਂ ਬੀਤੇ ਦੀਆਂ ਪੈੜਾਂ ਪੜ੍ਹਦਾ ਹਾਂ।

—ਵਿਰਦੀ ਜੀ ਨੂੰ ਇਸ ਵਾਰ ਨਹੀਂ ਛੇੜਿਆ ਕਿਉਂਕਿ ਉਹਨਾਂ ਦੇ ਵਿਚਕਾਰ ਕਵਿਤਾਵਾਂ, ਗਜ਼ਲਾਂ ਤੇ ਰੁਬਾਈਆਂ ਸਨ। ਜਿੰਨਾਂ ਦੇ ਮੈਂ ਦਰਸ਼ਨ ਹੀ ਸਿਰਫ ਕੀਤੇ ਸਨ। ਉਹਨਾਂ ਵਿਚੋਂ ਇਸ ਤਰ੍ਹਾਂ ਦੀ ਕੋਈ ਵੀ ਨਹੀਂ ਲਗੀ ਜਿਹੜੀ ਆਪਣੇ ਵੱਲ ਖਿੱਚ ਲੈਂਦੀ। ਇਸ ਕਰਕੇ ਸਾਫ ਦਿਲ ਨਾਲ ਦਸ ਦਿਤਾ ਏ।

—ਹਰਭਜਨ ਬਾਜਵਾ ਜ਼ਿਲਾ ਜੇਲ
ਗੁਰਦਾਸਪੁਰ

—ਤੁਹਾਡਾ ਹਰ ਇਕ "ਵਰਿਆਮ" ਜਦੋਂ ਪੁਜਦਾ ਹੈ ਮੈਂ ਪੜ੍ਹਕੇ ਹੀ ਸਾਹ ਲੈਂਦਾ ਹਾਂ। ਸਤੰਬਰ ਅੰਕ ਕੱਲ ਮਿਲਿਆ ਪੜ੍ਹਕੇ ਬਹੁਤ ਅਨੰਦ ਆਇਆ।

—ਵਿਰਦੀ ਜੀ ਦੇ ਵਗਦੇ ਪਾਣੀ ਬਹੁਤ ਦਿਲਚਸਪ ਲੇਖ ਹਨ। ਪਾਣੀਆਂ ਜੋ ਨਾਲ ਨਾਲ ਸਾਨੂੰ ਨਾਲ ਤੋਰ ਲੈਂਦੇ ਹਨ।

—ਸੁਰਜੀਤ ਰਾਮਪੁਰੀ ਦੀਆਂ ਗ਼ਜ਼ਲਾਂ ਬਹੁਤ ਪਸੰਦ ਆਈਆਂ।

—ਪੰਡਿਤ ਗੋਪਾਲ ਸਿੰਘ ਜੀ ਦੀ ਇੰਟਰਵਿਊ ਤਾਂ ਵਿਚਾਲੇ ਰਹਿ ਗਈ। ਪੂਰੀ ਕਰਨ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਦੀਆਂ ਜਾਣਕਾਰੀਆ ਪ੍ਰਭਾਵਿਤ ਕਰਦੀਆਂ ਹਨ।

—"ਚੌਗਿਰਦ ਹਮਾਰੇ" ਹੇਠ ਤੁਹਾਡਾ ਲੇਖ ਹਜ਼ਾਰੀ ਬਾਗ ਬਹੁਤ ਹੀ ਪਸੰਦ ਆਇਆ "ਬੀਤੇ ਦੀਆਂ ਪੈੜਾਂ" ਅਭੁਲ ਯਾਦਾਂ ਹਨ। ਕਈ ਵਾਰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਅਸੀਂ ਇਹ ਸਭ ਘਟਨਾਵਾਂ ਪਿਕਚਰ ਤੇ ਦੇਖ ਰਹੇ ਹਾਂ।

—ਡਾ: ਦਰਸ਼ਨ ਸਿੰਘ, ਰਾਇਕੋਟ ਜੋੜੀਆਂ
ਲੁਧਿਆਣਾ



Sri Satguru Jagjit Singh Ji Elibrary NamdhariElibrary@gmail.com

ਸਤੰਬਰ ੮੧ ਦਾ 'ਵਰਿਆਮ' ਮਿਲਿਆ, ਬਹੁਤ ਬਹੁਤ ਧੰਨਵਾਦ। ਇੰਨੇ ਮਹਿੰਗਾਈ ਦੇ ਸਮੇਂ ਵਿਚ ਬਿਨਾਂ ਕਿਸੇ ਇਸ਼ਤਿਹਾਰਾਂ ਦੇ ਸਰਕਾਰੀ ਕੋਟੇ ਤੋਂ ਲਗਾਤਾਰ ਪੰਜਾਬੀ ਦਾ ਪਰਚਾ ਕੱਢਣਾ...ਇਹ ਤੁਹਾਡੇ ਜਿਹੇ ਸਿਰੜੀ ਸੱਜਨਾਂ ਦਾ ਉੱਦਮ ਹੀ ਹੋ ਸਕਦਾ ਹੈ, ਮੈਂ ਤਾਂ ਅਧਵਾਟੇ ਹੀ ਥੱਕ ਕੇ ਬਹਿ ਗਿਆ ਹਾਂ। ਪਰਚਾ ਇੰਨਾ ਵਧੀਆ ਲੱਗਾ ਕਿ ਇਕ ਹੀ ਬੈਠਕ ਵਿਚ ਪੜ੍ਹ ਕੇ ਉਠਿਆ। ਸੁਰਜੀਤ ਰਾਮਪੁਰੀ ਦੀਆਂ ਗ਼ਜ਼ਲਾਂ ਤੇ ਤਰਲੋਕ ਮਨਸੂਰ ਦੇ ਅਹਿਸਾਸਾਂ ਨੇ ਮਨ ਨੂੰ ਇਕ ਵਾਰ ਤਾਂ ਹੋਰ ਹੀ ਦੁਨੀਆਂ 'ਚ ਪਹੁੰਚਾ ਦਿੱਤਾ। ਵਿਰਦੀ ਜੀ ਦੇ ਨਦੀਆਂ ਬਾਰੇ ਲਿਖਣ ਦੇ ਉੱਧਮ ਦੀ ਤਾਂ ਜਿੰਨੀ ਵੀ ਤਾਰੀਫ਼ ਕੀਤੀ ਜਾਏ, ਘੱਟ ਹੈ। ਸੂਹਾਂ ਨਦੀ ਪੜ੍ਹ ਕੇ ਤਾਂ ਇਕ ਵਾਰ ਪੂਰਾ ਪ੍ਰੋ: ਮੋਹਣ ਸਿੰਘ ਦਾ ਕਾਵਿ ਜਗਤ ਹੀ ਅਗੇ ਆਉਣ ਲਗ ਪੈਂਦਾ ਹੈ। ਤੁਹਾਡਾ ਆਪਣਾ ਪੰਜਾਬ ਦੀ ਸਥਿਤੀ ਤੇ ਪ੍ਰਤੀਕਰਮ ਵੀ ਸੰਪਾਦਕੀ ਹੇਠ ਧਰਮ ਤੇ ਸਿਆਸਤ ਨੂੰ ਸਾਹਮਣੇ ਰੱਖ ਕੇ ਪਾਏ ਜਾ ਰਹੇ ਭੁਲੇਖਿਆਂ ਤੋਂ ਇਕ ਪਰਦਾ ਹਟਾਉਂਦਾ ਹੈ। ਪੁਸਤਕ ਚਰਚਾ ਕਾਲਮ ਪੜ੍ਹ ਕੇ ਮਨ ਨੂੰ ਕੁਝ ਨਿਰਾਸ਼ਾ ਹੋਈ। ਹੋਈ। ਇਕੋ ਕਿਤਾਬ 'ਚੋਂ ਇੰਨੀਆਂ ਲੰਬੀਆਂ ਟੂਕਾਂ ਦੇ ਕੇ ਚਰਚਾ ਕਰਨ ਨਾਲੋਂ ਦੋ ਜਾਂ ਤਿੰਨ ਪੁਸਤਕਾਂ ਬਾਰੇ ਜਾਣਕਾਰੀ ਦਿਓ। ਜਿਸ ਨੇ ਕਿਤਾਬ ਪਹਿਲੋਂ ਹੀ ਪੜ੍ਹੀ ਹੋਵੇ ਉਸ ਲਈ ਇੰਨੇ ਵਿਸਥਾਰ ਨਾਲੋਂ ਪਹਿਲਾ ਪੈਰ੍ਹਾ ਪੜ੍ਹ ਲੈਣ ਨਾਲ ਹੀ ਸਮੁੱਚੀ ਕਿਤਾਬ ਬਾਰੇ ਪਤਾ ਲਗ ਜਾਂਦਾ ਹੈ। ਸਾਹਿਤਕ ਸਰਗਰਮੀਆਂ ਵਿਚ ਤੁਸੀਂ ਜੇ ਕਰ ਸਮੁੱਚੇ ਪੰਜਾਬ ਦੀਆਂ ਸਾਹਿਤਕ ਸਭਾਵਾਂ ਦੀਆਂ ਸਰਗਰਮੀਆਂ ਨੂੰ Cover ਕਰ ਸਕੋ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। "ਪੁਜਾਰਣ" ਲਈ ਹਮਰਾਹੀ ਜੀ ਨੂੰ ਵਧਾਈ ਦੇਣਾ—ਇੰਨੀ ਵਧੀਆ ਸ਼ੈਲੀ ਵਿਚ ਥੋੜ੍ਹੇ ਸ਼ਬਦਾਂ 'ਚ ਬਹੁਤਾ ਕਿਹਾ ਗਿਆ ਹੈ।

ਜੰਗ ਬਹਾਦਰ ਸਿੰਘ ਘਈ
—ਜਲੰਧਰ

## *1981 ਦਾ 'ਇਆਪਾ' ਪੁਰਸਕਾਰ ਫਖਰ ਜ਼ਮਾਨ ਨੂੰ*

ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਆਥਰਜ਼ ਐਂਡ ਆਰਟਿਸਟਿਸ ਕਨੇਡਾ (ਇਆਪਾ) ਵਲੋਂ ੧੯੮੧ ਵਰ੍ਹੇ ਦਾ ਪੁਰਸਕਾਰ ਪਾਕਿਸਤਾਨੀ ਪੰਜਾਬੀ ਕਵੀ ਨਾਟਕਕਾਰ ਤੇ ਨਾਵਲਕਾਰ ਫ਼ਖਰ ਜ਼ਮਾਨ ਨੂੰ ਦੇਣ ਦਾ ਫੈਸਲਾ ਕੀਤਾ ਕੀਤਾ ਗਿਆ ਹੈ। ਇਹ ਪੁਰਸਕਾਰ ੧੨ ਤੋਂ ਵਧ ਮੁਲਕਾਂ ਵਿਚ ਵਸਦੇ ਪੰਜਾਬੀ ਸਾਹਿਤਕਾਰਾਂ ਅਤੇ ਕਲਾਕਾਰਾਂ ਦੀਆਂ ਸਮੁਚੀਆਂ ਪ੍ਰਾਪਤੀਆਂ ਜਾਂ ਵਰ੍ਹੇ ਦੀ ਸਰਵੋਤਮ ਰਚਨਾ ਦੇ ਅਧਾਰ ਉਤੇ ਦਿਤਾ ਜਾਂਦਾ ਹੈ। ਇਆਪਾ ਵਲੋਂ ੧੦੦੦ ਡਾਲਰ ਅਤੇ ਕਨੇਡਾ ਆਉਣ ਜਾਣ ਦਾ ਕਿਰਾਇਆ ਦਿਤੇ ਜਾਣਾ। ਇਹ ਤੀਸਰਾ ਪੁਰਸਕਾਰ ਹੈ ਜੋ ਫ਼ਖਰ ਜ਼ਮਾਨ ਦੀਆਂ ਸਾਹਿਤਕ ਪ੍ਰਾਪਤੀਆਂ ਤੇ ਖਾਸ ਕਰਕੇ ਉਸਦੇ ਇਸ ਵਰ੍ਹੇ ਛਪੇ ਨਾਵਲ 'ਬੰਦੀਵਾਨ' ਦੇ ਅਧਾਰ ਤੇ ਦਿਤਾ ਜਾ ਰਿਹਾ ਹੈ। ਫ਼ਖਰ ਜ਼ਮਾਨ ਪਾਕਿਸਤਾਨ ਵਿਚ ਪੰਜਾਬੀ ਨੂੰ ਜਿਉਂ-ਦਿਆਂ ਰਖਣ ਲਈ ਜਦੋ ਜਹਿਦ ਕਰਨ ਵਾਲੇ ਸਾਹਿਤਕਾਰਾਂ ਦੇ ਮੋਹਰੀਆਂ ਵਿਚੋਂ ਇਕ ਏ। ਇਸ ਦੇ ਨਾਲ ਨਾਲ ਪੰਜਾਬੀ ਨਾਵਲ ਪਰੰਪਰਾ ਵਿਚ 'ਸੱਤ ਗੁਆਚੇ ਲੋਕ' 'ਇਕ ਮੋਏ ਬੰਦੇ ਦੀ ਕਹਾਣੀ' ਤੇ ਹੁਣ 'ਬੰਦੀਵਾਨ' ਨਾਵਲਾਂ ਰਾਹੀਂ ਨਵੀਂਆਂ ਲੀਹਾਂ ਪਾਉਣ ਵਾਲਾ ਨਾਵਲਕਾਰ ਏ। ਕਵਿਤਾ ਤੇ ਡਰਾਮਿਆਂ ਦੀ ਸਿਰਜਣਾ ਵਿਚ ਵੀ ਉਸ ਪ੍ਰਯੋਗ ਕਰਕੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿਚੀਐ। ਪੰਜਾਬੀ ਤੇ ਉਰਦੂ ਵਿਚ ਉਸ ਦੀਆਂ ਨਜ਼ਮਾਂ ਤੇ ਡਰਾਮਿਆ ਦੀਆਂ ਦੋ ਪੁਸਤਕਾਂ ਮਿਲਦੀਆਂ ਨੇ। ਅੰਗਰੇਜ਼ੀ ਵਿਚ ਵੀ ਉਸ ਨੇ "ਭੁੱਟੋ ਦੀ ਪੋਲੀਟੀਕਲ ਥਿਨਕਰਾ" 'ਨਾਓ ਔਰ ਨੇਤ' ਅਤੇ 'ਪਾਕਿਸਤਾਨੀ ਰਾਈਟਰਜ਼', ਤਿੰਨ ਪੁਸਤਕਾਂ ਲਿਖੀਆਂ ਨੇ! ਆਧੁਨਿਕਬੋਧ ਵਾਲਾ ਇਹ ਲੇਖਕ ਪਾਕਿਸਤਾਨ ਦੇ ਭੂਤਪੂਰਬ ਸਵਰਗੀ ਰਾਸ਼ਟਰਪਤੀ-ਭੁੱਟੋ ਦਾ ਰਾਜਨੀਤਕ ਸਲਾਹਕਾਰ ਤੇ ਪੀਪਲ ਪਾਰਟੀ ਦਾ ਸਰਗਰਮ ਵਰਕਰ ਵੀ ਰਿਹਾ ਏ। ਪਾਕਿਸਤਾਨ ਦੀ ਮੌਜੂਦਾ ਜ਼ੀਆ ਸਰਕਾਰ ਨੇ ਉਸ ਦੀਆਂ ਚਾਰ ਪੁਸਤਕਾਂ, 'ਸੱਤ ਗੁਆਚੇ ਲੋਕ' 'ਇਕ ਮੋਏ ਬੰਦੇ ਦੀ ਕਹਾਣੀ' (ਦੋਵੇਂ ਨਾਵਲ) ਵੰਗਾਰ, ਕਨਸੋਅ ਵੇਲੇ ਦੀ (ਦੋਵੇਂ ਕਾਵਿ-ਸੰਗ੍ਰਹਿ) ਅਸ਼ਲੀਲਤਾ ਦਾ ਬੇਹੂਦਾ ਤੇ ਝੂਠਾ ਦੋਸ਼ ਲਾ ਕੇ ਪਹਿਲਾਂ ਹੀ ਜ਼ਬਤ ਕੀਤੀਆਂ ਹੋਈਆਂ ਨੇ। ਉਸ ਦਾ ਨਵਾਂ ਨਾਵਲ 'ਬੰਦੀਵਾਨ' ਭਾਰਤੀ ਪੰਜਾਬ ਵਿਚ ਹੀ ਪ੍ਰਕਾਸ਼ਿਤ ਹੋਇਆ ਏ।

ਇਸ ਤੋਂ ਪਹਿਲੇ 'ਇਆਪਾ' ਦੇ ਦੋ ਪੁਰਸਕਾਰ ਜੋਗਿੰਦਰ ਬਾਹਰਲਾ ਨੂੰ ਲੋਕ-ਨਾਟਕ ਵਿਚ ਉਹਨਾਂ ਦੀ ਦੇਣ ਅਤੇ ਪ੍ਰਿੰ: ਸੰਤ ਸਿੰਘ ਸੇਖੋਂ ਨੂੰ ਉਹਨਾਂ ਦੀ ਸਾਹਿਤਕ ਸਮੁੱਚੀ ਤੇ ਖਾਸ ਕਰ ਅਲੋਚਨਾ ਖੇਤਰ ਵਿਚਲੀ ਪ੍ਰਾਪਤੀ ਲਈ ਦਿੱਤੇ ਗਏ ਸਨ।

(ਅਵਤਾਰ ਜੋੜਾ)
ਭਾਰਤੀ ਪ੍ਰਤੀਨਿਧ।



Sri Satguru Jagjit Singh Ji Elibrary NamdhariElibrary@gmail.com

# ਸਿਲਵਰ ਜੁਬਲੀ ਸਮਾਰੋਹ ਕੇਂਦਰੀ ਪੰਜਾਬੀ ਲੇਖਕ ਸਭਾ | ਮਤੇ

## ੧. ਪੰਜਾਬੀ ਲਾਗੂ ਕਰਨ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਇਸ ਸਥਿਤੀ ਨੂੰ ਚਿੰਤਾ ਨਾਲ ਨੋਟ ਕਰਦਾ ਹੈ ਕਿ ਬੋਲੀ ਦੇ ਆਧਾਰ ਉਤੇ ਪੰਜਾਬ ਦੇ ਗਠਨ ਹੋਣ ਤੋਂ ਕਈ ਸਾਲਾਂ ਮਗਰੋਂ ਤੇ ਭਾਸ਼ਾ ਐਕਟ ਪਾਸ ਹੋਣ ਉਪਰੰਤ ਵੀ ਰਾਜ ਵਿਚ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਇਹੋ ਹੀ ਨਹੀਂ, ਸਗੋਂ ਸਰਕਾਰੀ ਦਫਤਰਾਂ ਤੇ ਸਕਤਰੇਤ ਵਿਚ ਪੰਜਾਬੀ ਦੀ ਵਰਤੋਂ ਦਿਨੋਂ ਦਿਨ ਘਟ ਰਹੀ ਹੈ।

ਇਸ ਲਈ ਇਹ ਸਮਾਗਮ ਸਰਕਾਰ ਤੋਂ ਮੰਗ ਕਰਦਾ ਹੈ ਕਿ ਸਕਤਰੇਤ ਪੱਧਰ ਤਕ ਸਰਕਾਰੀ ਤੇ ਅਰਧ ਸਰਕਾਰੀ ਦਫਤਰਾਂ, ਸਮੇਤ ਗਵਰਨਰ ਦੇ ਦਫਤਰ, ਦਾ ਕੰਮ ਕਾਜ ਪੂਰਨ ਰੂਪ ਵਿਚ ਪੰਜਾਬੀ ਭਾਸ਼ਾ ਦੁਆਰਾ ਕੀਤਾ ਜਾਵੇ। ਜੋ ਅਧਿਕਾਰੀ ਭਾਸ਼ਾ ਐਕਟ ਦੀ ਉਲੰਘਣਾ ਕਰਦੇ ਹਨ, ਉਹਨਾਂ ਵਿਰੁਧ ਸਖਤ ਕਾਰਵਾਈ ਕੀਤੀ ਜਾਵੇ।

## ੨. ਵਿਦਿਆ ਦੇ ਮਾਧਿਅਮ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਇਹ ਅਨੁਭਵ ਕਰਦਾ ਹੈ ਕਿ ਜਦੋਂ ਤਕ ਯੂਨੀਵਰਸਿਟੀ ਤਕ ਪੰਜਾਬੀ ਨੂੰ ਪੰਜਾਬ ਅੰਦਰ ਵਿਦਿਆ ਦਾ ਮਾਧਿਅਮ ਨਹੀਂ ਬਣਾਇਆ ਜਾਂਦਾ, ਉਦੋਂ ਤਕ ਵਿਦਿਆ ਦਾ ਪੂਰਾ ਪਸਾਰ ਤੇ ਰਾਜ ਦਾ ਵਿਕਾਸ ਨਹੀਂ ਹੋ ਸਕਦਾ।

ਇਸ ਲਈ ਇਹ ਸਮਾਗਮ ਪੰਜਾਬ ਤੇ ਭਾਰਤ ਸਰਕਾਰਾਂ ਤੋਂ ਮੰਗ ਕਰਦਾ ਹੈ ਕਿ ਪੰਜਾਬ ਤੇ ਚੰਡੀਗੜ੍ਹ ਵਿਚ ਪੰਜਾਬੀ ਨੂੰ ਵਿਦਿਆ ਦਾ ਮਾਧਿਅਮ ਬਣਾਇਆ ਜਾਵੇ। ਇਹ ਵੀ ਮੰਗ ਕਰਦਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਬਣਾਈ ਜਾਵੇ ਜਿਵੇਂ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸ ਸਮੇਂ ਲਾਗੂ ਹੈ।

ਨਾਲ ਹੀ ਇਹ ਸਮਾਗਮ ਮੰਗ ਕਰਦਾ ਹੈ ਕਿ ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਤੇ ਜੰਮੂ-ਕਸ਼ਮੀਰ ਦੇ ਗੁਆਂਢੀ ਰਾਜਾਂ ਵਿਚ ਪੰਜਾਬੀ ਨੂੰ ਰਾਜ ਦੀ ਦੂਜੀ ਬੋਲੀ ਵਜੋਂ ਪ੍ਰਵਾਨ ਕੀਤਾ ਜਾਵੇ।

## ੩. ਪੰਜਾਬ ਦੀ ਮੌਜੂਦਾ ਹਾਲਤ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਪੰਜਾਬ ਦੀ ਮੌਜੂਦਾ ਤਣਾਉ ਵਾਲੀ ਅਵਸਥਾ ਉਤੇ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ।

ਇਸ ਸਥਿਤੀ ਨੂੰ ਪੰਜਾਬੀ ਕੌਮੀਅਤ ਦੀ ਭਾਵਨਾ ਤੇ ਦੇਸ਼ ਦੀ ਅਖੰਡਤਾ ਦੇ ਦ੍ਰਿਸ਼ਟੀਕੋਣ ਦੇ ਅਧਾਰ ਉਤੇ ਹੀ ਹੱਲ ਕੀਤਾ ਜਾ ਸਕਦਾ ਹੈ।

ਸਮਾਗਮ ਪੰਜਾਬੀਆਂ ਦੀ ਏਕਤਾ, ਦੇਸ਼ ਦੀ ਅਖੰਡਤਾ ਤੇ ਰਾਖੀ ਨੂੰ ਪਰਨਾਈਆਂ ਸਾਰੀਆਂ ਸ਼ਕਤੀਆਂ ਤੇ ਵਰਗਾਂ ਨੂੰ ਅਪੀਲ ਕਰਦਾ ਹੈ ਕਿ ਉਹ ਵਰਤਮਾਨ ਤਣਾਉ ਭਰੇ ਵਾਤਾਵਰਨ ਨੂੰ ਸਾਂਝੀ ਪੰਜਾਬੀਅਤ ਦੇ ਅਧਾਰ ਉਤੇ ਸੁਲਝਾਉਣ ਲਈ ਆਪਣਾ ਪੂਰਾ ਤਾਣ ਲਾਉਣ।

## ੪. ਰੇਡੀਓ ਤੇ ਟੀ. ਵੀ. ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਲੰਧਰ ਵਿਚ ਹੋਇਆ ਸਿਲਵਰ ਜੁਬਲੀ ਸਮਾਗਮ, ਇਸ ਮੰਗ ਨੂੰ ਫਿਰ ਦੁਹਰਾਉਂਦਾ ਹੈ ਕਿ ਰੇਡੀਓ ਤੇ ਦੂਰਦਰਸ਼ਨ ਦੇ ਜਲੰਧਰ ਕੇਂਦਰਾਂ ਨੂੰ ਪੂਰਨ ਰੂਪ ਵਿਚ ਪੰਜਾਬੀ ਪ੍ਰਸਾਰਣ ਕੇਂਦਰ ਬਣਾਇਆ ਜਾਵੇ। ਪੰਜਾਬ ਵਿਚਲੇ ਕੇਂਦਰਾਂ ਉਤੇ ਪੰਜਾਬੀ ਨੂੰ ਉਹ ਸਥਾਨ ਦਿਤਾ ਜਾਵੇ ਜੋ ਬੰਗਾਲ ਵਿਚਲੇ ਕੇਂਦਰਾਂ ਤੋਂ ਬੰਗਾਲੀ ਤੇ ਤਾਮਲਨਾਡੂ ਵਿਚਲੇ ਕੇਂਦਰਾਂ ਤੋਂ ਤਾਮਲ ਆਦਿ ਭਾਸ਼ਾਵਾਂ ਨੂੰ ਹਾਸਲ ਹੈ।

ਸਮਾਗਮ ਭਾਰਤ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਹਰਿਆਣਾ, ਦਿੱਲੀ, ਜੰਮੂ-ਕਸ਼ਮੀਰ ਤੇ ਹਿਮਾਚਲ ਵਿਚਲੇ ਰੇਡੀਓ ਤੇ ਟੀ. ਵੀ. ਕੇਂਦਰਾਂ ਤੋਂ ਉਹਨਾਂ ਰਾਜਾਂ ਵਿਚਲੀ ਪੰਜਾਬੀ ਵਸੋਂ ਦੇ ਅਨੁਪਾਤ ਨਾਲ ਸਮਾਂ ਦਿਤਾ ਜਾਵੇ।



Sri Satguru Jagjit Singh Ji Elibrary NamdhariElibrary@gmail.com

ਇਸ ਦੇ ਨਾਲ ਹੀ ਪੰਜਾਬੀ ਪ੍ਰੋਗਰਾਮਾਂ ਦੀ ਭਾਸ਼ਾ ਤੇ ਉਚਾਰਨ ਸ਼ੁਧ ਕੀਤੇ ਜਾਣ। ਪੰਜਾਬੀ ਪ੍ਰੋਗਰਾਮਾਂ ਦਾ ਪੱਧਰ ਉਚਾ ਚੁਕਣ ਲਈ ਯੋਗ ਪ੍ਰਤਿਭਾ ਦੀ ਚੋਣ ਕੀਤੀ ਜਾਇਆ ਕਰੇ।

## ੫. ਸਹਾਇਤਾ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਇਹ ਸਿਲਵਰ ਜੁਬਲੀ ਸਮਾਗਮ ਅਨੁਭਵ ਕਰਦਾ ਹੈ ਕਿ ਇਸ ਸਮੇਂ ਸਾਹਿਤ ਸਭਾਵਾਂ ਨੂੰ ਜੋ ਸਹਾਇਤਾ ਦਿਤੀ ਜਾਂਦੀ ਹੈ, ਇਹ ਬਹੁਤ ਘੱਟ ਹੁੰਦੀ ਹੈ ਤੇ ਉਹ ਵੀ ਕੁਝ ਸਭਾਵਾਂ ਨੂੰ ਹੀ ਦਿਤੀ ਜਾਂਦੀ ਹੈ।

ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ ਸਭਾਵਾਂ ਲਈ ਸਹਾਇਤਾ ਦੀ ਰਕਮ ਵਜੋਂ ਘੱਟੋ ਘੱਟ ਇਕ ਲੱਖ ਰੁਪਿਆ ਸਲਾਨਾ ਬਜਟ ਵਿਚ ਰਖੇ। ਜੋ ਸਥਾਨਕ ਸਭਾ ਆਪਣਾ ਦਫਤਰ ਬਣਾਉਣਾ ਚਾਹੇ ਉਸਨੂੰ ਸ਼ਹਿਰਾਂ ਵਿਚ ਢੁਕਵੀਂ ਥਾਂ ਮੁਫਤ ਜਾਂ ਨਾਮਾਤਰ ਮੁੱਲ ਉਤੇ ਇਸ ਤੋਂ ਇਲਾਵਾ ਦਿਤੀ ਜਾਵੇ।

ਸਭਾਵਾਂ ਦੇ ਕੰਮ ਕਾਜ ਅਤੇ ਪ੍ਰਕਾਸ਼ਨਾਂ ਲਈ ਸਹਾ-ਇਤਾ ਦੀ ਰਕਮ ਵਿਚ ਵਾਧਾ ਕਰਨ ਤੋਂ ਇਲਾਵਾ ਲੇਖਕ ਪੈਨਸ਼ਨ ਦੀ ਰਕਮ ਵਿਚ ਵੀ ਵਾਧਾ ਕੀਤਾ ਜਾਵੇ।

## ੬. ਲਾਇਬਰੇਰੀਆਂ ਬ ਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਇਹ ਅਨੁਭਵ ਕਰਦਾ ਹੈ ਕਿ ਅਜ਼ਾਦੀ ਦੇ ੩੪ ਵਰ੍ਹੇ ਮਗਰੋਂ ਵੀ ਸਾਡੇ ਰਾਜ ਵਿਚ ਲਾਇਬਰੇਰੀਆਂ ਦਾ ਪਸਾਰ ਨਹੀਂ ਹੋਇਆ। ਜੋ ਕੁਝ ਇਕ ਲਾਇਬਰੇਰੀਆਂ ਮੌਜੂਦ ਹਨ, ਉਹਨਾਂ ਵਿਚ ਪੰਜਾਬੀ ਦੀਆਂ ਪੁਸਤਕਾਂ ਬਹੁਤ ਘੱਟ ਹਨ।

ਇਸ ਲਈ ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ ਘੱਟੋ ਘੱਟ ਬਲਾਕ ਪੱਧਰ ਉਤੇ ਇਕ ਲਾਇਬਰੇਰੀ ਕਾਇਮ ਕਰੇ। ਜਿਸ ਲਈ ਇਮਾਰਤ, ਲੋੜੀਂਦਾ ਫਰਨੀਚਰ ਅਤੇ ਲਾਇਬਰੇਰੀਅਨ ਹੋਣ। ਹਰ ਚੰਗੀ ਪੰਜਾਬੀ ਕਿਤਾਬ ਇਹਨਾਂ ਲਾਇਬਰੇਰੀਆਂ ਲਈ ਖਰੀਦੀ ਜਾਵੇ। ਇਹਨਾਂ ਪੁਸਤਕਾਂ ਦੀ ਚੋਣ ਲਈ ਸਾਹਿਤਕਾਰਾਂ ਦੀ ਇਕ ਸਲਾਹਕਾਰ ਕਮੇਟੀ ਬਣਾਈ ਜਾਵੇ ਜਿਸ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਸਾਹਿਤ ਅਕਾਡਮੀ ਨੂੰ ਪ੍ਰਤੀਨਿਧਤਾ ਦਿਤੀ ਜਾਵੇ।

ਸਮਾਗਮ ਇਹ ਵੀ ਮੰਗ ਕਰਦਾ ਹੈ ਕਿ ਸਰਕਾਰ ਜਿਹਨਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ ਤੇ ਸੰਸਥਾਵਾਂ ਨੂੰ ਸਹਾਇਤਾ ਦਿੰਦੀ ਹੈ, ਉਹਨਾਂ ਲਈ ਲਾਜ਼ਮੀ ਬਣਾਇਆ ਜਾਵੇ ਕਿ ਉਹ ਆਪਣੇ ਲਾਇਬਰੇਰੀ ਫੰਡ ਦਾ ਘੱਟੋ ਘੱਟ ਪੰਜਾਹ ਫੀਸਦੀ ਹਿੱਸਾ ਪੰਜਾਬੀ ਪੁਸਤਕਾਂ, ਰਸਾਲੇ ਤੇ ਅਖਬਾਰਾਂ ਖਰੀਦਣ ਲਈ ਖਰਚ ਕਰਨ।

## ੭. ਸਰਕਾਰੀ ਇਸ਼ਤਿਹਾਰਾਂ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਇਹ ਅਨੁਭਵ ਕਰਦਾ ਹੈ ਕਿ ਅਖਬਾਰਾਂ, ਰਸਾ-ਲਿਆਂ ਨੂੰ ਸਰਕਾਰੀ ਇਸ਼ਤਿਹਾਰ ਦੇਣ ਸਮੇਂ ਅੱਜ ਵੀ ਪੰਜਾਬੀ ਪ੍ਰਕਾਸ਼ਨਾਵਾਂ ਨੂੰ ਪਹਿਲ ਨਹੀਂ ਦਿੱਤੀ ਜਾਂਦੀ।

ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਇਸ਼ਤਿਹਾਰਾਂ ਲਈ ਨਿਸ਼ਚਿਤ ਰਕਮ ਦਾ ੬੦ ਫੀਸਦੀ ਪੰਜਾਬੀ ਅਖਬਾਰਾਂ ਰਸਾਲਿਆਂ ਨੂੰ ਲਾਜ਼ਮੀ ਤੌਰ ਤੇ ਦੇਵੇ। ਭਾਰਤ ਸਰਕਾਰ ਵੀ ਪੰਜਾਬ ਦੇ ਪਰਚਿਆਂ ਨੂੰ ਇਸ਼ਤਿਹਾਰ ਦੇਣ ਸਮੇਂ ਇਹ ਨੀਤੀ ਅਪਣਾਏ।

ਨਾਲ ਹੀ ਮੰਗ ਹੈ ਕਿ ਛੋਟੇ ਸਾਹਿਤਕ ਪਰਚਿਆਂ ਨੂੰ ਵੀ ਇਸ਼ਤਿਹਾਰ ਖੁਲ੍ਹਦਿਲੀ ਨਾਲ ਦਿਤੇ ਜਾਣ ਤਾਂ ਕਿ ਇਹ ਆਰਥਿਕ ਔਕੜਾਂ ਦਾ ਮੁਕਾਬਲਾ ਕਰਨ ਯੋਗ ਹੋ ਸਕਣ।

## ੮. ਅਸ਼ਲੀਲ ਲਿਖਤਾਂ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਇਹ ਅਨੁਭਵ ਕਰਦਾ ਹੈ ਕਿ ਇਸ ਸਮੇਂ ਰਾਜ ਵਿਚ ਪੰਜਾਬੀ, ਹਿੰਦੀ ਤੇ ਹੋਰ ਭਾਸ਼ਾਵਾਂ ਵਿਚ ਅਸ਼ਲੀਲ ਲਿਖਤਾਂ ਦੀ ਕਾਫੀ ਮਾਤਰਾ ਵਿਚ ਪ੍ਰਕਾਸ਼ਨਾ ਹੋ ਰਹੀ ਹੈ। ਇਹ ਬੱਸ ਅੱਡਿਆਂ ਤੇ ਰੇਲਵੇ ਬੁਕ ਸਟਾਲਾਂ ਉਤੇ ਆਮ ਵੇਚੀਆਂ ਜਾ ਰਹੀਆਂ ਹਨ। ਇਸ ਦਾ ਸਾਡੀ ਨੌਜਵਾਨ ਪੀੜ੍ਹੀ ਉਤੇ ਮਾਰੂ ਅਸਰ ਹੋ ਰਿਹਾ ਹੈ।

ਇਸ ਲਈ ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਅਸ਼ਲੀਲ ਰਸਾਲਿਆਂ ਦੀ ਛਪਾਈ ਅਤੇ ਪਬਲਿਕ ਥਾਵਾਂ ਉਤੇ ਵਿਕਰੀ ਬਾਰੇ ਪਾਬੰਦੀ ਲਾਈ ਜਾਵੇ। ਇਸ ਦੇ ਨਾਲ ਹੀ ਘਟੀਆ ਗੀਤਾਂ ਨੂੰ ਲਾਊਡ ਸਪੀਕਰਾਂ ਉਤੇ ਅਤੇ ਬੱਸਾਂ ਵਿਚ ਟੇਪ ਰਿਕਾਰਡਾਂ ਉਤੇ ਵਜਾਣ ਦੀ ਵੀ ਸਖਤੀ ਨਾਲ ਮਨਾਹੀ ਕੀਤੀ ਜਾਵੇ। ਸਗੋਂ ਸਰਕਾਰ ਰੀਕਾਰਡਿੰਗ ਕੰਪਨੀਆਂ ਨੂੰ ਅਜਿਹੇ ਲੱਚਰ ਗੀਤ ਰੀਕਾਰਡ ਕਰਨ ਤੋਂ ਰੋਕੇ।



Sri Satguru Jagjit Singh Ji Elibrary NamdhariElibrary@gmail.com

ਨਾਲ ਹੀ ਲੇਖਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਘਟੀਆ ਲਿਖਤਾਂ ਨਾ ਲਿਖਣ ਤੇ ਅਜਿਹਾ ਕਰਨ ਵਾਲੇ ਵਿਅਕਤੀ ਨੂੰ ਭਾਈਚਾਰੇ ਵਿਚ ਨੰਗਾ ਕਰਕੇ ਨਿਖੇੜਨ।

## ੯. ਜੀਵਨ ਫੈਲੋਸ਼ਿਪਾਂ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਚੰਡੀਗੜ੍ਹ ਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਮੰਗ ਕਰਦਾ ਹੈ ਕਿ ਉਹ ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਤੇ ਮੌਲਿਕ ਲੇਖਕਾਂ ਨੂੰ ਜੀਵਨ ਫੈਲੋਸ਼ਿਪਾਂ ਰਾਹੀਂ ਆਪਣੇ ਅਦਾ-ਰਿਆਂ ਨਾਲ ਸੰਬੰਧਿਤ ਕਰਨ ਲਈ ਵਿਸ਼ੇਸ਼ ਫੈਲੋਸ਼ਿਪਾਂ ਸਥਾਪਿਤ ਕਰਨ ਤਾਂ ਜੋ ਯੂਨੀਵਰਸਿਟੀਆਂ ਵਿਚ ਪੰਜਾਬੀਅਤ ਦੀ ਬਿਰਤੀ ਪੈਦਾ ਹੋਵੇ ਤੇ ਸਾਹਿਤਕ ਤੇ ਸਭਿਆਚਾਰਕ ਮਾਹੌਲ ਨੂੰ ਬਲਵਾਨ ਕਰਨ ਵਿਚ ਸਹਾਇਤਾ ਮਿਲੇ।

## ੧੦. ਰੰਗ ਮੰਚ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਪੰਜਾਬੀ ਰੰਗ ਮੰਚ ਤੇ ਹੋਰ ਸਭਿਆਚਾਰਕ ਸਰਗਰਮੀਆਂ ਦੇ ਵਿਕਾਸ ਲਈ ਨਾਟਕ ਘਰਾਂ ਤੇ ਓਪਨ ਏਅਰ ਥੀਏਟਰਾਂ ਦੀ ਤਹਿਸੀਲ ਤੇ ਪਿੰਡ ਪੱਧਰ ਉਤੇ ਉਸਾਰੀ ਕਰੇ, ਅਤੇ ਪੰਜਾਬੀ ਨਾਟਕਾਂ ਦੀ ਪੇਸ਼ਕਾਰੀ ਉਤੇ ਮਨ-ਪਰਚਾਵਾ ਟੈਕਸ ਖਤਮ ਕਰੇ। ਨਾਟਕ ਖੇਡਣ ਉਤੇ ਲਾਈਆਂ ਸਾਰੀਆਂ ਪਾਬੰਦੀਆਂ ਵਾਪਸ ਲਵੇ।

ਰਾਜ ਵਿਚ ਵੱਡੀਆਂ ਫੈਕਟਰੀਆਂ ਨਾਲ ਨਾਟਕ ਘਰ ਉਸਾਰੇ ਜਾਣੇ ਵੀ ਜ਼ਰੂਰੀ ਬਣਾਏ ਜਾਣ।

## ੧੧. ਪ੍ਰਕਾਸ਼ਨ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਿਲਵਰ ਜੁਬਲੀ ਸਮਾਗਮ ਮੁਖ ਮੰਤਰੀ ਪੰਜਾਬ ਵਲੋਂ ਪੰਜਾਬੀ ਪ੍ਰਕਾਸ਼ਨ ਬਾਰੇ ਕਾਰਪੋਰੇਸ਼ਨ ਬਣਾਉਣ ਦੇ ਸੁਝਾਅ ਦੀ ਪ੍ਰਵਾਨਗੀ ਦਾ ਸਵਾਗਤ ਕਰਦਾ ਹੈ। ਨਾਲ ਹੀ ਮੰਗ ਕਰਦਾ ਹੈ ਕਿ ਇਸ ਫੰਡ ਲਈ ਪੰਜਾਬ ਸਰਕਾਰ ਦਸ ਕਰੋੜ ਰੁਪਏ ਹਰ ਸਾਲ ਦਸ ਸਾਲਾਂ ਲਈ ਨਿਸਚਿਤ ਕਰਕੇ ਕਾਰਪੋਰੇਸ਼ਨ ਤੁਰੰਤ ਕਾਇਮ ਕਰੇ।

ਸਮਾਗਮ ਪੰਜਾਬ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਪੁਸਤਕ ਪ੍ਰਕਾਸ਼ਨ ਦੇ ਕਿੱਤੇ ਨੂੰ ਇੰਡਸਟਰੀ ਕਰਾਰ ਦੇ ਕੇ ਇਸ ਨੂੰ ਉਹ ਸਭ ਸਹੂਲਤਾਂ ਦਿਤੀਆਂ ਜਾਣ ਜੋ ਦੂਜੀ ਸਨਤਾਂ ਨੂੰ ਦਿੱਤੀਆਂ ਜਾ ਰਹੀਆਂ ਹਨ।

## ੧੨. ਕੇਸ ਵਾਪਸੀ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਪੰਜਾਬ ਸਰਕਾਰ ਵਲੋਂ ਪ੍ਰਿੰ: ਸੁਜਾਨ ਸਿੰਘ ਤੇ ਕੁਝ ਹੋਰ ਲੇਖਕਾਂ ਦੀ ਜਮਹੂਰੀ ਅਧਿਕਾਰ ਸਭਾ ਵਲੋਂ ਕਰਵਾਈ ਇਕ ਪੜਤਾਲ ਵਿਚ ਹਿੱਸਾ ਲੈਣ ਕਾਰਨ ਬਣਾਏ ਮੁਕਦਮੇ ਦੀ ਨਿਖੇਧੀ ਕਰਦਾ ਹੈ। ਸਰਕਾਰ ਦਾ ਇਹ ਕਰਮ ਜਮਹੂਰੀ ਕਦਰਾਂ ਅਤੇ ਲੇਖਕ ਦੀ ਅਜ਼ਾਦੀ ਉਤੇ ਹਮਲਾ ਹੈ।

ਸਮਾਗਮ ਪੰਜਾਬ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਬਣਾਇਆ ਗਿਆ ਕੇਸ ਤੁਰੰਤ ਵਾਪਸ ਲਿਆ ਜਾਵੇ। ਇਸ ਦੇ ਨਾਲ ਹੀ ਇਹ ਵੀ ਮੰਗ ਕਰਦਾ ਹੈ ਕਿ ਸਭਾ ਦੇ ਐਗਜ਼ੈਕਟਿਵ ਮੈਂਬਰ ਸ੍ਰੀ ਹਰਭਜਨ ਸਿੰਘ ਬਾਜਵਾ ਨੂੰ ਵੀ ਜਿਨ੍ਹਾਂ ਨੂੰ ਇਕ ਤਕਨੀਕੀ ਉਕਾਈ ਕਾਰਨ ਇਕ ਕੇਸ ਵਿਚ ਸਜ਼ਾ ਹੋਈ ਹੈ, ਰਿਹਾ ਕੀਤਾ ਜਾਵੇ।

## ੧੩. ਭਵਨ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਮੁਖ ਮੰਤਰੀ ਪੰਜਾਬ ਸਰਦਾਰ ਦਰਬਾਰਾ ਸਿੰਘ ਦੀ ਅਭਾਰੀ ਹੈ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਵਲੋਂ ਸਭਾ ਦੇ ਸਿਲਵਰ ਜੁਬਲੀ ਸਮਾਗਮ ਦੇ ਇਤਿਹਾਸਕ ਮੌਕੇ ਉਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਭਵਨ ਲਈ ਮਾਸਟਰ ਤਾਰਾ ਸਿੰਘ ਨਗਰ, ਜਲੰਧਰ ਵਿਚ ਲੀਜ਼ ਕੀਮਤਾਂ ਉਤੇ ਜ਼ਮੀਨ ਅਤੇ ਇਕ ਲੱਖ ਰੁਪਿਆ ਦੇਣ ਦਾ ਐਲਾਨ ਕੀਤਾ ਹੈ।

ਸਭਾ ਨੂੰ ਆਸ ਹੈ ਕਿ ਪੰਜਾਬ ਸਰਕਾਰ ਭਵਿਖ ਵਿਚ ਵੀ ਅਜਿਹਾ ਸਹਿਯੋਗ ਜਾਰੀ ਰਖੇਗੀ।

## ੧੪. ਭਾਰਤ ਪਾਕਿ ਸਭਿਆਚਾਰਕ ਵਟਾਂਦਰੇ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਪਾਕਿਸਤਾਨ ਤੇ ਭਾਰਤ ਵਿਚਕਾਰ ਸਾਹਿਤਕ ਤੇ ਸਭਿਆਚਾਰਕ ਸਬੰਧਾਂ ਵਿਚ ਸੁਖਾਵੇਂ ਮੋੜ ਦਾ ਸਵਾਗਤ ਕਰਦਾ ਹੈ। ਦੋਵਾਂ ਦੇਸ਼ਾਂ ਦੇ ਪੰਜਾਬੀ ਅਦੀਬਾਂ ਨੇ ਇਸ ਅਮਲ ਵਿਚ ਸ਼ਲਾਘਾਯੋਗ ਹਿੱਸਾ ਪਾਇਆ ਹੈ।

ਸਮਾਗਮ ਸਮਝਦਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਸਾਹਿਤਕ ਤੇ ਸਭਿਆਚਾਰਕ ਵਟਾਂਦਰੇ ਨੂੰ ਵਧ ਤੋਂ ਵਧ ਉਤਸ਼ਾਹਿਤ ਕਰਨਾ, ਦੋਵਾਂ ਦੇਸ਼ਾਂ ਵਿਚਕਾਰ ਮਿਤਰਤਾ ਤੇ ਭਰਾਤਰੀ ਭਾਵਨਾਵਾਂ ਵਧਾਉਣ ਦਾ ਵਧੀਆ ਵਸੀਲਾ ਹੈ। ਇਸ ਲਈ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਪਾਸੇ



Sri Satguru Jagjit Singh Ji Elibrary NamdhariElibrary@gmail.com

ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਹਿਤਕ ਤੇ ਸਭਿਆਚਾਰਕ ਵਟਾਂਦਰੇ ਵਿਚ ਨਿਯਮਾਂ ਦੀਆਂ ਜੋ ਪਾਬੰਦੀਆਂ ਰੋੜਾ ਬਣਦੀਆਂ ਹਨ, ਉਹਨਾਂ ਨੂੰ ਨਰਮ ਕੀਤਾ ਜਾਣਾ ਚਾਹੀਦਾ ਹੈ।

### ੧੫. ਪੰਜਾਬੀ ਫਿਲਮਾਂ ਬਾਰੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਿਲਵਰ ਜੁਬਲੀ ਸਮਾਗਮ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਉਹ ਪੰਜਾਬੀ ਫਿਲਮਾਂ ਦੀ ਸਨਅੱਤ ਨੂੰ ਉਨਤ ਤੇ ਉਤਸ਼ਾਹਿਤ ਕਰਨ ਵਲ ਧਿਆਨ ਦੇਵੇ। ਚੰਗੀਆਂ ਪੰਜਾਬੀ ਫਿਲਮਾਂ ਦਾ ਮਨੋਰੰਜਨ ਟੈਕਸ ਬਿਨਾਂ ਕਿਸੇ ਹਿੱਚਕਚਾਹਟ ਦੇ ਮੁਆਫ ਕੀਤਾ ਜਾਇਆ ਕਰੇ। ਚੰਗੀਆਂ ਪੰਜਾਬੀ ਫਿਲਮਾਂ ਬਣਾਉਣ ਲਈ ਸਹਾਇਤਾ ਤੇ ਕਰਜ਼ੇ ਦੇਵੇ। ਜਿਹਨਾਂ ਪੰਜਾਬੀ ਫਿਲਮਾਂ ਦੀ ਪੰਜਾਬ ਅੰਦਰ ਸ਼ੂਟਿੰਗ ਹੋਵੇ. ਉਸ ਲਈ ਲੋੜੀਂਦੀਆਂ ਸਹੂਲਤਾਂ ਦਿਤੀਆਂ ਜਾਣ।

### ੧੬ ਧੰਨਵਾਦੀ ਮਤੇ

ਕੇਂਦਰੀ ਪੰਜਾਬੀ ਲੇਖਕ ਸਭਾ ਦਾ ਇਹ ਸਿਲਵਰ ਜੁਬਲੀ ਸਮਾਗਮ, ਸਮਾਪਤੀ ਤੋਂ ਪਹਿਲਾਂ ਆਪਣੇ ਉਹਨਾਂ ਸਾਰੇ ਸਹਿਯੋਗੀਆਂ ਦਾ ਧੰਨਵਾਦ ਕਰਦਾ ਹੈ ਜਿਹਨਾਂ ਸਮਾਗਮ ਦੀ ਸਫਲਤਾ ਲਈ ਵੱਧ ਚੜ੍ਹਕੇ ਹਿੱਸਾ ਪਾਇਆ।

ਸਮਾਗਮ ਸਵਾਗਤੀ ਕਮੇਟੀ, ਇਸ ਦੇ ਪ੍ਰਧਾਨ ਬਾਵਾ ਪਰਮਜੀਤ ਸਿੰਘ ਦੂਜੇ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕਰਦਾ ਹੈ ਜਿਹਨਾਂ ਫੰਡ ਇਕੱਠਾ ਕਰਨ, ਪ੍ਰਬੰਧ ਕਰਨ ਵਿਚ ਦਿਨ ਰਾਤ ਇਕ ਕੀਤਾ। ਪੰਡਾਲ, ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਵਿਸ਼ੇਸ਼ ਤੌਰ ਉਤੇ ਸ਼ਲਾਘਾ ਵਾਲਾ ਸੀ।

ਸਮਾਗਮ ਦੇਸ਼ ਭਗਤ ਯਾਦਗਾਰ ਕਮੇਟੀ ਦਾ ਵੀ ਰਿਣੀ ਹੈ ਜਿਸਨੇ ਨਾ ਕੇਵਲ ਆਪਣਾ ਹਾਲ, ਯਾਦਗਾਰ ਦੀ ਸਾਰੀ ਇਮਾਰਤ ਵਰਤਣ ਦੀ ਆਗਿਆ ਦਿਤੀ ਸਗੋਂ ਪਾਣੀ ਰਿਹਾਇਸ਼ ਆਦਿ ਦੀਆਂ ਸਹੂਲਤਾਂ ਅਤੇ ਨਿੱਘਾ ਸਹਿਯੋਗ ਪ੍ਰਦਾਨ ਕੀਤਾ।

ਸਭਿਆਚਾਰਕ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਗਾਇਕ ਕਲਾਕਾਰ, ਨਾਟਕਾਂ ਵਿਚ ਹਿਸਾ ਲੈਣ ਵਾਲੀਆਂ ਨਾਟਕ ਟੋਲੀਆਂ ਤੇ ਉਹਨਾਂ ਦੇ ਕਲਾਕਾਰ ਵੀ ਸਾਡੇ ਧੰਨਵਾਦ ਦੇ ਪਾਤਰ ਹਨ।

ਸਮਾਗਮ ਉਹਨਾਂ ਪ੍ਰਕਾਸ਼ਨ ਸੰਸਥਾਵਾਂ ਦਾ ਵੀ ਧੰਨਵਾਦ ਹੈ ਜਿਨ੍ਹਾਂ ਨੇ ਪੁਸਤਕ ਪ੍ਰਦਰਸ਼ਨੀ ਵਿਚ ਭਾਗ ਲੈਕੇ ਇਸ ਨੂੰ ਸਫਲ ਕਰਨ ਵਿਚ ਹਿੱਸਾ ਲਿਆ।

ਕੇਂਦਰੀ ਪੰਜਾਬੀ ਲੇਖਕ ਸਭਾਵਾਂ ਨਾਲ ਸੰਬਧਿਤ ਸਾਰੀਆਂ ਲੇਖਕ ਸਭਾਵਾਂ ਤੇ ਉਹਨਾਂ ਦੇ ਮੈਂਬਰਾਂ ਵੀ ਧੰਨਵਾਦ ਤੇ ਵਧਾਈ ਦੇ ਪਾਤਰ ਹਨ ਜਿਹਨਾਂ ਪਹਿਲਾਂ ਆਪੋ ਆਪਣੇ ਇਲਾਕਿਆਂ ਵਿਚ ਸਿਲਵਰ ਜੁਬਲੀ ਸਮਾਗਮ ਕੀਤੇ ਤੇ ਫਿਰ ਇਸ ਸਮਾਗਮ ਉਤੇ ਹੁੰਮ ਹੁਮਾ ਕੇ ਆਏ।

ਸਮਾਗਮ ਉਹਨਾਂ ਅਖਬਾਰਾਂ ਤੇ ਪੱਤਰਕਾਰਾਂ ਦਾ ਵੀ ਧੰਨਵਾਦੀ ਹੈ ਜਿਹਨਾਂ ਸਮਾਗਮ ਸਮੇਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤੇ ਅਤੇ ਸਮਾਗਮ ਦੇ ਪ੍ਰੋਗਰਾਮਾਂ ਨੂੰ ਪਰਚਾਰਨ ਵਿਚ ਪੂਰਾ ਸਹਿਯੋਗ ਦਿਤਾ।

ਸਮਾਗਮ ਪਾਕਿਸਤਾਨ 'ਚੋਂ ਆਉਣ ਵਾਲੇ ਤੇ ਦੂਜੀਆਂ ਭਾਰਤੀ ਭਾਸ਼ਾਵਾਂ ਦੇ ਲੇਖਕਾਂ ਦਾ ਵੀ ਧੰਨਵਾਦੀ ਹੈ ਜਿਨ੍ਹਾਂ ਸਮਾਰੋਹਾਂ ਤੇ ਪੁੱਜਕੇ ਇਹਨਾਂ ਨੂੰ ਹੋਰ ਵੀ ਸਫਲ ਬਣਾਇਆ।

★



Sri Satguru Jagjit Singh Ji Elibrary NamdhariElibrary@gmail.com

# ਪੰਜਾਬੀ ਪ੍ਰਕਾਸ਼ਨਾਵਾਂ ਦੀ ਨੁਮਾਇਸ਼

—ਜੰਗ ਬਹਾਦਰ ਸਿੰਘ ਘਈ

ਪੁਸਤਕ, ਉਸਦੇ ਲੇਖਕ ਦੇ ਵਿਅਕਤੀਤਵ ਦਾ ਦਰਪਨ ਹੁੰਦੀ ਹੈ, ਲੋਕ ਲੇਖਕ ਦੇ ਮਰ ਜਾਣ ਬਾਦ ਵੀ ਜਦ ਕਦੇ ਉਸ ਪੁਸਤਕ ਨੂੰ ਪੜ੍ਹਦੇ ਹਨ ਤਾਂ ਉਸ ਲੇਖਕ ਦੇ ਸਾਖਸ਼ਾਤ ਦਰਸ਼ਨ ਕਰਦੇ ਹਨ। ਪੁਸਤਕ ਕਦੇ ਪੁਰਾਣੀ ਵੀ ਨਹੀਂ ਹੁੰਦੀ। ਗੀਤਾ, ਰਾਮਾਇਣ, ਗੁਰੂ ਗਰੰਥ ਸਾਹਿਬ ਤੇ ਹੀਰ ਵਾਰਿਸ ਅੱਜ ਵੀ ਉਸ ਸਮੇਂ ਦੇ ਲੇਖਕਾਂ ਦੀਆਂ ਵਡ-ਮੁੱਲੀਆਂ ਕ੍ਰਿਤਾਂ ਸਾਂਭੀ ਬੈਠੀਆਂ ਹਨ। ਕੁਝ ਲੋਕਾਂ ਨੂੰ ਘਰਾਂ ਵਿਚ ਨਿਕ-ਸੁਕ ਇਕੱਠਾ ਕਰਨ ਦਾ ਤਾਂ ਬਹੁਤ ਸ਼ੌਕ ਹੁੰਦਾ ਹੈ, ਪਰ ਪੁਸਤਕਾਂ ਪੜ੍ਹਨ ਦਾ ਨਹੀਂ। ਜੋ ਲੋਕ ਪੜ੍ਹਦੇ ਵੀ ਹਨ, ਉਹਨਾਂ ਚੋਂ ਬਹੁਤੇ ਗੁਲਸ਼ਨ ਨੰਦਾ ਤੋਂ ਅਗੇ ਨਹੀਂ ਟਪਦੇ। ਪੰਜਾਬ ਦੇ ਪੁਰਾਣੇ ਇਤਿਹਾਸ ਤੇ ਸਭਿਆਚਾਰ ਬਾਰੇ ਪੰਜਾਬੀ ਵਿਚ ਕੋਈ ਪੁਸਤਕ ਛਪ ਜਾਵੇ ਤਾਂ ਪਬਲਿਸ਼ਰ ਨੂੰ ਘਾਟੇ ਵਾਲਾ ਸੌਦਾ ਜਾਪਣ ਲਗ ਪੈਂਦਾ ਹੈ। ਸ਼ਾਇਦ ਕੁਝ ਲੋਕਾਂ ਦੀ ਧਾਰਨਾ ਹੀ ਬਣ ਚੁੱਕੀ ਹੈ ਕਿ ਪੰਜਾਬੀ ਲੋਕ ਫਜ਼ੂਲ ਖਰਚੀ ਤਾਂ ਬਹੁਤ ਕਰਨਗੇ, ਪਰ ਘਰ ਵਿਚ ਕੋਈ ਪੁਸਤਕ ਖਰੀਦ ਕੇ ਨਹੀਂ ਲਿਆਣਗੇ।

ਪਰ ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਿਲਵਰ ਜੁਬਲੀ ਕਾਨਫਰੰਸ ਤੇ ਲੋਕਾਂ ਨੂੰ ਆਪਣੀ ਹੀ ਬਣਾਈ ਇਹ ਧਾਰਨਾ ਬਦਲਣੀ ਪਈ ਕਿ ਪੁਸਤਕ ਵਿਚ ਜਾਨ ਹੋਵੇ ਅਤੇ ਉਸਨੂੰ ਸਹੀ ਢੰਗ ਨਾਲ ਲੋਕਾਂ ਤਕ ਪਹੁੰਚਾਇਆ ਜਾਵੇ, ਤਾਂ ਖਰੀਦਣ ਵਾਲਿਆਂ ਦੀ ਪੰਜਾਬ ਵਿਚ ਕੱਮੀ ਨਹੀਂ। ਇਸ ਕਾਨਫਰੰਸ ਸਮੇਂ ਵਖ ਵਖ ਪਬ-ਲਿਸ਼ਰਾਂ ਤੇ ਯੂਨੀਵਰਸਿਟੀਆਂ ਨੇ ਆਪਣੀਆਂ ਪੰਜਾਬੀ ਪ੍ਰਕਾਸ਼ਨਾਵਾਂ ਦੀ ਪ੍ਰਦਰਸ਼ਨੀ ਕਰਕੇ ਸਾਡੀ ਇਕ ਪੁਰਾਣੀ ਤੇ ਗਲਤ ਧਾਰਨਾ ਨੂੰ ਖਤਮ ਕਰਕੇ ਉਸ ਨੂੰ ਇਕ ਨਵੀਂ ਸੇਧ ਦਿਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ੫-੫ ਰੁਪੈ ਲੈਕੇ ਆਪਣੇ ਪੱਕੇ ਮੈਂਬਰ ਹੀ ਨਹੀਂ ਬਣਾਏ ਸਗੋਂ ੫੦ਫੀ ਸਦੀ ਤੋਂ ਵਧ ਉਹਨਾਂ ਨੂੰ ਡਿਸਕਾਊਂਟ ਵੀ ਦਿਤਾ ਤੇ ੨੧/-ਰੁਪੈ ਦੀਆਂ ਕਿਤਾਬਾਂ ਪਿਛੇ ਇਕ-ਇਕ ਕਿਤਾਬ ਮੁਫ਼ਤ ਵੀ ਚੁਣਨ ਦੀ ਖੁਲ੍ਹ ਦਿਤੀ। ਇਸੇ ਤਰ੍ਹਾਂ ਨਵਯੁਗ-ਦਿਲੀ, ਨਿਊਏਜ ਅੰਮ੍ਰਿਤਸਰ, ਦੀਪਕ-ਜਲੰਧਰ, ਰਵੀ ਸਾਹਿਤ ਅੰਮ੍ਰਿਤਸਰ, ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੋਸਾਇਟੀ ਦਿਲੀ, ਪੰਜਾਬ ਬੁੱਕ ਸੈਂਟਰ, ਲੈਨਿਨ ਸਾਹਿਤ ਤੇ ਭਾਸ਼ਾ ਵਿਭਾਗ ਵਾਲਿਆਂ ਨੇ ਰੰਗ ਬਰੰਗੇ ਟਾਈਟਲ ਦਿਖਾਕੇ ਤੇ ਦੁਰਲਭ ਕਿਤਾਬਾਂ ਲਗਾਕੇ ਕਾਫ਼ੀ ਨਾਮਣਾ ਖਟਿਆ। ਭਾਸ਼ਾ ਵਿਭਾਗ ਦੀਆਂ ਬਹੁਤੀਆਂ ਕਿਤਾਬਾਂ ਦਿਖਾਵੇ ਲਈ ਹੀ ਸਨ ਤੇ ਵੇਚਣ ਲਈ ਉਹਨਾਂ ਨੂੰ ਹੁਕਮ ਨਹੀਂ ਸੀ, ਫਿਰ ਵੀ ਲਾਰਾ ਲਾਇਆ ਜਾ ਰਿਹਾ ਸੀ ਕਿ ਜਲਦੀ ਹੀ ਨਵਾਂ ਐਡੀਸ਼ਨ ਛੱਪ ਕੇ ਮਾਰਕਿਟ 'ਚ ਆ ਜਾਏਗਾ।

ਤਿੰਨ ਦਿਨ ਲਗਾਤਾਰ ਇਹ ਪ੍ਰਦਰਸ਼ਨ ਲਗੀ ਰਹੀ ਤੇ ਹਰ ਸਮੇਂ ਹੀ ਕਾਨਫਰੰਸ ਤੇ ਇਕੱਠੇ ਹੋਏ ਲੇਖਕਾਂ ਦਾ ਇਕ ਹਜੂਮ ਹੀ ਪੁਸਤਕਾਂ ਖਰੀਦਦਾ ਦੇਖਿਆ। ਇਸ "ਧਨੀ ਰਾਮ ਚਾਤ੍ਰਿਕ ਪੁਸਤਕ ਪ੍ਰਦਰਸ਼ਨੀ" ਦਾ ਉਦਘਾਟਨ ੩੦ ਅਕਤੂਬਰ ਨੂੰ ਮੁਖ ਮੰਤਰੀ ਸ. ਦਰਬਾਰਾ ਸਿੰਘ ਨੇ ਕੀਤਾ ਸੀ।

★



Sri Satguru Jagjit Singh Ji Elibrary NamdhariElibrary@gmail.com

ਕਵਿਤਾ

# ਇਕ ਸੁਨੇਹਾ

—ਗੁਰਭਜਨ ਸਿੰਘ—

ਚੰਨਾ ਮੋਹਣਿਆ ! ਰਾਤ ਦੇ ਸਾਥੀਆ ਵੇ,
ਕੀ ਗੱਲ ? ਜਾਗੇਂ ਸਾਰੀ ਰਾਤ ਅੜਿਆ।
ਵਣ ਤ੍ਰਿਣ ਸੁਤੇ, ਸੁਤੇ ਸਭ ਬੇਲੇ,
ਸੁਤੀ ਧਰਤ ਤੇ ਸੁਤੇ ਜੰਗਲਾਤ ਅੜਿਆ।
ਲਗੇਂ ਵਿਛੜਿਆ ਜਿਵੇਂ ਮਹਿਬੂਬ ਕੋਲੋਂ,
ਮੈਨੂੰ ਦਸਦੇ ਤੇਰੇ ਹਾਲਾਤ ਅੜਿਆ।
ਜਿੰਨ੍ਹਾ ਕਦੇ ਨਾ ਕਿਸੇ ਨੂੰ ਪਿਆਰ ਕੀਤਾ,
ਵੇਖ ਸਭ ਸੁਤੀ ਕਾਇਨਾਤ ਅੜਿਆ।

—0—

ਇਸ਼ਕ ਨਾਮ ਹੈ ਅਸਲ ਪ੍ਰਮਾਤਮਾ ਦਾ,
ਜਿੰਨ੍ਹ ਜਪਿਆ ਨਹੀਂ ਉਹ ਸਾਧ ਕੋਈ ਨਾ।
ਜਿੰਨ੍ਹੇ ਕਿਤੇ ਦੁਖਾਇਆ ਹੈ ਆਸ਼ਕਾਂ ਨੂੰ,
ਜੱਗ ਏਸ ਤੋਂ ਵੱਡਾ ਅਪਰਾਧ ਕੋਈ ਨਾ।
ਇਸ਼ਕ ਧੁਰਾ ਹੈ ਧੜਕਦੀ ਜ਼ਿੰਦਗੀ ਦਾ,
ਬਿਨਾ ਏਸ ਤੋਂ ਹੋਰ ਇਤਕਾਦ ਕੋਈ ਨਾ।
ਇਸ਼ਕ ਆਦਿ ਤੇ ਅੰਤ ਹੈ ਕੁਦਰਤਾਂ ਦਾ,
ਏਦੋਂ ਪਹਿਲਾਂ ਤੇ ਏਸ ਤੋਂ ਬਾਦ ਕੋਈ ਨਾ।

—0—

ਜੇ ਤੂੰ ਇਸ਼ਕ ਦਾ ਡੰਗਿਆ ਪਿਆ ਤੜਫੇਂ,
ਕੋਈ ਗੱਲ ਨਹੀਂ ਇਸ ਤਰ੍ਹਾਂ ਆਮ ਹੁੰਦੇ।
ਖਾਣਾ ਭੁਲ ਜਾਂਦਾ ਸੌਣਾ ਮੁਕ ਜਾਂਦਾ,
ਉਹਦੀ ਯਾਦ ਬਿਨ ਜੀਣਾ ਹਰਾਮ ਹੁੰਦੇ।
ਰੋਗੀ ਇਸ਼ਕ ਦੇ ਲਾ ਇਲਾਜ ਹੁੰਦੇ,
ਡਾਕਟਰ ਵੈਦ ਭਾਵੇਂ ਗਾਮ ਗਾਮ ਹੁੰਦੇ।
ਉਹਨਾਂ ਲਈ ਮਹਿਬੂਬਾ ਦਾ ਨਾਮ ਇਕੋ,
ਅੱਲਾ, ਈਸਾ ਤੇ ਰੱਬ ਤੇ ਰਾਮ ਹੁੰਦੇ।

—0—

ਚੋਰ, ਚੋਰ ਤੋਂ ਚੋਰੀ ਛਿਪਾਂਵਦਾ ਨਹੀਂ,
ਦਾਈਆਂ ਕੋਲੋਂ ਨਾ ਪੇਟ ਲੁਕਾਏ ਜਾਂਦੇ।
ਦੁਖੀ, ਦੁਖੀ ਨੂੰ ਦੁਖ ਫਰੋਲ ਦਸੇ,
ਬਹੁਤੇ ਏਦਾਂ ਹੀ ਦੁਖ ਵੰਡਾਏ ਜਾਂਦੇ।
ਆਸ਼ਕ, ਆਸ਼ਕਾਂ ਦੇ ਨੈਣੋਂ ਸਮਝ ਲੈਂਦੇ,
ਜਿੰਨੇ ਕਿਸੇ ਥਾਂ ਨੈਣ ਮਿਲਾਏ ਹੁੰਦੇ।
ਇਸ਼ਕ ਬੋਲਦੇ ਚੜ੍ਹ ਬਨੇਰਿਆਂ ਤੇ,
ਪਰਦੇ ਏਸ ਤੇ ਕਦੇ ਨਾ ਪਾਏ ਜਾਂਦੇ।

—0—

ਮੈਨੂੰ ਜਾਪਦੇ ਮੇਰੀਆਂ ਠੀਕ ਗਲ੍ਹਾਂ,
ਸੁਣ ਸਚੀਆਂ ਕੰਨੀ ਖਿਸਕਾਣ ਲਗੇਂ।
ਜ਼ਰਾ ਠਹਿਰ ਜਾ ਗੱਲ ਤੇ ਦੱਸ ਮੈਨੂੰ,
ਲਹਿੰਦੇ ਵੱਲ ਕਾਹਤੋਂ ਲਹਿੰਦਾ ਜਾਣ ਲਗੇਂ।
ਲਹਿੰਦੇ ਵਿਚ ਤਾਂ ਇਕ ਹੈ ਦੇਸ ਸੋਹਣਾ,
ਜੀਹਦਾ ਰਾਹ ਤੂੰ ਇਹ ਅਪਨਾਣ ਲਗੇਂ।
ਕਿੰਨਾ ਚੰਗਾ ਤੇ ਕਿੰਨਾ ਗ਼ਮਖਾਰ ਏਂ ਤੂੰ,
ਮੇਰੇ ਦਰਦ ਨੂੰ ਝੱਟ ਵੰਡਾਣ ਲਗੇਂ।

★



Sri Satguru Jagjit Singh Ji Elibrary NamdhariElibrary@gmail.com

## ਦੁਆਬੇ ਦੀ ਨਾਮਧਾਰੀ ਅਨੰਦ ਕਾਰਜ ਪੜਤਾਲੀਆ ਕਮੇਟੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਹੇਠ ਲਿਖੇ ਸਿੰਘ ਆਨੰਦ ਕਾਰਜਾਂ ਦੀ ਪੁਛ ਪੜਤਾਲ ਕਰਕੇ ਪ੍ਰਧਾਨਗੀ ਦੇਣ ਵਾਸਤੇ ਨੀਯਤ ਕੀਤੇ ਜਾਂਦੇ ਹਨ। ਦੁਆਬੇ ਦੀ ਸਾਧ-ਸੰਗਤ ਅੱਗੇ ਅਰਜ਼ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਅਨੰਦਾਂ ਦੀ ਮਨਜ਼ੂਰੀ ਲੈਣ ਵਾਸਤੇ ਇਸ ਕਮੇਟੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਿਲ ਕੇ ਹਰ ਦੇਸੀ ਮਹੀਨੇ ਦੇ ਪਹਿਲੇ ਅਤੇ ਤੀਸਰੇ ਐਤਵਾਰ ਆਗਿਆ ਪੱਤਰ ਪ੍ਰਾਪਤ ਕਰਨ।

ਨਾਮ ਅਤੇ ਪਤਾ

੧. ਸੰਤ ਦਿਆਲ ਸਿੰਘ ਜੀ ਫਗਵਾੜਾ।
੨. ਸੰਤ ਦਰਸ਼ਨ ਸਿੰਘ ਜੀ ਪ੍ਰਧਾਨ ਜਲੰਧਰ।
੩. ਸੰਤ ਸਤਨਾਮ ਸਿੰਘ ਜੀ ਕਰਤਾਰਪੁਰ।
੪. ਸੰਤ ਜਸਪਾਲ ਸਿੰਘ ਜੀ ਮਹਿਮੂਦਪੁਰ।
੫. ਸੰਤ ਅਨੂਪ ਸਿੰਘ ਜੀ ਭੇਗਾਲਾ।
੬. ਸੰਤ ਜੋਧ ਸਿੰਘ ਜੀ ਵਜ਼ੀਦ।
੭. ਸੰਤ ਸਵਰਨ ਸਿੰਘ ਜੀ ਕਪੂਰਥਲਾ।
੮. ਸੰਤ ਸੁਚੇਤ ਸਿੰਘ ਜੀ ਹੁਸ਼ਿਆਰਪੁਰ।

ਪ੍ਰਾਰਥਕ
ਤਰਸੇਮ ਸਿੰਘ ਨਿਜੀ ਸਕੱਤਰ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।

## ਵਰ ਦੀ ਲੋੜ

ਨਾਮਧਾਰੀ ਘਰਾਣੇ ਦੀ ਇਕ ਕੰਨਿਆ ਜਿਸ ਨੇ ਐਮ. ਏ. ਹਿੰਦੀ ਫਸਟ ਕਲਾਸ ਵਿਚ ਪਾਸ ਕੀਤੀ ਹੈ ਅਤੇ ਹੁਣ ਪੀ. ਐਚ. ਡੀ. ਕਰ ਰਹੀ ਹੈ ਵਾਸਤੇ ਨਾਮਧਾਰੀ ਘਰਾਣੇ ਦੇ ਪੜ੍ਹੇ ਲਿਖੇ ਯੋਗ ਵਰ ਦੀ ਲੋੜ ਹੈ।

## ਕੰਨਿਆਂ ਦੀ ਲੋੜ

ਨਾਮਧਾਰੀ ਘਰਾਣੇ ਦੇ ਇਕ ਬੀ. ਏ. ਪਾਸ ਲੜਕੇ ਵਾਸਤੇ ਇਕ ਪੜ੍ਹੀ ਲਿਖੀ ਸੁਯੋਗ ਨਾਮਧਾਰੀ ਘਰਾਣੇ ਦੀ ਕੰਨਿਆ ਦੀ ਭਾਲ ਹੈ। ਲੜਕਾ ਚਾਰਟਿਡ ਅਕਾਊਂਟੈਂਟ ਦਾ ਕੋਰਸ ਵੀ ਕਰ ਰਿਹਾ ਹੈ।

ਉਪਰੋਕਤ ਦੋਹਾਂ ਰਿਸ਼ਤਿਆਂ ਦੇ ਸਬੰਧ ਵਿਚ ਹੇਠ ਲਿਖੇ ਪਤੇ ਤੇ ਚਿਠੀ ਪਤਰ ਕੀਤਾ ਜਾਵੇ।

APEXO AGENCIES
3-1-325, Namboli Adda,
Hyderabad-500027

## ਵਰਿਆਮ ਲਈ ਸਹਿਯੋਗ

—ਸ: ਕਰਮ ਸਿੰਘ ਜੀ. ਜੀ. ਕੇ. ਟੂਲਜ਼, 55 ਈਸਟ ਮੋਹਨ ਨਗਰ ਅੰਮ੍ਰਿਤਸਰ ਵਾਲਿਆਂ ਆਪਣੇ ਸਪੁਤਰ ਸ: ਮਨਦੀਪ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ੧੧/- ਰੁਪਏ ਵਰਿਆਮ ਵਾਸਤੇ ਭੇਜੇ।

—ਸੂਬਾ ਜੀ ਪਟਨਾ ਵਾਲਿਆਂ ਆਪਣੇ ਕਿਸੇ ਕਾਰਜ ਦੇ ਸਬੰਧ ਵਿਚ ੨੧ ਰੁਪਏ ਵਰਿਆਮ ਵਾਸਤੇ ਬਦਸਤ ਸੰਤ ਗੁਰਦੀਪ ਸਿੰਘ ਦਿੱਲੀ ਭੇਜੇ ਹਨ।

—ਪ੍ਰਸਿੱਧ ਲੇਖਕ ਸੰਤ ਮੋਹਰ ਸਿੰਘ ਜੀ ਕਾਨ੍ਹਪੁਰ ਵਾਲਿਆਂ ਆਪਣੀ ਮਾਤਾ ਜੀ ਨਮਿਤ ਪਾਏ ਭੋਗ ਸਮੇਂ ੨੧ ਰੁਪਏ ਵਰਿਆਮ ਵਾਸਤੇ ਭੇਜੇ ਹਨ।

—ਨਾਮਧਾਰੀ ਬਿਲਡਿੰਗ ਮੈਟੀਰੀਅਲ ਸਟੋਰ ਸਹਸਾ ਵਾਲੇ ਜਥੇਦਾਰ ਸੇਵਾ ਸਿੰਘ ਬਲੋਂਵਾਲੀਏ ਹੋਰਾਂ ਆਪਣੇ ਛੋਟੇ ਵੀਰ ਜਗੀਰ ਸਿੰਘ ਦੇ ਘਰ ਭੁਝੰਗੀ ਹੋਣ ਦੀ ਖੁਸ਼ੀ ਵਿਚ ੨੧ ਰੁਪਏ ਵਰਿਆਮ ਨੂੰ ਭੇਜੇ ਹਨ।

—ਨਾਮਧਾਰੀ ਸੰਗਤ ਦਿੱਲੀ ਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮਨਾਉਂਦੇ ਹੋਏ ਵਰਿਆਮ ਵਾਸਤੇ ੨੦ ਰੁਪਏ ਸਹਾਇਤਾ ਭੇਜੀ ਹੈ।

ਵਰਿਆਮ ਦੇ ਸਮੂਹ ਸਹਿਯੋਗੀਆਂ ਦਾ ਹਾਰਦਿਕ ਧੰਨਵਾਦੀ ਹੈ। —ਮੈਨੇਜਰ



Sri Satguru Jagjit Singh Ji Elibrary NamdhariElibrary@gmail.com

ਲੜੀ ਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਅਕਤੂਬਰ ੧੯੮੧ ਅੰਕ ਵੇਖੋ)

੧੭ ਦਸੰਬਰ ੧੯੭੭ ਸ਼ਨੀਵਾਰ
ਨਵੀਂ ਦਿਲੀ

### ਸਰੀਰਕ ਸਿਹਤ ਲਈ

ਪੁੱਛਣ ਤੋਂ ਪਤਾ ਲਗਾ ਕਿ ਸਤਿਗੁਰੂ ਜੀ ਵਾਸਤੇ ਰੋਜ਼ਨਾ ਟੱਬ ਇਸ਼ਨਾਨ ਕਰਨ ਲਈ ਟੱਬ ਹਮੇਸ਼ਾ ਨਾਲ ਰਖਿਆ ਜਾਂਦਾ ਸੀ ਨਿਤ ਵਰਤੋਂ ਦੇ ਸਾਮਾਨ ਵਿਚ, ਪਰ ਅਜ ਕਲ ਆਪ ਟੱਬ ਦੀ ਵਰਤੋਂ ਨਹੀਂ ਕਰਦੇ ਸਗੋਂ ਗਿੱਲੇ ਨਿਚੋੜੇ ਮੋਟੇ ਕਪੜੇ ਦੀ ਵਰਤੋਂ ਕਰਦੇ ਹਨ ਤਾਕਿ ਆਪ ਦੇ ਪੇਟ ਨੂੰ ਆਰਾਮ ਮਿਲੇ ਤੇ ਨਿਤ ਦੀ ਭੱਜ-ਨੱਠ ਵਿਚ ਸਰੀਰਕ ਸ਼ਕਤੀ ਖੀਣ ਨ ਹੋਵੇ।

ਸੰਤ ਮਹਿੰਦਰ ਸਿੰਘ ਪੂਰਬਾ ਨੇ ਦੱਸਿਆ : ਇਸ ਵਾਰ ਦੇ ਸਵਾ ਲੱਖ ਪਾਠਾਂ ਦੀ ਤਿਆਰੀ ਵਿਚ ਗਰਮੀ ਦੇ ਦਿਨੀਂ ਸੱਚੇ ਪਾਤਸ਼ਾਹ ਬਹੁਤ ਘੁੰਮੇ; ਪਿੰਡ ਪਿੰਡ ਸ਼ਹਿਰ ਸ਼ਹਿਰ ਜਾਣਾ; ਦੁਪਹਿਰੇ ਪ੍ਰਸ਼ਾਦ ਛਕਣਾ ਤੇ ਉਸੇ ਘੜੀ ਫਿਰ ਤੁਰ ਪੈਣਾ। ਬੇ ਆਰਮੀ, ਬੇ ਵਕਤੀ ਲੰਗਰ ਅਤੇ ਛਕਦਿਆਂ ਹੀ ਤੁਰ ਪੈਣ ਨੇ ਪੇਟ ਦਾ ਸਿਸਟਮ ਗੜਬੜਾ ਦਿਤਾ ਹੈ। ਇਹਨੀਂ ਦਿਨੀਂ ਟੱਬ ਬਾਬ ਵੀ ਨਹੀਂ ਕੀਤਾ। ਗਿੱਲੇ ਕਪੜੇ ਦੀ ਪੱਟੀ ਹੀ ਮਦਦਗਾਰ ਹੋ ਰਹੀ ਹੈ।

### ਸਿਰ ਤੇ ਹੱਥ ਕੀਹਦਾ ?

੧.੩੦ ਵਜੇ ਦੁਪਹਿਰੇ ਸਤਿਗੁਰਾਂ ਨੇ ਫਿਰ ਇਸ਼ਨਾਨ ਕੀਤਾ। ਸੰਤ ਕਿਰਪਾਲ ਸਿੰਘ ਝੱਬਰ ਹੀ ਇਸ ਵਿਚ ਸਹਾਇਕ ਹਨ। ਹੁਣੇ ਹੁਣੇ ਸੰਤ ਕਿਰਪਾਲ ਸਿੰਘ ਨੂੰ ਕਿਸੇ ਮੱਥਾ ਟੇਕਿਆ ਸੀ। ਸੰਤਾਂ ਦੇ ਉਤਰ ਵਿਚ ਸਿੰਘ ਨੇ ਆਖਿਆ : ਆਪਦਾ ਸਿਰ ਤੇ ਹੱਥ ਰਹਿਣਾ ਚਾਹੀਦਾ ਹੈ। ਸੰਤ ਜੀ ਨੇ ਉਸ ਨੂੰ ਸਮਝਾਇਆ : ਮੇਰਾ ਹੱਥ ਵੱਡਾ ਹੈ ਜਾਂ ਸਤਿਗੁਰੂ ਦਾ ? ਕਦੇ ਵੀ ਕੋਈ ਹੱਥ ਸਤਿਗੁਰੂ ਦੇ ਹੱਥ ਤੋਂ ਵੱਡਾ ਜਾਂ ਉੱਚਾ ਨਹੀਂ ਹੁੰਦਾ, ਜਦੋਂ ਵੀ ਮੰਗੋ ਸਤਿਗੁਰੂ ਦਾ ਹੱਥ ਹੀ ਸਿਰ ਤੇ ਮੰਗੋ।

### ਤਲਬਗਾਰ

ਜਦੋਂ ਦੀਨ ਦਿਆਲ ਇਸ਼ਨਾਨ ਕਮਰੇ ਵਿਚ, ਇਸ਼ਨਾਨ ਕਰਦੇ ਹੋਏ ਸੇਠ ਤਰਲੋਕ ਸਿੰਘ ਨਾਲ ਬਚਨ ਕਰ ਰਹੇ ਸਨ ਤਾਂ ਐਉਂ ਲਗਾ ਕਿ ਸਤਿਗੁਰੂ ਜੀ ਗੱਲਬਾਤ ਦੌਰਾਨ ਅਨੇਕਾਂ ਪ੍ਰਮਾਣ ਦੇ ਰਹੇ ਸਨ। ਬਾਹਰ ਬੈਠਕ-ਕਮਰੇ ਵਿਚ ਸਤਿਗੁਰੂ ਜੀ ਦੇ ਦਰਸ਼ਨਾਂ ਦੇ ਤਬਲਗਾਰ ਹੇਠ ਲਿਖੇ ਵਿਅਕਤੀ ਸਨ : ਸ੍ਰੀ ਗੁਰਭਜਨ ਸਿੰਘ, ਸੰਤ ਬਾਲ ਸਿੰਘ (ਸਵ: ਵਾਸੀ ਸੇਠ ਖਜ਼ਾਨ ਸਿੰਘ ਇਨਸਾਫ਼ ਦਾ ਭਾਈ) ਸੰਤ ਅਮਰ ਸਿੰਘ ਨਿਰਮਾਣ, ਸਰਦਾਰ ਜਵਾਹਰ ਸਿੰਘ ਕਾਮੋਕੇ, ਵਰਿਆਮ ਸੰਪਾਦਕ ਸ੍ਰੀ ਜਗਦੀਸ਼ ਸਿੰਘ, ਸੰਤ ਬਲਵੰਤ ਸਿੰਘ ਸਿੰਘ ਬਾਲੀ ਨਗਰ, ਸੰਤ ਸੁਖਦਰਸ਼ਨ ਸਿੰਘ ਸਿੰਘ ੫-੭ ਹੋਰ ਸਰੀਰ ਜਿਨ੍ਹਾਂ ਨੂੰ ਜਾਣਦਾ ਨਹੀਂ।

### ਗਨੇਸ਼ਪੁਰੇ ਨੂੰ

ਅਸਲ ਵਿਚ ਸਤਿਗੁਰੂ ਜੀ ਜਿਥੇ ਵੀ ਜਾਣ ਤੇ ਜਦੋਂ ਵੀ ਜਾਣ ਦਰਸ਼ਨ ਪਰੇਮੀ ਓਥੇ ਇੰਤਜ਼ਾਰ ਵਿਚ ਬੈਠੇ ਹੀ ਰਹਿੰਦੇ ਹਨ। ਸਤਿਗੁਰੂ ਜੀ ਗਨੇਸ਼ਪੁਰੇ ਕਿਸੇ ਦੇ ਘਰ ਚਰਨ ਪਾਉਣ ਲਈ ਤਿਆਰ ਹੋ ਕੇ ਅਰਾਮ ਕਮਰਿਓਂ ਨਿਕਲੇ ਕਿ ਸਾਰੇ ਹਾਜ਼ਰ ਵਿਅਕਤੀਆਂ ਨੇ ਚਰਨੀਂ ਹੱਥ ਲਾ ਭੇਟਾ ਧਰ ਮਸਤਕ ਨਿਵਾਇਆ। ਸਤਿਗੁਰਾਂ ਬਚਨ ਕੀਤਾ : ਮੈਂ ਅੱਧਾ ਘੰਟਾ ਲੇਟ ਹਾਂ ਰਾਹ ਦੇ ਦਿਓ ਤਾਕਿ ਮੈਂ ਗਨੇਸ਼ਪੁਰੇ ਉਡੀਕ ਕਰਦਿਆਂ ਪਾਸ ਪਹੁੰਚ ਜਾਵਾਂ। ਅਤੇ ਸਤਿਗੁਰੂ ਜੀ ਅਚਕਨ ਪਹਿਨਕੇ ਕਾਰ ਵਲ ਨੂੰ ਹੋ ਤੁਰੇ।

ਬਾਹਰ ਗੱਡੀ ਪਾਸ ਪਹੁੰਚ, ਕਰਨਾਲ ਤੋਂ ਆਏ ਸਰਦਾਰ ਮੰਗਲ ਸਿੰਘ ਗੁਜਰਾਂ ਵਾਲੀਏ ਨੂੰ ਆਗਿਆ ਕੀਤੀ : ਤੂੰ ਭਾਵੇਂ ਚਲਾ ਜਾਹ, ਸੰਪੂਰਨ ਸਿੰਘ ਨੂੰ ਏਥੇ ਰਹਿਣ ਦੇ। ਹਰਭਜਨ ਸਿੰਘ ਨੂੰ ਪਕੀ ਕੀਤੀ ਗਈ ਕਿ ਉਹ ਹੰਸਪਾਲ ਨੂੰ


Sri Satguru Jagjit Singh Ji Elibrary NamdhariElibrary@gmail.com

ਕਹਿਕੇ ਇਸ ਲੜਕੇ ਦਾ ਕੰਮ ਕਰਵਾਏ । ਇਕ ਹੋਰ ਸਰੀਰ ਵਿਆਹ ਬਾਰੇ ਅਰਜ਼ ਕਰਨ ਆਇਆ ਸੀ, ਉਹ ਵੀ ਹੰਸਪਾਲ ਜ਼ਿਮੇ ਲਾ ਆਪ ਪੂਰਬਾ ਤੇ ਸ੍ਰੀ ਗੁਰਭਜਨ ਸਿੰਘ ਨੂੰ ਨਾਲ ਲੈ ਗੁਰਮੁਖ ਸਿੰਘ ਡਰਾਈਵਰ ਨਾਲ ਗਣੇਸ਼ਪੁਰੇ ਨੂੰ ਚਲੇ ਗਏ ।

੩. ੩੦ ਲਉਂਦੇ ਪਹਿਰ ਸਤਿਗੁਰੂ ਗਣੇਸ਼ ਪੁਰਿਓਂ ਵਾਪਸ ਪਰਤੇ ਤਾਂ ਮੈਨੂੰ ਸ੍ਰੀ ਗੁਰਭਜਨ ਸਿੰਘ ਨੇ ਦਸਿਆ : ਬਾਬਾ ਸੁਰਜਨ ਸਿੰਘ ਨਮਿਤ ਪਾਠ ਦਾ ਭੋਗ ਸੀ ਜਿਸ ਕਾਰਨ ਸਤਿਗੁਰੂ ਜੀ ਗਣੇਸ਼ਪੁਰੇ ਪਧਾਰੇ । ਆਇਆ ਸਿੰਘ ਚਰਨ ਸਿੰਘ ਆਦਿ ਬਾਬਾ ਜੀ ਦੇ ਪੰਜ ਪੁੱਤਰ ਹਨ ਜਿਹਨਾਂ ਦੀਆਂ ਦਸਤਾਰਾਂ ਸਤਿਗੁਰੂ ਜੀ ਨੇ ਆਪ ਸਿੱਧੀਆਂ ਕਰਵਾਈਆਂ । ਸਿੱਧੇ ਦਸਤਾਰੇ ਵੀ ਇਹਨਾਂ ਦੇ ਸਿਰੀਂ ਹਜ਼ੂਰ ਨੇ ਸਜਾਏ ।

ਫਿਰ ਜਦੋਂ ਅਸੀਂ (ਸਰਦਾਰ ਗੁਰਚੈਨ ਸਿੰਘ ਨੈਰੋਬੀ, ਸਰਦਾਰ ਹੰਸਪਾਲ, ਕੁਝ ਹੋਰ ਨਾਵਾਕਫ ਸਿੰਘ ਤੇ ਮੈਂ) ਦਰਸ਼ਨਾਂ ਲਈ ਸਤਿਗੁਰਾਂ ਪਾਸ ਪਹੁੰਚੇ ਤਾਂ ਖੜੇ ਖੜੋਤਿਆਂ ਹੀ ਸਤਿਗੁਰੂ ਜੀ ਨੇ ਦਸਿਆ : ਇਹ ਜਿਨ੍ਹਾਂ ਨੂੰ ਦਸਤਾਰਾਂ ਸਜਾਈਆਂ ਹਨ ਅਜ, ਮਾਈ ਕੇਸਰੋ, (ਗੁਜਰਾਂ ਵਾਲੇ ਦੀ ਸ਼ਰਧਾਲੂ ਅਤੇ ਉਤਮ ਜੀਵਨੀ ਵਾਲੀ) ਦੇ ਦੁਹਤਰੇ ਹਨ । ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਮਾਈ ਦੀ ਬੜੀ ਸ਼ੋਭਾ ਕਰਿਆ ਕਰਦੇ ਸਨ ।

## ਪ੍ਰਸਨ ਹੰਸਪਾਲ

ਸ੍ਰੀ ਸਤਿਗੁਰੂ ਜੀ ਅਤੇ ਸ. ਹਰਵਿੰਦਰ ਸਿੰਘ ਅਜ ਅਤਿਅੰਤ ਪ੍ਰਸੰਨ ਜਾਪਦੇ ਹਨ ਕਿਉਂਕਿ ਇਕ ਖਰੀਦ ਦੀ ਪਰਵਾਨਗੀ ਲਈ ਸੇਠ ਤ੍ਰਿਲੋਕ ਸਿੰਘ ਅਤੇ ਸੇਠ ਕਿਰਪਾਲ ਸਿੰਘ ਦੀ ਰਾਇ ਤੋਂ ਬਾਅਦ ਸਰਦਾਰ ਹੰਸਪਾਲ ਦੀ ਮਤ ਜਾਣ ਕੇ ਹੀ ਅੰਤਮ ਫੈਸਲਾ ਦਿਤਾ ਹੈ ।

ਸ: ਹੰਸਪਾਲ ਉਹ ਜਗਹ ਵਖਾਣ ਲਈ ਮੈਨੂੰ ਵੀ ਨਾਲ ਲੈ ਗਿਆ । ਵਾਪਸ ਆਏ ਤਾਂ ਪੌਣੇ ਪੰਜ ਵਜ ਚੁਕੇ ਸਨ । ਬੈਠਣ ਕਮਰੇ ਵਿਚ ਸਤਿਗੁਰੂ ਜੀ ਆਪਣੇ ਮੰਜੇ ਤੇ ਸੋਫਿਆਂ ਤੇ ਇਕ ਬਹੁਤ ਉਤਮ ਕੰਬਲ ਲਈ ਉਸਤਾਦ ਅਮਜ਼ਦ ਅਲੀ ਖਾਂ ਦੀ ਸਰੋਦ ਦੀ ਇਕ ਕੈਸਿਟ ਸੁਣ ਰਹੇ ਸਨ, ਕੋਲ ਗੁਰਦੇਵ ਸਿੰਘ ਸਰੋਦ ਅਤੇ ਹਰਭਜਨ ਸਿੰਘ ਸਿਤਾਰ ਤੇ ਹੋਰ ਸੰਗੀਤ ਸਿੱਖਦੇ ਬੱਚੇ ਬੈਠੇ ਸਨ ।

## ਸਾਊਥ ਹਾਲ ਵਾਲੇ

ਸਾਡੇ ਬੈਠਣ ਤੋਂ ੧੦ ਮਿੰਟ ਬਾਅਦ ਸਾਊਥਾਲ, ਯੂ.ਕੇ. ਦੇ ਸੰਤ ਸਤਬਚਨ ਸਿੰਘ ਆਪਣੀ ਪਤਨੀ, ਵੱਡੀ ਪੁੱਤ੍ਰੀ ਤੇ ਲੜਕੇ ਕਿਰਨਪਾਲ ਸਿੰਘ ਨਾਲ ਗੁਰੂ ਕੀ ਹਜ਼ੂਰੀ ਵਿਚ ਮਸਤਕ ਨਿਵਾ ਭੇਟਾ ਧਰ ਸਾਹਵੇਂ ਹੋ ਬੈਠ ਗਏ । ਸਤਿਗੁਰੂ ਜੀ ਪਿਛਲੀ ਵਾਰ ਵਲਾਇਤ ਗਏ ਕਿਰਨਪਾਲ ਨੂੰ ਨਾਲ ਲੈਕੇ ਆਏ ਸਨ ਸੰਤੂਰ ਸਿਖਾਣ ਵਾਸਤੇ । ਲੜਿੱਕੇ ਪੁੱਤਰ ਨੂੰ ਗੁਰੂ ਆਗਿਆ ਅਧੀਨ ਹੀ ਵਲਾਇਤ ਤੋਂ ਭਾਰਤ ਭੇਜ ਦਿਤਾ ਸੀ, ਅੱਜ ਕੱਲ ਕਿਰਨਪਾਲ ਸਿੰਘ ਸੰਸਾਰ ਪਰਸਿਧ ਸੰਤੂਰ ਵਾਦਕ ਪੰਡਿਤ ਸ਼ਿਵ ਕੁਮਾਰ ਜੀ ਤੋਂ ਸੰਤੂਰ ਵਜਾਣਾ ਸਿਖ ਰਿਹਾ ਹੈ ।

ਸਤਿਗੁਰੂ ਜੀ ਨੇ ਕਿਸ਼ੋਰ ਕਿਰਨਪਾਲ ਨੂੰ ਆਖਿਆ : ਕਿਰਨ, ਹੁਣ ਤੇਰੇ ਮਾਂ ਬਾਪ ਆ ਗਏ ਹਨ. ਯੂਨੀਵਰਸਿਟੀ ਆਦਿ ਦਾ ਇਹਨਾਂ ਤੋਂ ਪਤਾ ਕਰ ਲਈਂ, ਹੋਰ ਜਿਥੇ ਸਾਡੀ ਲੋੜ ਪਈ ਕਹਿ ਦੇਈਂ, ਪੂਰੀ ਕਰਾਂਗੇ । ਸਰਦਾਰ ਸਤਿਬਚਨ ਸਿੰਘ ਨੇ ਉੱਤਰ ਵਿਚ ਅਰਜ਼ ਕੀਤੀ : ਅਸੀਂ ਤਾਂ ਦੀਨ ਦਿਆਲ ਕੇਵਲ ਦਰਸ਼ਨ ਕਰਨ ਆਏ ਹਾਂ, ਯੂਨੀਵਰਸਿਟੀਆਂ ਬਾਰੇ ਤੁਸੀਂ ਹੀ ਜਾਣੋਂ, ਅਤੇ ਇਹ ਕਹਿਕੇ ਸਤਿਬਚਨ ਸਿੰਘ ਨੇ ਸਾਊਥਾਲ ਦੀ ਸੰਗਤ ਵਲੋਂ ਲਿਆਂਦਾ ਇਕ ਲਿਫਾਫਾ ਗੁਰੂ ਚਰਨਾਂ ਵਿਚ ਰਖ ਦਿਤਾ ।

੫. ੩੦ ਸ਼ਾਮੀ ਸਰਦਾਰ ਸੁਲੱਖਣ ਸਿੰਘ ਮੀਤ ਪ੍ਰਧਾਨ ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ,ਦਿੱਲੀ ਦੇ ਐਗਰੀਕਲਚਰ ਡਾਇਰੈਕਟਰ ਸਰਦਾਰ ਆਗਿਆ ਸਿੰਘ ਨੂੰ ਨਾਲ ਲੈਕੇ ਦਰਸ਼ਨ ਕਰਨ ਆਏ ਸਨ ਪਰ ਸਤਿਗੁਰੂ ਜੀ ਹਰਭਜਨ ਗੁਰਦੇਵ ਸਿੰਘ ਤੇ ਸਰਦਾਰ ਹੰਸਪਾਲ ਨੂੰ ਨਾਲ ਲੈਕੇ ਅਰਾਮ ਕਮਰੇ ਵਿਚ ਚਲੇ ਗਏ, ਸ਼ਾਇਦ ਕਲਕੱਤਾ ਸੰਗੀਤ ਸਮੇਲਨ ਬਾਰੇ ਕੁਛ ਸਲਾਹ ਮਸ਼ਵਰਾ ਕਰਨਾ ਹੋਵੇ ।

## ਸਰਦਾਰ ਮੱਖਣ ਸਿੰਘ ਕਰਨਾਲ

ਦੁਪਹਿਰੇ ਜਦੋਂ ਖਲੇ ਖਲੋਤੇ ਸਾਡੇ ਨਾਲ ਬਚਨ ਕਰ ਰਹੇ ਸਨ ਤਾਂ ਸ੍ਰ: ਮੱਖਣ ਸਿੰਘ ਕਰਨਾਲ ਬਾਰੇ ਦਸਿਆ : ਪਰਸੋਂ ਭੈਣੀ ਸਾਹਿਬੋਂ ਆਉਂਦਿਆਂ ਜ਼ਰਾ ਜਿੰਨੀ ਗੱਲ ਕੀਤੀ ਸੀ ਕਿ ਅਸਾਂ ਏਥੇ, ਦਿੱਲੀ, ਇਕ ਇੰਜਨ ੨੫੦੦/- ਦਾ ਖਰੀਦਿਆ ਹੈ ਉਸਨੂੰ ਭੇ ਸਾ: ਭਿਜਵਾ ਦਿਓ । ਮੱਖਣ ਸਿੰਘ ਨੇ ਭਿਜਵਾ ਦਿਤਾ ਜਦੋਂ ਮੈਂ ਕਿਹਾ ਕਿ ਥੋੜੇ ਦਿਨਾਂ ਤਕ ਇਹ ਰਕਮ ਭਿਜਵਾ ਦਿਆਂਗਾ । ਉਸਨੇ ਕਿਹਾ—ਇਹ ਰਕਮ ਮੇਰੀ ਮੰਦਰ ਖਾਤੇ ਲਈ ਪਰਵਾਨ ਕੀਤੀ ਜਾਵੇ । ਹੋਰ


Sri Satguru Jagjit Singh Ji Elibrary NamdhariElibrary@gmail.com

ਵੀ ਏਨੀ ਕੁ ਰਕਮ ਭੇਜਾਂਗਾ। ਸਤਿਗੁਰੂ ਜੀ ਨੇ ਹੋਰ ਦੱਸਿਆ : ਪਿਛਲੇ ਸਮੇਂ ਜਦੋਂ ਮਸਤਾਨ ਗੰਜ ਕੋਠੀ ਦੀ ਉਸਾਰੀ ਸ਼ੁਰੂ ਹੋਈ ਤਾਂ ਮੈਂ ਮਖਣ ਸਿੰਘ ਨੂੰ ਸੱਤ ਟਰੱਕ ਰੋੜੀ ਦੇ ਸੁਟਵਾਣ ਲਈ ਕਿਹਾ। ਇਸ ਨੇ ਕੰਕਰੀਟ ਦੇ ਸੱਤ ਟਰੱਕ ਇਕੋ ਵਾਰ ਵੀ ਭਿਜਵਾ ਦਿਤੇ। ਹੁਣ ਇਸਨੇ ਕਿਹਾ ਹੈ ਕਿ ਭੈਣੀ ਸਾਹਿਬ ਭੇਜਿਆ ਹੋਇਆ ਟਰੱਕ ਜਿੰਨੇ ਦਿਨ ਚਾਹੋ ਵਰਤ ਲਓ। ਜਦੋਂ ਮੈਂ ਪੁੱਛਿਆ ਕਿ ਇਹ ਟਰੱਕ ਉਸੇ ਦਾ ਹੈ ? ਤਾਂ ਉਸ ਕਿਹਾ ਕਿ ਟਰੱਕ ਵਾਲੇ ਨੂੰ ਓਨੇ ਦਿਨਾਂ ਦੀ ਰਕਮ ਅਦਾ ਕਰ ਦਿਤੀ ਜਾਵੇਗੀ। ਆਪ ਚਿੰਤਾ ਨਾ ਕਰੋ।

## ਸਰੋਦ ਵਾਦਨ

ਅੱਜ ਉਸਤਾਦ ਅਮਜਦ ਅਲੀ ਖਾਂ ਦਾ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿਚ ਸਰੋਦਵਾਦਨ ਹੈ। ਸਤਿਗੁਰੂ ਜੀ ਨੂੰ ਏਥੇ ਸੁਣਨ ਆਉਣ ਦੀ ਬੇਨਤੀ ਸੀ। ਸੋ ੬ ੨੦ ਵਜੇ ਚਾਰ ਕਾਰਾਂ ਤੇ ਸਤਿਗੁਰੂ ਜੀ ਆਪਣੇ ਸੰਗੀਤ ਪ੍ਰੇਮੀ ਜਥੇ ਨਾਲ ਹਾਲ ਵਿਚ ਪਧਾਰੇ। ਪਰੋਗਰਾਮ ਅਜੇ ਜ ਰੀ ਨਹੀਂ ਸੀ। ਸੱਚੇ ਪਾਤਸ਼ਾਹ ਗਰੀਨ ਰੂਮ ਵਿਚ ਹੀ ਸਰਦਾਰ ਹੰਸਪਾਲ ਤੇ ਗੁਰਦੇਵ ਸਿੰਘ-ਹਰਭਜਨ ਸਿੰਘ ਨਾਲ ਖਾਂ ਸਾਹਿਬ ਨੂੰ ਜਾ ਮਿਲੇ।

ਖਾਂ ਸਾਹਿਬ ਨੇ ੭ ਵਜੇ ਸਰੋਦਵਾਦਨ ਸ਼ੁਰੂ ਕੀਤਾ। ਸਰੋਤੇ ਬਹੁਤੇ ਵਿਦੇਸ਼ੀ ਡੈਲੀਗੇਸ਼ਨਾਂ ਦੇ ਮੈਂਬਰ ਸਨ। ਸਾਡੇ ਸਾਥੀ ਵੀ ੨੦ ਜਣੇ ਸਨ। ਖਾਂ ਸਾਹਿਬ ਨੇ ਸਰੋਦ ਦੀਆਂ ਤਾਰਾਂ ਸੁਰ ਕਰਕੇ ਟੁਣਕਾਈਆਂ ਤੇ ਅੰਗਰੇਜ਼ੀ ਵਿਚ ਸੰਬੋਧਨ ਕੀਤਾ ਕਿ ਉਹ ਪਹਿਲਾਂ ਅਭੋਗੀ, ਫਿਰ ਪਹਾੜੀ ਅਤੇ ਅੰਤ ਉਤੇ ਭਟਿਆਲੀ ਦੀਆਂ ਲੋਕ ਧੁਨਾਂ ਵਜਾਣਗੇ !

ਇਕ ਘੰਟੇ ਦਾ ਪਰੋਗਰਾਮ ਬੜੀ ਤੇਜ਼ ਗਤੀ ਨਾਲ ਪਰਵਾਨ ਚੜ੍ਹਿਆ।

ਤਬਲਾਵਾਦਕ ਚੰਦਰ ਮੋਹਨ ਦਾ ਕੰਮ ਵੀ ਉਤਮ ਸੀ। ਸਤਿਗੁਰੂ ਜੀ ਵਲੋਂ ਬਤੌਰ ਇਨਾਮ ੫੦/- ਦਿਤੇ ਗਏ। ਸਤਿ-ਗੁਰੂ ਜੀ ਖਾਂ ਸਾਹਿਬ ਨੂੰ ਦਰਸ਼ਣ ਦੇਣ ਲਈ ਜੇ ਪਰਦੇ ਪਿਛੇ ਗਏ ਤਾਂ ਉਹਨਾਂ ਬੇਨਤੀ ਕੀਤੀ ਕਿ ਕਲਕਤੇ ਵਿਚ ਉਹਨਾਂ ਦੇ ਪਿਤਾ ਦੀ ਯਾਦ ਵਿਚ ਹੋ ਰਹੇ ਸੰਗੀਤ ਸਮਾਰੋਹ ਵਿਚ ਸਤਿਗੁਰੂ ਜੀ ਜ਼ਰੂਰ ਪਧਾਰਨ। ੨੭ ਤੋਂ ੩੧ ਦਸੰਬਰ ਦੇ ਇਸ ਪਰੋਗਰਾਮ ਵਿਚ ਸਤਿਗੁਰੂ ਜੀ ਨੇ ਕਿਸੇ ਵੀ ਦਿਨ ਪਹੁੰਚਣ ਲਈ ਰਜ਼ਾਮੰਦੀ ਪਰਗਟ ਕੀਤੀ।

ਇਸ ਸਮੇਂ ਸਤਿਗੁਰੂ ਜੀ ਦੀ ਸੰਗਤ ਦਾ ਲਾਭ ਉਠਾਣ ਵਾਲੇ ਕੁਝ ਇਕ ਵਿਅਕਤੀਆਂ ਦੇ ਨਾਮ ਇਹ ਹਨ : ਸਰਦਾਰ ਗੁਰਚੈਨ ਸਿੰਘ ਆਰਕੀਟੈਕਟ ਨੈਰੋਬੀ, ਠਾਕੁਰ ਉਦੈ ਸਿੰਘ ਜੀ, ਸ: ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਗੁਰਦੇਵ ਸਿਘ ਹਰਭਜਨ ਸਿੰਘ, ਸੰਗੀਤ ਸਿਖਿਆਰਥੀ ਬੱਚੇ, "ਵਰਿਆਮ" ਸੰਪਾਦਕ ਸ੍ਰੀ ਜਗਦੀਸ਼ ਸਿੰਘ, ਸ੍ਰ: ਸਤਿਬਚਨ ਸਿੰਘ ਯੂ. ਕੇ. ਤੇ ਇਸ ਦਾ ਲੜਕਾ ਕਿਰਨਪਾਲ ਸਿੰਘ, ਸਰਦਾਰ ਸੁਲੱਖਣ ਸਿੰਘ ਸੂਰ, ਸੰਤ ਮਹਿੰਦਰ ਸਿੰਘ ਪੂਰਬਾ (ਹਜ਼ੂਰੀ ਖਜ਼ਾਨਚੀ) ਕਾਰ ਚਾਲਕ ਗੁਰਮੁਖ ਸਿੰਘ, ਬੀਬਾ ਜੀ, ਬੀਬੀ ਨਰਿੰਦਰ, ਬੀਬੀ ਗੁਰਚਰਨ (ਸੇਠ ਜੀ ਦੀ ਨੂੰਹ) ਤੇ ਸੇਠ ਜੀ ਦੀ ਦੂਜੀ ਨੂੰਹ ਆਦਿ।

ਸੰਗੀਤ ਪਰੋਗਾਮ ਦੀ ਵਾਪਸੀ ਤੇ ਸੇਠ ਤ੍ਰਿਲੋਕ ਸਿੰਘ ਦੇ ਲੜਕੇ ਸ੍ਰੀ ਸ਼ੇਰ ਸਿੰਘ, ਭੁਪਿੰਦਰ ਸਿੰਘ ਜੋ ਨਾਲ ਹੀ ਆਏ ਸਨ ਨੇ ਬੇਨਤੀ ਕਰਕੇ ਆਪਣੇ ਵਡੇ ਭਾਈ ਸੇਠ ਧਰਮ ਸਿੰਘ ਨੂੰ ਹਸਪਤਾਲ ਵਿਚ ਦਰਸ਼ਨ ਦੇਣ ਲਈ ਅਨੰਦ ਨਰਸਿੰਗ ਹੋਮ ਲਈ ਕਾਰਾਂ ਦਾ ਮੂੰਹ ਭੰਵਾ ਲਿਆ।

੯ ਵਜੇ ਕੋਈ ਆਏ ਤਾਂ ਅਸਾਂ ਤਾਂ ਘਰਾਂ ਨੂੰ ਮੁਹਾਰਾਂ ਮੜ ਲਈਆਂ, ਸਤਿਗੁਰੂ ਜੀ ਪਤਾ ਨਹੀਂ ਕਦੋਂ ਬਿਰਾਜੇ।

## ੧੮ ਦਸੰਦਰ ੧੯੮੧ ਐਤਵਾਰ
## ਨਵੀਂ ਦਿੱਲੀ

## ਸੰਤਾਂ ਦੇ ਨਮਿਤ ਮੇਲਾ

ਅੱਜ ਸ੍ਰੀ ਮਾਨ ਸੰਤ ਮੋਹਣ ਸਿੰਘ ਨਮਿਤ ਮੇਲਾ ਕੀਤਾ ਜਾ ਰਿਹਾ ਹੈ। ਸਮਾਗਮ ਨਾਮਧਾਰੀ ਧਰਮਸਾਲਾ ਰਮੇਸ਼ ਨਗਰ 'ਚ ਹੈ। ਆਸਾ ਦੀ ਵਾਰ ਸਮੇਂ ਵੀ ਭਰਪੂਰ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸਤਿਗੁਰੂ ਜੀ ਦਿਲਰੁਬਾ ਵਜਾਂਦੇ ਵਾਰ ਦੇ ਕੀਰਤਨ ਦੀ ਅਗਵਾਈ ਕਰ ਰਹੇ ਹਨ। ਹਰਭਜਨ ਸਿੰਘ ਸਿਤਾਰ, ਗੁਰਦੇਵ ਸਿੰਘ ਸਰੋਦ ਤੇ ਸੰਗੀਤ ਸਿਖਦੇ ਬੱਚੇ ਵਾਰ ਦੇ ਕੀਰਤਨਕਾਰ ਹਨ। ਇੰਗਲੈਂਡ ਤੋਂ ਆਏ ਸਤਿਬਚਨ ਸਿੰਘ ਦਾ ਲੜਕਾ ਕਿਰਨਪਾਲ ਸਿੰਘ ਗੂੰਜਵਾਂ, ਗੁੰਨਵਾਂ ਤੇ ਟੁਣਕਵਾਂ ਤਬਲਾ ਵਾਦਨ ਕਰ ਰਿਹਾ ਹੈ। ਰਾਗੀਆਂ ਅਤੇ ਸਤਿਗੁਰੂ ਜੀ ਵਿਚਾਲੇ ਇਕ ਮਸਤਾਨਾ ਸੰਤ ਗੁਰਬਖ਼ਸ਼ ਸਿੰਘ ਬੇਸੁਧ ਹੋਇਆ ਸੂਤਰ ਪਾ ਰਿਹਾ ਹੈ :

ਸਤਿਗੁਰੂ ਜੀ ਦੇ ਗਿਰਦ, ਖੱਬਿਓਂ ਸੱਜੇ, ਹੇਠ ਲਿ[illegible] ਸਜਣ ਬੈਠੇ ਹਨ : ਸੂਬਾ ਗੰਡਾ ਸਿੰਘ ਦਿੱਲੀ, ਸੰਤ ਗੁਰਦੀ[illegible] ਸਿੰਘ ਰਮੇਸ਼ ਨਗਰ, ਸੇਠ ਕਿਰਪਾਲ ਸਿੰਘ, ਮਹਾਰਾਜ ਬੋ[illegible]



Sri Satguru Jagjit Singh Ji Elibrary NamdhariElibrary@gmail.com

ਸਿੰਘ ਜੀ (ਇਹ ਰਾਤੀਂ ੮.੩੦ ਦੇ ਆਏ ਹੋਏ ਹਨ) ਸਰਦਾਰ ਗੁਰਚੇਨ ਸਿੰਘ ਨੈਰੋਬੀ, ਸੂਬਾ ਰਤਨ ਸਿੰਘ ਗਵਾਲੀਅਰ, ਸੰਤ ਅਮਰ ਸਿੰਘ ਨਿਰਮਾਣ, ਸੰਤ ਸਤਿਬਚਨ ਸਿੰਘ ਇੰਗਲੈਂਡ, ਸੰਤ ਮਹਿੰਦਰ ਸਿੰਘ ਪੂਰਬਾ, ਸੰਤ ਸੁਖਦਰਸ਼ਨ ਸਿਘ ਆਰਕੀ-ਟੈਕਟ, ਸਰਦਾਰ ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਮਨਧੀਰ ਸਿੰਘ ਸੰਧੂ, ਸੰਤ ਗੁਰਬਖ਼ਸ਼ ਸਿੰਘ 'ਹਰਸ਼' ਸ੍ਰੀ ਨਗਰ ਸ੍ਰੀ ਜਗਦੀਸ਼ ਸਿੰਘ "ਵਰਿਆਮ" ਜਲੰਧਰ, ਸ੍ਰੀ ਭੂਪਿੰਦਰ ਸਿੰਘ ਚਾਵਲਾ, ਸੇਠ ਤ੍ਰਿਲੋਕ ਸਿੰਘ ਚਾਵਲਾ ਚੌਰ ਕਰਦਿਆਂ।

ਨਾਮਧਾਰੀ ਕਿਸਾਨਾਂ ਦੀਆਂ ਬੇਨਤੀਆਂ ਤੇ ਅੱਜ ਸ਼ਾਮੀਂ ਯੂ. ਪੀ. ਦੇ ਦੌਰੇ ਲਈ ਸਤਿਗੁਰੂ ਜੀ ਨੇ ਦਿੱਲੀਓਂ ਪ੍ਰਸਥਾਨ ਕਰਨਾ ਹੈ. ਇਸ ਲਈ ਬੀਤੀ ਰਾਤੀਂ ਜੀਵਨ ਨਗਰ ਇਲਾਕੇ ਚੋਂ ਕੁਝ ਸਰੀਰ ਹੋਰ ਵੀ ਆ ਗਏ ਜਿਵੇਂ ਜਥੇਦਾਰ ਦਲੀਪ ਸਿੰਘ ਸੰਤ ਨਗਰ, ਸੰਤ ਗੁਰਦਿਆਲ ਸਿੰਘ ਸੰਤ ਨਗਰ, ਸੰਤ ਪੂਰਨ ਸਿੰਘ ਸੰਤ ਨਗਰ, ਤੇ ਸੰਤਾਂ ਦੇ ਜਥੇ ਦੇ ਹੋਰ ਸਰੀਰ। ਸੰਤ ਮਹਿੰਦਰ ਸਿੰਘ ਲਾਂਗਰੀ ਦਮਦਮਾ ਆਦਿ।

## ਸਾਧਿਆ ਸਰੀਰ

ਚੰਡੀ ਦੀ ਵਾਰ ਦਾ ਪਾਠ ਕਰਦੇ ਸਮੇਂ ਵੇਖਿਆ ਕਿ ਸਤਿਗੁਰੂ ਜੀ ਏਸ ਸਰਦੀ ਭਰੇ ਦਿਨ ਵਿਚ ਵੀ ਕੁਰਤੇ ਪਜਾਮੇ ਤੇ ਦਸਤਾਰ ਨਾਲ ਨਿਜ ਆਸਣ ਤੇ ਸਸ਼ੋਭਤ ਹਨ ਮਾਲਾ ਗਲ ਵਿਚ, ਸੁਨਹਿਰੀ ਫਰੇਮ ਵਾਲੀ ਪਤਲੋਂ ਜਿਹੀ ਐਨਕ ਨੇਤਰਾਂ ਤੇ। ਕਰਕਮਲਾਂ ਵਿਚ ਨਾਮਧਾਰੀ ਨਿਤਨੇਮ ਦਾ ਗੁਟਕਾ। ਪ੍ਰਤੀਤ ਹੁੰਦਾ ਹੈ ਸਤਿਗੁਰਾਂ ਨੇ ਆਪਣੇ ਸਰੀਰ ਨੂੰ ਕਾਫ਼ੀ ਸਾਧਿਆ ਹੋਇਆ ਹੈ। ਹੁਣ ਸਵੇਰੇ ਜਦੋਂ ਹਰ ਕੋਈ,ਕਈ ਕਈ ਕਪੜੇ ਪਹਿਨੀਂ ਉਪਰ ਗਰਮ ਚੱਦਰਾਂ ਤੇ ਕੰਬਲ ਲੈਕੇ ਬੈਠਾ ਹੋਇਆ ਹੈ, ਸਤਿਗੁਰੂ ਜੀ ਨੇ ਰੇਸ਼ਮੀ ਚੱਦਰ ਵੀ ਗੋਡਿਆਂ ਤੇ ਨਹੀਂ ਲਈ। ਕੱਲ ਰਾਤੀਂ ਵੀ ਵੇਖਿਆ ਕਿ ਬਿਨਾ ਪਜਾਮਿਓਂ, ਚੱਪਲਾਂ ਪਹਿਨੀਂ, ਕੇਵਲ ਖੱਦਰ ਦੇ ਕੁਰਤੇ ਨਾਲ ਹੀ ੯ ਵਜੇ ਮਿਲਣ ਗਿਲਣ ਵਾਲਿਆਂ ਨੂੰ ਦਰਸ਼ਨ ਦੇ ਰਹੇ ਸਨ।

ਨਾਮਧਾਰੀ ਦੀਵਾਨਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਭੇ ਦਰਸ਼ਨ ਪ੍ਰੇਮੀ ਜਾਂ ਕੀਰਤਨ ਰਸੀਏ, ਆਮ ਕਰਕੇ ਸਫੇਦ ਕਪੜਿਆਂ ਵਿਚ ਹੀ ਆਉਂਦੇ ਹਨ, ਖਾਸ ਕਰ ਸਤਿ-ਗੁਰਾਂ ਦੀ ਹਜ਼ੂਰੀ ਸਮੇਂ ਸਰਦੀਆਂ ਵਿਚ ਬੁੱਕਲਾਂ ਮਾਰਨ ਲਈ ਕੰਬਲ ਚੱਦਰਾਂ ਆਦਿ ਵੀ ਵਾਹ ਲਗਦੇ ਸਫ਼ੇਦ ਜਾਂ ਬਹੁਤ ਹਲਕੇ ਰੰਗਾਂ ਦੇ ਬਿਨਾਂ ਨੀਲੇ-ਕਾਲੇ ਤੋਂ। ਕਾਰੋਬਾਰਾਂ ਸਮੇਂ ਜਾਂ ਅਗੇ ਪਿਛੇ ਜੋ ਲੋਕ ਕੋਟ ਪੈਂਟ ਧਾਰਨ ਕਰਦੇ ਹਨ ਉਹ ਵੀ ਗੁਰੂ ਕੀ ਹਜ਼ੂਰੀ ਵਿਚ ਸਫੇਦ ਕੁੜਤਾ, ਚੂੜੀਦਾਰ ਪਜਾਮਾ ਤੇ ਸਿੱਧੀ ਦਸਤਾਰ ਸਜਾਕੇ ਆਉਂਦੇ ਹਨ। ਇਸ ਨਾਲ ਦੀਵਾਨ ਦੀ ਸ਼ੋਭਾ ਬੜੀ ਸਾਤਵਿਕ, ਸੁਖਾਵੀਂ ਤੇ ਸਤਿਜੁਗੀ ਬਣ ਜਾਂਦੀ ਹੈ।

੭.੩੫ ਸਵੇਰੇ ਵਾਰ ਦੇ ਕੀਰਤਨ ਦੀ ਸਮਾਪਤੀ ਹੋ ਗਈ। ਹੁਣ ੮ ਵਜੇ ਤੋਂ ਦਿੱਲੀ ਦਾ ਮਾਣ ਜ: ਸੇਵਾ ਸਿੰਘ, ਜ: ਨਿਰੰਜਨ ਸਿੰਘ ਕੱਕੜ ਸੰਤ ਨਗਰ, ਸੰਤ ਦਲੀਪ ਸਿੰਘ ਜਥੇਦਾਰ ਅਤੇ ਗਿਆਨੀ ਗੁਰਬਖ਼ਸ਼ ਸਿੰਘ ਹੱਲੇ ਦਾ ਦੀਵਾਨ ਲਗਾਣਗੇ। ਸਤਿਗੁਰੂ ਜੀ ਫਿਰ ੧੨ ਵਜੇ ਦਰਸ਼ਨ ਦੇਣਗੇ ਅਤੇ ੨.੩੦ ਵਜੇ ਸੰਤਾਂ ਨਮਿਤ ਭੋਗ ਪਏ ਜਾਣਗੇ।

ਏਥੇ ਸੰਗਤ ਨੂੰ ਸਤਿਗੁਰੂ ਜੀ ਨੇ ਮੱਧ ਪਰਦੇਸ਼ ਦੇ ਦੋ ਸਿੰਘਾਂ (ਨਾਮ ਮੈਨੂੰ ਯਾਦ ਨਹੀਂ ਰਹੇ) ਦੇ ਨਾਮ ਲੈ ਕੇ ਫਰਮਾਇਆ। ਉਹ ਅਜੇ ਤਕ ਵੀ ਸ੍ਰੀ ਭੈਣੀ ਸਾਹਿਬ ਸਵਾ ਲੱਖ ਪਾਠਾਂ ਨਮਿਤ ਮਾਇਆ ਭੇਜੀ ਜਾ ਰਹੇ ਹਨ ਪਰ ਦਿੱਲੀ ਵਾਲਿਆਂ ਆਪਣੇ ਆਪ ਹੀ ਰਕਮ ਭੇਜਣੀ ਬੰਦ ਕਰ ਦਿਤੀ ਹੈ, ਇਹ ਠੀਕ ਨਹੀਂ।

## ਸੱਚ ਝੂਠ ਦਾ ਨਿਤਾਰਾ

ਏਨੇ ਵਿਚ ਇਕ ਸੱਜਣ ਨੇ ਆਕੇ ਬੇਨਤੀ ਕੀਤੀ ਕਿ ਉਸਦੀ ਭੈਣ ਦੇ ਅਨੰਦ ਕਾਰਜ ਦੀ ਆਗਿਆ ਦਿਤੀ ਜਾਵੇ। ਸਤਿਗੁਰੂ ਜੀ ਨੇ ਪੁੱਛਿਆ :

"ਪਹਿਲੇ ਕੀਤੇ ਵਿਆਹ ਤੇ ਕੋਈ ਫ਼ਾਲਤੂ ਰਸਮ ਤਾਂ ਨਹੀਂ ਕੀਤੀ ?"

"ਨਹੀਂ ਜੀ।"

"ਵੇਖਿਓ ਝੂਠ ਨ ਬੋਲਿਓ ਸਾਧ ਸੰਗਤ ਵਿਚ ?"

"ਦੀਨ ਦਿਆਲ. ਬਸ ਕੁਝ ਸਰੀਰਾਂ ਦੀ ਰੋਟੀ ਕੀਤੀ ਸੀ।"

"ਮੈਨੂੰ ਪਤਾ ਲਗਾ ਹੈ ੫੦੦/- ਤੁਸਾਂ ਜ਼ਮਾਨਤ ਵਜੋਂ ਸੰਗਤ ਦੇ ਮੁਖੀਆਂ ਨੂੰ ਜਮਾ ਕਰਵਾਇਆ ਸੀ, ਉਸਨੂੰ ਤਾਂ ਤੁਛ ਹੀ ਸਮਝਿਆ ਹੋਵੇਗਾ ਤਾਂ ਹੀ ਮਰਿਆਦਾ ਭੰਨੀ ਹੈ ?" ਸਤਿਗੁਰੂ ਜੀ ਨੇ ਇਹ ਕਹਿੰਦਿਆਂ ਸਿਖ ਨੂੰ ਠੀਕ ਤਰ੍ਹਾਂ ਚਲਣ ਤਾੜਨਾ ਕੀਤੀ ਤੇ ੫੦੦੦/- ਇਸ ਗਲਤੀ ਵਜੋਂ ਡੰਡ ਦੇਣ ਲਈ ਆਗਿਆ ਹੋਈ।

ਇਕ ਹੋਰ ਸਿੰਘ ਨੇ ਗ਼ੈਰ ਨਾਮਧਾਰੀਆਂ ਦਾ ਵਿਆਹ ਕਰਵਾਂਦਿਆਂ ਦਸ ਪਾਤਸ਼ਾਹੀਆਂ ਦਾ ਅਰਦਾਸਾ ਸੋਧਿਆ ਸੀ। ਸਿੰਘ ਨੂੰ ਮੂੰਹ ਕਾਲਾ ਕਰਕੇ ਆਉਣ ਦੀ ਸਜ਼ਾ ਮਿਲੀ।



Sri Satguru Jagjit Singh Ji Elibrary NamdhariElibrary@gmail.com

ਜਾਂ ਉਹ ਉਠ ਕੇ ਆਗਿਆ ਪਾਲਨ ਕਰਨ ਚਲਿਆ ਤਾਂ ਖਿਮਾ ਕਰ ਦਿਤਾ ਗਿਆ ਤੇ ਤੰਬੀਹ ਕਰ ਦਿਤੀ ਗਈ ਕਿ ਜਿਥੇ ਨਾਮਧਾਰੀ ਮਰਿਆਦਾ ਨ ਹੋਵੇ ਉਥੇ ਕੋਈ ਰਸਮ ਤੁਹਾਡੇ ਰਾਹੀਂ ਨਹੀਂ ਹੋਣੀ ਚਾਹੀਦੀ।

ਮੈਂ ਦੀਵਾਨ ਵਿਚੋਂ ਇਸ ਜ਼ਰੂਰੀ ਕੰਮ ਲਈ ਉਠ ਆਇਆ।

ਜਦੋਂ ਮੈਂ ੧੦-੧੫ ਵਜੇ ਕੋਠੀ ਗਿਆ ਤਾਂ ਸਤਿਗੁਰੂ ਪ੍ਰਸ਼ਾਦ ਛਕ ਰਹੇ ਸਨ।

## ਸੰਤ ਰਣਧੀਰ ਸਿੰਘ

ਬੈਠਣ-ਕਮਰੇ ਵਿਚ ਸੰਤ ਰਣਧੀਰ ਸਿੰਘ ਸਪੁਤ੍ਰ ਸੰਤ ਗੁਰਦਿਤ ਸਿੰਘ ਜਗਦੇਵ (ਜਿਨ੍ਹਾਂ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਏਨਾਂ ਸਤਿਗੁਰਾਂ ਦਾ, ਰਣਧੀਰ ਸਿੰਘ ਦੇ ਕਹਿਣ ਅਨੁਸਾਰ, ਬੜਾ ਸਨੇਹ ਸੀ ; ਗੁਰਦਿਤ ਸਿੰਘ ਜੀ ਨੂੰ ਹਾਦਸੇ



ਸੰਤ ਰਣਧੀਰ ਸਿੰਘ

ਨਾਲ ਪੂਰੇ ਹੋਇਆਂ ਹੁਣ ੨੦ ਸਾਲ ਹੋ ਗਏ ਹਨ) ਸਤਿਗੁਰੂ ਜੀ ਦੀ ਸੇਵਾ ਵਿਚ ਸਣੇ ਪਰਵਾਰ ਕੋਈ ਅਰਜ਼ ਕਰਨ ਆਏ ਹਨ। ਇਹ ਸੰਤ ਜੀ ਫਰੀਦਾਬਾਦ ਤੋਂ ਆਸਾ ਦੀ ਵਾਰ ਸੁਣਨ ਵਾਸਤੇ ਰਮੇਸ਼ ਨਗਰ ਆਏ ਸਨ। ਆਸਾ ਦੀ ਵਾਰ ਪਿਛੋਂ ਕੋਈ ਖਾਸ ਬੇਨਤੀ ਕਰਨ ਲਗੇ ਤਾਂ ਸਤਿਗੁਰਾਂ ਕੋਠੀ ਸੱਦ ਲਿਆ : ਉਥੇ ਚੱਲ ਕੇ ਗੱਲ ਸੁਣਾਂਗੇ। ਬੀਬੀ ਜਸਪਾਲ ਕੌਰ (ਸਪੁਤਰੀ ਸੰਤ ਅਮਰ ਸਿੰਘ ਕਲਕਤਾ, ਜੋ ਈ. ਐਮ. ਸੀ. ਵਿਚ ਮਸ਼ੀਨ ਉਪਰਟੇਰ ਹਨ) ਰਣਧੀਰ ਸਿੰਘ ਦੀ ਪਤਨੀ ਹੈ, ਤਿੰਨ ਲੜਕੀਆਂ ਅਜੇ ਛੋਟੀਆਂ ਛੋਟੀਆਂ ਹਨ, ਇਹ ਵੀ ਨਾਲ ਹਨ। ਇਕ ਲੜਕਾ ਵੀ ਸੀ ਪਰ ਉਹ ਗੁਜ਼ਰ ਗਿਆ ਹੈ। ਪਤਾ ਨਹੀਂ ਰਣਧੀਰ ਸਿੰਘ ਮਨ ਦੀ, ਤਨ ਦੀ ਜਾਂ ਧਨ ਦੀ ਕਿਹੜੀ ਵਿਅਸਥਾ ਦੱਸਣ ਲਈ ਸਤਿਗੁਰੂ ਜੀ ਪਾਸ ਅਪੜੇ ਹਨ।

ਰਣਧੀਰ ਸਿੰਘ ਦੇ ਪਿਤਾ ਜੀ ਮੰਡੀ ਹਿਮਾਚਲ ਵਿਚ ਕੰਮ ਕਰਦੇ ਸਨ। ਸਤਿਗੁਰਾਂ ਉਸਨੂੰ ਇਕ ਵਾਰ 'ਠੇਕੇਦਾਰ' ਕਹਿਕੇ ਸੰਬੋਧਨ ਕੀਤਾ ਸੀ ਤੇ, ਉਹ ਸਚ ਮੁਚ ਹੀ ਠੇਕੇਦਾਰ ਬਣ ਗਏ। ਪਰ ਕੁਦਰਤ ਨੂੰ ਇੰਜ ਹੀ ਮਨਜ਼ੂਰ ਸੀ ਉਹ ਕੁਝ ਹੀ ਸਾਲਾਂ ਬਾਦ ਹਾਦਸੇ ਦਾ ਸ਼ਿਕਾਰ ਹੋ ਗਏ।

ਥੋੜੇ ਚਿਰ ਪਿਛੋਂ ਠਾਕੁਰ ਸ਼ਮਸ਼ੇਰ ਸਿੰਘ ਜੀ ਦੇ ਮਾਮੇ ਸ੍ਰ. ਕਰਤਾਰ ਸਿੰਘ (ਪੱਥਰਾਂ ਵਾਲੇ) ਇਕ ਬਲਬੀਰ ਸਿੰਘ ਨਾਮੀ ਸਰਦਾਰ ਨਾਲ ਆਏ। ਸਤਿਗੁਰੂ ਜੀ ਆਰਾਮ ਕਰਨ ਲਈ ਅੰਦਰ ਗਏ ਹੀ ਸਨ ਕਿ ਸ੍ਰ. ਹਰਵਿੰਦਰ ਸਿੰਘ ਦੁਆਰਾ ਪਤਾ ਭੇਜਕੇ ਦਰਸ਼ਨਾਂ ਦਾ ਅਵਸਰ ਲੈ ਹੀ ਲਿਆ।

## ਖਿਮਾ

ਹਰਵਿੰਦਰ ਸਿੰਘ ਹੁਰਾਂ ਦੱਸਿਆ ਕਿ ਸਵੇਰੇ ਜਿਸ ਸੱਜਣ ਨੂੰ ਸ਼ਾਦੀ ਦੇ ਸੰਬੰਧ ਵਿਚ ੫੦੦੦/- ਡੰਨ ਲਗਾ ਸੀ ਉਸ ਨੂੰ ੪੦੦੦/- ਖਿਮਾ ਕਰ ਦਿਤਾ ਗਿਆ। ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਉਹ ਸਮਾਜਕ ਅਵੱਗਿਆ ਦੀ ਭਾਵਨਾ ਨੂੰ ਤਿਆਗੇ ਤਾਂ ਹੀ ਸੁਰ ਹੋ ਕੇ ਚੱਲਿਆ ਜਾ ਸਕਦਾ ਹੈ।

## ਰਮੇਸ਼ ਨਗਰ

ਸਤਿਗੁਰੂ ਜੀ ਰਮੇਸ਼ ਨਗਰ ਧਰਮਸਾਲਾ ਵਿਖੇ ੧.੪੫ ਵਜੇ (ਦੁਪਹਿਰੇ) ਪਧਾਰੇ। ਤਦ ਤਕ ਆਗਿਆ ਅਨੁਸਾਰ ਨਿਤਨੇਮ ਦਾ ਅਰਦਾਸਾ ਹੋ ਚੁਕਾ ਸੀ। ਜੁੜੀ ਹੋਈ ਸੰਗਤ ਨੇ ਪੰਕਤੀ ਬੱਧ ਹੋ ਕੇ ਆਪਣੇ ਪੂਜਯ ਦੇ ਚਰਨਾਂ ਪਰ ਆ-ਆ ਨਮਸਕਾਰ ਕੀਤੀ ਤੇ ਇਹ ਤਾਂਤਾ ਭੋਗ ਪੈਣ ਤਕ ਚਲਦਾ ਰਿਹਾ। ਆਦਿ ਗਰੰਥ ਸਾਹਿਬ ਦੀ ਬੀੜ ਪਾਲਕੀ ਸਮੇਤ ਅਤੇ ਕੜਾਹ ਪ੍ਰਸ਼ਾਦ ਲੈਕੇ ਸਿੰਘ ਦੀਵਾਨ ਵਿਚ ਆਏ ਤਾਂ ਜੈਕਾਰਾ ਗਜਾਕੇ ਉੱਠ ਕੇ ਸਤਿਕਾਰ ਕੀਤਾ ਗਿਆ। ਨਿਤਨੇਮ ਦੀ ਅਰਦਾਸ ਬਾਅਦ ਭੋਗ ਪੈਣ ਸ਼ੁਰੂ ਹੋ ਗਏ।

## ਸੁਰਿੰਦਰ ਸਿੰਘ 'ਸੁਮਨ'

ਇਸੇ ਦੌਰਾਨ ਸ੍ਰੀ ਗੁਰਦੇਵ ਸਿੰਘ ਸਰੋਦ ਰਾਹੀਂ ਗਣੇਸ਼ਪੁਰੇ ਦੇ ਨੌਜਵਾਨ ਸੁਰਿੰਦਰ ਸਿੰਘ ਨੇ ਇਕ ਸ਼ਬਦ ਪੜ੍ਹਨ (ਗਾਉਣ) ਦੀ ਸਿਫਾਰਸ਼ ਸਤਿਗੁਰੂ ਜੀ ਨੂੰ ਕਰਵਾਈ। ਜਾਂ ਸਤਿਗੁਰੂ ਜੀ ਨੇ ਸੁਰਿੰਦਰ ਸਿੰਘ (ਏਸੇ ਨੂੰ 'ਸੁਮਨ' ਕਿਹਾ



Sri Satguru Jagjit Singh Ji Elibrary NamdhariElibrary@gmail.com

ਜਾਂਦਾ ਹੈ) ਵਲ ਤਕਿਆ ਤਾਂ ਉਸਦੀ ਟੇਢੀ ਪੱਗ ਵੇਖ ਕੇ ਫ਼ਰਮਾਇਆ : ਪਹਿਲਾਂ ਇਹ ਸਿੱਧੀ ਦਸਤਾਰ ਬੰਨ੍ਹਕੇ ਆਵੇ। ਨੌਜਵਾਨ ਨੇ ਇਸਰਾਰ ਕੀਤਾ ਅਗੋਂ ਤੋਂ ਸਿੱਧੀ ਹੀ ਬੰਨ੍ਹਕੇ ਆਇਆ ਕਰੇਗਾ, ਇਸ ਵਾਰ ਇਵੇਂ ਹੀ ਪਰਵਾਨ ਕੀਤਾ



ਸ੍ਰੀ ਸੁਰਿੰਦਰ ਸਿੰਘ 'ਸੁਮਨ'

ਜਾਵੇ। ਸਤਿਗੁਰਾਂ ਪੁਛਿਆ : ਆਪਣੇ ਪਿਤਾ ਦਾ ਕਿਨਵਾਂ ਪੁੱਤਰ ਹੈਂ ?

"ਜੀ, ਪਹਿਲਾ :"

"ਤੇਰਾ ਪਿਤਾ ਗੁਜ਼ਰ ਗਿਆ ਹੈ, ਉਹ ਸਿੱਧੀ ਦਸਤਾਰ ਵਾਲਾ ਸੀ, ਤੂੰ ਉਸੇ ਦੀ ਪੱਗ ਬੰਨ੍ਹੀ ਹੈ, ਦਸਤਾਰ ਸਜਾ ਕੇ ਆ।" ਤੇ ਸਿਖ ਦਸਤਾਰ ਸਜਾਣ ਚਲਾ ਗਿਆ। ਇਹ ਲੜਕਾ ਸੰਤ ਊਧਮ ਸਿੰਘ ਵੈਦ ਦਾ ਸੀ। ਊਧਮ ਸਿੰਘ ਜੀ ਕਦੇ ਸ੍ਰੀਮਾਨ ਸੰਤ ਨਿਧਾਨ ਸਿੰਘ ਆਲਿਮ ਦੇ ਢੁਲਕਈਆ ਵੀ ਰਹੇ ਹਨ।

ਸੰਤ ਮੋਹਣ ਸਿੰਘ ਜੀ ਦਾ ਸੇਵਕ ਬੜੀ ਉਚੇਚ ਨਾਲ, ਇਕ ਚੱਦਰ ਵਿਚ ਆਪਣੇ ਆਪ ਨੂੰ ਢਕ ਕੇ ਕੋਲ ਬੈਠਾ ਭਜਨ ਕਰ ਰਿਹਾ ਸੀ ਤੇ ਸੰਤ ਅਮਰ ਸਿੰਘ ਨਿਰਮਾਣ, ਸ੍ਰ. ਹਰਦੇਵ ਸਿੰਘ ਅਤੇ ਸ. ਉੱਤਮ ਸਿੰਘ ਰਾਜੋਰੀ ਗਾਰਡਨ, ਇਸ ਮੇਲੇ ਦੇ ਨਮਿਤ ਨਮਸਕਾਰ ਕਰਨ ਹਿਤ ਸਤਿਗੁਰੂ ਜੀ ਦੇ ਚਰਨਾਂ ਵਿਚ ਭੇਟਾ ਲੈ ਕੇ ਆਏ । ਸਤਿਗੁਰੂ ਜੀ ਨੇ ਨਿਰਮਾਣ ਜੀ ਨਾਲ ਹੌਲੀ ਜਿਹੀ ਕੋਈ ਬਚਨ ਕੀਤਾ ਤੇ ੨.੧੫ ਵਜੇ ਪੂਰਬਾ ਦੁਆਰਾ ਅਰਦਾਸ ਹੋ ਕੇ ਸਮਾਪਤੀ ਹੋ ਗਈ।

## ਪਰਵਚਨ

ਸ੍ਰੀ ਸਤਿਗੁਰੂ ਜੀ ਨੇ ਇਸ ਮੇਲੇ ਤੇ ਜੋ ਪਰਵਚਨ ਦਿਤਾ ਉਸਦੀ ਸਾਰ ਇਹ ਹੈ ਕਿ ਸਤਿਗੁਰੂ ਪਾਸ ਬੰਦਾ ਮਨ ਦੇ ਸਾਰੇ ਵਲ ਕਢ ਕੇ ਆਵੇ ਤਾਂ ਉਹ ਅਭੇਦ ਹੋ ਜਾਂਦਾ ਹੈ ਪਰ ਜੇ ਹਉਂ ਦੇ ਵੱਸ ਪਿਆ ਲੋਕ ਵਖਾਵੇ ਲਈ ਜਤਨ ਕਰੇ ਤਾਂ ਛੇਤੀ ਹੀ ਉਸਦੀ ਕਮਜ਼ੋਰੀ ਲੋਕਾਂ ਸਾਹਵੇਂ ਆ ਜਾਂਦੀ ਹੈ। ਸਾਧ ਸੰਗਤ ਤੇ ਸਤਿਗੁਰੂ ਪਾਸ ਆਇਆਂ ਆਪਣੀ ਵਿਸ਼ੇਸ਼ਤਾ ਦਰਸਾਣੀ ਹਉਮੈ ਦੀ ਨਿਸ਼ਾਨੀ ਹੈ। ਸਤਿਗੁਰੂ ਨੂੰ ਕੋਈ ਆਪਣਾ ਸਮਝੇ ਜਾਂ ਨਾ ਪਰ ਸਤਿਗੁਰੂ ਸਭ ਨੂੰ ਹੀ ਅਪਣਾ ਸਮਝਦਾ ਹੈ। ਉਹ ਮਰਿਆਦਾ ਪੁਰਸ਼ੋਤਮ ਹੋਣ ਕਰਕੇ ਆਗਿਆਕਾਰਾਂ ਦਾ ਪੱਖ ਵੀ ਪੂਰਦਾ ਹੈ।

ਸੰਤ ਮੋਹਣ ਸਿੰਘ ਜੀ ਦਾ ਜ਼ਿਕਰ ਕਰਦਿਆਂ ਹਜ਼ੂਰ ਨੇ ਫ਼ਰਮਾਇਆ ਕਿ ਉਹਨਾਂ ਦੀ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਬੀਤਿਆ। ਬਹੁਤ ਸਮਾ ਉਹਨਾਂ ਬਹੁਤ ਵਧੀਆ ਢੰਗ ਨਾਲ ਸਤਿਗੁਰੂ ਦੇ ਹੁਕਮ ਮੰਨੇ। ਸੰਤਾਂ ਦੇ ਸੁਲੱਛਣ ਜੋ ਵੀ ਜ਼ਿੰਦਗੀ ਵਿਚ ਢਾਲਦਾ ਹੈ ਉਹੋ ਹੀ ਪਰਮਾਣੀਕ ਸੰਤ ਹੈ।

ਸਤਿਗੁਰੂ ਜੀ ਨੇ ਬੀਬੀਆਂ ਦੇ ਨਹੁੰਆਂ-ਹੋਠਾਂ ਆਦਿ ਦੇ ਰੰਗਣ ਨੂੰ ਰੋਕ ਪਾਣ ਲਈ ਇੰਗਲੈਂਡ ਦੇ ਮਿ: ਕੁੱਕ ਦੀ ਫਿਲਮ ਦਾ ਜ਼ਿਕਰ ਕਰ ਕੇ ਦਸਿਆ ਕਿ ਨਹੁੰਆਂ ਬੁੱਲ੍ਹਾਂ ਨੂੰ ਲਗਣ ਵਾਲੇ ਰੰਗ ਕੁਤੇ ਬਿਲੀਆ ਮਾਸ ਅਤੇ ਲਹੂ ਨਾਲ ਬਣਦੇ ਹਨ, ਸਾਡੇ ਲਈ ਇਹ ਚੰਗੇ ਨਹੀਂ। ਅਸੀਂ ਤਾਂ ਸਤਿਗੁਰੂ ਦੇ ਭਜਨ ਵਾਲਾ ਰੰਗ ਹੀ ਆਪਣੇ ਆਪ ਨੂੰ ਲਗਾਈਏ।

ਤੇ ਮੇਲੇ ਦੀ ਸਮਾਪਤੀ ਹੋ ਗਈ। ਸਤਿਗੁਰੂ ਜੀ ਏਥੋਂ ਸਾਹਿਬ ਪੁਰੇ ਨੂੰ ਪਧਾਰੇ। ਪਰਵਚਨ ਸਮੇਂ ਸਤਿਗੁਰੂ ਜੀ ਨੇ ਡਾ: ਅਮਰ ਭਾਰਤੀ ਤੇ ਮੈਨੂੰ ਆਪਣੇ ਪਿਛੇ ਬੈਠਿਆਂ ਵੇਖ ਵਿਨੋਦ ਨਾਲ ਕਿਹਾ : ਸੋਚਦਾ ਸਾਂ ਕਿਤੇ ਐਸਾ ਨ ਹੋਵੇ ਕਿ ਜਿਨ੍ਹਾਂ ਨੇ ਸਮਝਣਾ ਹੈ ਉਹ ਸਰੋਤੇ ਕਿਤੇ ਦੂਰ ਹੋਣ ਜਾਂ ਦੀਵਾਨ ਵਿਚ ਹੀ ਨ ਆਏ ਹੋਣ।

## ਸੁਮਨ

ਜਿਸ ਵੈਦ ਉਧਮ ਸਿੰਘ ਦੇ ਲੜਕੇ ਨੂੰ ਸਿੱਧੀ ਦਸਤਾਰ ਬੰਨ੍ਹਣ ਲਈ ਭੇਜਿਆ ਸੀ, ਉਸਦੇ ਆਉਣ ਤੇ ਉਸਨੂੰ ਆਗਿਆ ਹੋਈ ਕਿ ਕੋਠੀ ਚਲ ਕੇ ਸੁਣਾਂਗੇ। ਗੁਰਦੇਵ ਸਿੰਘ ਸਰੋਦ ਨੇ ਫਿਰ ਸਿਫ਼ਾਰਸ਼ ਕੀਤੀ : ਉਹਦੀ ਤਮਨਾ ਸੀ ਸਾਧ ਸੰਗਤ ਵਿਚ ਗੌਂਵਿਆਂ ੨੫-੩੦ ਰੁਪਏ ਹੋ ਜਾਣਗੇ। ਸਤਿਗੁਰਾਂ ਬਚਨ ਕੀਤਾ : ਅਸੀਂ ੫੦/- ਦੇ ਦਿਆਂਗੇ।

## ਵਰਿਆਮ



Sri Satguru Jagjit Singh Ji Elibrary NamdhariElibrary@gmail.com

## ਕਪੂਰ-ਮਿਲਣੀ

ਸਾਹਿਬ ਪੁਰਿਓਂ ਆਣ ਕੇ ਸ੍ਰ. ਹਰਵਿੰਦਰ ਸਿੰਘ ਹੰਸਪਾਲ ਦੇ ਘਰ ਸ੍ਰੀ ਯਸ਼ਪਾਲ ਕਪੂਰ ਨਾਲ ਮਿਲਣੀ ਦਾ ਪ੍ਰਬੰਧ ਸੀ। ਹੰਸਪਾਲ ਨੇ ਮੈਨੂੰ ਦਸਿਆ ਕਿ ਸ੍ਰੀ ਮਤੀ ਇੰਦਰਾ ਗਾਂਧੀ ਕਾਂਗਰਸ ਪਾਰਲੀਮੈਂਟਰੀ ਕਮੇਟੀ ਵਿਚੋਂ ਅਸਤੀਫ਼ਾ ਦੇ ਚੁਕੇ ਹਨ, ਖ਼ਬਰਾਂ ਕੱਲ ਆਉਣਗੀਆਂ। ਇੰਦਰਾਂ ਜੀ ਕਾਂਗਰਸ ਨੂੰ ਨਵੇਂ ਸਿਰਿਓਂ ਜਥੇਬੰਦ ਕਰਨਗੇ। ਆਦਿ।

ਜਦੋਂ ਸ੍ਵਾਮੀ ਸਤਿਗੁਰੂ ਜੀ ੧੧/੧੦ ਪੂਸਾ ਰੋਡ ਪਹੁੰਚੇ ਅਸੀਂ ਕੁਛ ਆਦਮੀ ਆਪਦਾ ਇੰਤਜ਼ਾਰ ਕਰ ਰਹੇ ਸਾਂ : ਡਾ: ਅਮਰ ਭਾਰਤੀ, ਸ੍ਰੀ ਪ੍ਰੀਤਮ ਸਿੰਘ ਪੰਛੀ, ਸ੍ਰੀ ਹਰਭਜਨ ਸਿੰਘ ਸਿਤਾਰ, ਸ੍ਰੀ ਗੁਰਦੇਵ ਸਿੰਘ ਸਰੋਦ, ਸੰਤ ਗੁਰਦੇਵ ਸਿੰਘ ਡਾਲਟਨ ਗੰਜ, ਲਾਲ ਜੀ (ਸੇਠ-ਸਪੁਤਰ) ਅਤੇ ਸੁਰਿੰਦਰ ਸਿੰਘ ਜਿਨੇ ਸ਼ਬਦ ਸੁਣਾਨਾ ਸੀ ਗਾਕੇ।

ਸਤਿਗੁਰੂ ਜੀ ਦੀ ਸੇਵਾ ਵਿਚ ਸੁਰਿੰਦਰ ਸਿੰਘ ਨੇ ਪਹਿਲਾਂ ਗੁਰਦੇਵ ਸਿੰਘ ਦੀ ਸਿਫਾਰਸ਼ ਤੇ ਦੋ ਹੋਰ ਚੀਜ਼ਾਂ ਸੁਣਾਈਆਂ ਫਿਰ ਇਕ ਸ਼ਬਦ ਸੁਣਾਇਆ। ਇਸਦਾ ਗਲੇ ਤੇ ਕੰਟਰੋਲ ਹੈ ਸੰਗੀਤ ਪੱਧਤੀ ਦੇ ਇਰਾਦਿਆਂ, ਤੇਜ਼ ਸੁਰੀ-ਲੀਆਂ ਸੁਰਾਂ ਤਾਨਾਂ ਭਰੀਆਂ ਮੁਰਕੀਆਂ ਆਦਿ ਨਾਲ ਪ੍ਰਭਾਵ-ਸ਼ਾਲੀ ਮੰਨਿਆਂ। ਇਸਦੇ ਸਬੰਧ ਵਿਚ ਅਸਾਂ ਸਿਫਾਰਸ਼ੀਆਂ ਦੀ ਗੱਲ ਬਾਤ ਸੁਣ ਸਤਿਗੁਰਾਂ ਫਰਮਾਇਆ : ਗੁਰਬਾਣੀ ਯਾਦ ਕਰੇ, ਸੰਗਤ ਵਿਚ ਆਇਆ ਕਰੇ, ਕੀਰਤਨ ਵਿਚ ਭਾਗ ਲਵੇ, ਵਿਆਹ ਵੀ ਹੋ ਜਾਵੇਗਾ।

ਸਤਿਗੁਰੂ ਜੀ ਯੂ. ਪੀ. ਦੇ ਦੌਰੇ ਵਾਸਤੇ ਸ਼ਾਹਜਹਾਨ ਪੁਰ ਜਾਣ ਵਾਸਤੇ ਨਵੀਂ ਦਿਲੀ ਸਟੇਸ਼ਨ ਲਈ ਚਲੇ। ਤਿੰਨ ਕਾਰਾਂ ਆਪ ਦੀ ਕਾਰ ਦੇ ਪਿਛੇ ਸਨ। ਬਹੁਤ ਸਾਰੇ ਪ੍ਰਤਿਸ਼ਠਤ ਨਾਮਧਾਰੀ ਸਟੇਸ਼ਨ ਤੇ ਵਿਦਾ ਕਰਨ ਲਈ ਹੋਰ ਵੀ ਆਏ। ੯ ਵਜੇ ਰਾਤ ਤੋਂ ੯.੫੦ ਤਕ ਸਤਿਗੁਰਾਂ ਸਟੇਸ਼ਨ ਉਤੇ ਪਹਿਲਾਂ ਪੁਲ ਤੇ ਫਿਰ ਪਲੇਟ ਫਾਰਮ ਤੇ ਸੰਗਤ ਨੂੰ ਦਰਸ਼ਨ ਦਿੰਦਿਆਂ ਵਖ ਵਖ ਵਿਅਕਤੀਆਂ ਨਾਲ ਨਾਲ ਇਕਾਂਤ ਖਲੋ ਬਚਨ ਕੀਤੇ। ਅਜਿਹੇ ਸਮੇਂ ਆਪ ਮਿੰਟ ਮਿੰਟ ਦਾ ਲਾਭ ਉਠਾ ਲੈਂਦੇ ਹਨ। ਡਾ: ਅਮਰ ਭਾਰਤੀ ਤੇ ਤੇ ਪ੍ਰੀਤਮ ਸਿੰਘ ਪੰਛੀ ਲੇਖਕ ਵਰਗ ਵਿਚੋਂ ਕੋਲ ਸਨ। ਡਾ: ਅਮਰ ਭਾਰਤੀ ਨੇ ਇਕ ਮਸਲੇ ਆਦਿ ਗਰੰਥ ਚੋਂ ਕੁਝ ਪ੍ਰਮਾਣ ਮੰਗੇ ਤਾਂ ਸਤਿਗੁਰੂ ਜੀ ਨੇ ਮਹਾਰਾਜ ਜੀ ਦੇ ਜ਼ਿਮੇ ਲਾਇਆ ਕਿਉਂਕਿ ਆਪ ਤਾਂ ਬਸ ਹੁਣ ਜਾ ਹੀ ਰਹੇ ਸਨ।

ਸਟੇਸ਼ਨ ਤੇ ਆਉਣੋਂ ਪਹਿਲਾਂ; ਸਤਿਗੁਰੂ ਜੀ ਨੇ ਮੋਹਣ ਸਿੰਘ-ਸੁਖਦੇਵ ਸਿੰਘ-ਸੁਰਿੰਦਰ ਤੋਂ ਇਕ ਬਸੰਤ ਦਾ ਸ਼ਬਦ ਵੀ ਸੁਣਿਆ। ਸਤਿਗੁਰਾਂ ਮਹਾਰਾਜ ਬੀਰ ਸਿੰਘ ਜੀ ਦੇ ਜ਼ਿਮੇ ਇਹ ਲਾਇਆ ਹੋਇਆ ਸੀ ਕਿ ਉਹ ਜਦੋਂ ਵੀ ਦਿੱਲੀ ਆਇਆ ਕਰਨ ਬੱਚਿਆਂ ਨੂੰ ਸ਼ਬਦ ਜ਼ਰੂਰ ਸਿਖਾ-ਇਆ ਕਰਨ।

ਵਿਦਾ ਕਰਨ ਆਏ ਠਾਕੁਰ ਸ਼ਮਸ਼ੇਰ ਸਿੰਘ ਜੀ ਤੇ ਉਹਨਾਂ ਦੀ ਸਪੁਤਨੀ ਬੀਬੀ ਗੁਰਸ਼ਰਨ ਕੌਰ ਨੂੰ ਰੇਲਵੇ ਪੁਲ ਤੇ ਖਲੋਤਿਆਂ ਮੈਂ ਆਖਿਆ : ਐਤਕਾਂ ਸਤਿਗੁਰਾਂ ਤੁਹਾਡੀ ਦਿੱਲੀ ਵਿਚ ਬੜੀ ਉਡੀਕ ਕੀਤੀ, ਤੁਸੀਂ ਕਦੋਂ ਆਏ? ਉਹਨਾਂ ਸੁਭਾਵਕ ਨਮਰਤਾ ਨਾਲ ਉਤਰ ਦਿਤਾ : ਸਤਿਗੁਰੂ ਜੀ ਦੀ ਬੜੀ ਕ੍ਰਿਪਾ ਹੈ, ਉਹ ਚੇਤੇ ਵਿਚ ਰਖ ਕੇ ਨਿਵਾਜਦੇ ਹਨ।

ਠਾਕਰ ਜੀ ਨੇ ਦੱਸਿਆ ਕਿ ਉਹ ੧੫ ਤਾਰੀਖ ਨੂੰ ਬੰਬਈਓਂ ਆਏ ਸਨ ਤੇ ੧੬ ਨੂੰ ਕੋਠੀ ਜਾਕੇ ਉਹਨਾਂ ਦਰਸ਼ਨ ਕੀਤੇ। ਇਸ ਤੋਂ ਪਿਛੋਂ ਅੱਜ ਹੀ ਅਵਸਰ ਮਿਲਿਆ ਹੈ।

ਜਦੋਂ ਪਲੇਟਫਾਰਮ ਤੇ ਆਏ ਤਾਂ ਠਾਕੁਰ ਜੀ ਨੇ ਮੇਰੇ ਨਾਲ ਗੱਲ ਬਾਤ ਕਰਦਿਆਂ ਆਖਿਆ : ਜੇ ਵੱਡਿਆਂ ਦਾ ਡਰ ਅਤੇ ਆਦਰ ਬੰਦਾ ਮਨ ਵਿਚ ਰਖੇ ਤਾਂ ਧੋਖਾ ਨਹੀਂ ਖਾਂਦਾ, ਸੌਖਾ ਰਹਿੰਦਾ ਹੈ। ਉਹਨਾਂ ਦੀ ਇਹ ਚੰਗੀ ਭਾਵਨਾ ਮੈਂ ਸਤਿਗੁਰਾਂ ਦੇ ਪੇਸ਼ ਕੀਤੀ ਤਾਂ ਆਪ ਨੇ ਫ਼ਰ-ਮਾਇਆ : ਇਹਨਾਂ ਦੋਹਾਂ ਜੀਆਂ ਤੇ ਸਤਿਗੁਰਾਂ ਦੀ ਬੜੀ ਕ੍ਰਿਪਾ ਹੈ।

ਯੂ. ਪੀ. ਦੇ ਨਾਮਧਾਰੀ ਕਿਸਾਨਾਂ ਦੀ ਅਰਜ਼ ਤੇ ੨੦, ੨੧, ੨੨ ਅਤੇ ੨੩ ਦਸੰਬਰ ਤਕ ਉਹਨਾਂ ਦੇ ਫਾਰਮਾਂ ਦਾ ਦੌਰਾ ਕਰਨਾ ਹੈ। ਲਖਨਊ ਮੇਲ ਰਾਹੀਂ ਸ੍ਰੀ ਹਜ਼ੂਰ ਤੇ ਆਪ ਦਾ ਜਥਾ ਸਿੱਧਾ ਲਖਨਊ ਹੀ ਜਾਵੇਗਾ। ਗੱਡੀ ਦੇ ਤੁਰਨ ਸਮੇਂ ਫਸਟ ਕਲਾਸ ਦੇ ਡੱਬੇ ਦੇ ਦਰਾਂ ਵਿਚ ਖੋਲ ਕੇ ਸੰਗਤ ਦੀਆਂ ਨਮਸਕਾਰਾਂ ਪਰਵਾਨ ਕੀਤੀਆਂ। ਅਤੇ ਜੈਕਾਰਿਆਂ ਦੀ ਦੀ ਧੁਨ ਵਿਚ ੯.੫੦ ਵਜੇ ਗੱਡੀ ਛੁਕ ਛੁਕ ਕਰਕੇ ਤੁਰਦੀ ਪਲੇਟ ਫਾਰਮ ਛਡ ਤੁਰੀ।

ਸਤਿਗੁਰੂ ਜੀ ਨੂੰ ਵਿਦਾ ਕਰਕੇ ਦੋ ਕਾਰਾਂ ਦੇ ਸਿੰਘ, ਜਿਨ੍ਹਾਂ ਵਿਚੋਂ ਮੈਂ ਵੀ ਸਾਂ, ਠਾਕੁਰ ਜੀ ਨਾਲ ਉਹਨਾਂ ਦੇ ਛੋਟੇ ਭਾਈ ਵਲਭ ਵਿਸ਼ੇਸ਼ਰ ਸਿੰਘ ਜੀ ਦੇ ਘਰ ਆਏ। ਮਹਾਰਾਜ ਨਿਹਾਲ ਸਿੰਘ ਜੀ ਦੇ ਇਸ ਛੋਟੇ ਲੜਕੇ ਦੇ ਘਰ

ਵਰਿਆਮ



Sri Satguru Jagjit Singh Ji Elibrary NamdhariElibrary@gmail.com

ਸਰਦਾਰ ਗੁਰਚੈਨ ਸਿੰਘ ਨੈਰੋਬੀ ਵੀ ਪਹੁੰਚੇ। ਵਿਸ਼ੇਸਰ ਸਿੰਘ ਜੀ ਦੇ ਘਰ ਉਹਨਾਂ ਦੀ ਛੋਟੀ ਭੈਣ ਹੈ। ਗੁਰਚੈਨ ਸਿੰਘ ਹੁਰਾਂ ਨੈਰੋਬੀ ਜਾਣ ਲਈ ਸਵੇਰੇ ਬੰਬਈਓਂ ਜਹਾਜ਼ ਫੜਨਾ ਹੈ।

### ੨੦ ਦਸੰਬਰ ੧੯੭੭ ਮੰਗਲਵਾਰ
### ਨਵੀਂ ਦਿੱਲੀ

**ਬੰਬਈ ਵਿਚ ਸੰਗੀਤ**

ਸ੍ਰੀ ਗੁਰਦੇਵ ਸਿੰਘ ਸਰੋਦ ਤੋਂ ਪਤਾ ਲਗਾ ਕਿ ਬੰਬਈ ਦੇ ਨਾਮਧਾਰੀ ਸਿੰਘਾਂ ਵਲੋਂ ਸ਼ਾਸਤਰੀ ਸੰਗੀਤ ਦਾ ਇਕ ਆਯੋਜਨ ੧੧,੧੨,੧੩ ਅਤੇ ੧੪ ਮਾਰਚ ਵਿਚਾਲੇ ਕਿਸੇ ਦਿਨ ਬੰਬਈ ਵਿਚ ਹੋਵੇਗਾ। ਮਹਾਰਾਜ ਬੀਰ ਸਿੰਘ ਹੁਰਾਂ ਨਾਲ ਤੈ ਕਰਕੇ ਗੁਰਦੇਵ ਸਿੰਘ ਨੇ ਕਲਾਕਾਰਾਂ ਦੀ ਫਹਿਰਿਸਤ ਮੁਕੰਮਲ ਕੀਤੀ ਹੈ। ਮਹਾਰਾਜ ਜੀ ਨੇ ਕਿਹਾ ਹੈ ਕਿ ਖਰਚਾ ੫੦ ਹਜ਼ਾਰ ਦੇ ਅੰਦਰ ਹੀ ਰਹਿਣਾ ਚਾਹੀਦਾ ਹੈ। ਗੁਰਦੇਵ ਸਿੰਘ ਨੇ ਸਪਸ਼ਟ ਕੀਤਾ ਕਿ ਪਰਸੋਂ ਯੂ. ਪੀ. ਦੇ ਦੌਰੇ ਤੇ ਜਾਂਦਿਆਂ ਸਤਿਗੁਰੂ ਜੀ ਮਹਾਰਾਜ ਜੀ ਨੂੰ ਇਸ ਸੰਗੀਤ ਸਮੇਲਨ ਦੀ ਤਿਆਰੀ ਦਾ ਆਦੇਸ਼ ਦੇ ਗਏ ਸਨ।

**੧੦ਵੀਂ ਸ਼ਾਖਾ**

ਸਵਾ ਲੱਖ ਪਾਠਾਂ ਦੇ ਇਨਚਾਰਜ ਸੰਤ ਸਤਨਾਮ ਸਿੰਘ ਰਮੇਸ਼ ਨਗਰ, ਨਵੀਂ ਦਿੱਲੀ ਤੋਂ ਮਾਲੂਮ ਹੋਇਆ ਕਿ ਉਤਮ ਨਗਰ ਲਾਗੇ ਨਵਾਦਾ ਪਿੰਡ ਵਿਚ ਟਰੇਡਰਜ਼ ਬੈਂਕ ਦੀ ਇਕ ਹੋਰ ਸ਼ਾਖਾ ਦਾ ਉਦਘਾਟਨ ਸੇਠ ਤ੍ਰਿਲੋਕ ਸਿੰਘ ਦੁਆਰਾ ਕੀਤਾ ਗਿਆ। ਇਹ ਇਸ ਬੈਂਕ ਦੀ ੧੦ਵੀਂ ਬਰਾਂਚ ਹੋਵੇਗੀ। ਇਸ ਦੇ ਅਰੰਭ ਤੋਂ ਪਹਿਲੋਂ ਨਾਮਧਾਰੀ ਸਿੰਘਾਂ ਵਲੋਂ ਵਿਧੀਵਤ ਹਵਨ ਯਗ ਤੇ ਪੂਜਾ ਪਾਠ ਕੀਤਾ ਗਿਆ।

### ੨੧ ਦਸੰਬਰ ੧੯੭੭ ਬੁੱਧਵਾਰ
### ਨਵੀਂ ਦਿੱਲੀ

ਰਾਤੀਂ ੭ ਵਜੇ ਦੇ ਲਾਗੇ ਚਾਗੇ ਅਜੀਤ ਸਿੰਘ ਨਾਮ ਦਾ ਇਕ ਲੜਕਾ ਸਾਡੇ ਘਰ ਆਇਆ ਜਿਸ ਨੇ ਸ: ਮਹਿੰਦਰ ਬੱਲ, ਨਕੋੜਾ ਦਾ ਇਕ ਰੁੱਕਾ ਦਿਤਾ ਜਿਸ ਤੇ ਲਿਖਿਆ ਸੀ ਕਿ ੨੩ ਦਸੰਬਰ ੧੯੭੭ ਨੂੰ ਸਰਸੇ ਵਿਖੇ ਡੀ. ਸੀ. ਨੂੰ ਇਕ ਅਰਜ਼ਦਾਸ਼ਤ ਦੇਣ ਲਈ ਤੇ ਇਸ ਤੋਂ ਪਹਿਲਾਂ ਇਕ ਜਲਸਾ ਕਰਨ ਲਈ, ਇਲਾਕੇ ਭਰ ਦੇ ਨਾਮਧਾਰੀ ਜੁੜ ਰਹੇ ਰਹੇ ਹਨ ਕਿ ਨਾਮਧਾਰੀਆਂ ਤੇ ਝੂਠੇ ਕੇਸ ਬਣਾਏ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਜਲਸੇ ਵਿਚ ਪਹੁੰਚਣ ਬਾਰੇ ਮੈਨੂੰ ਲਿਖਿਆ ਗਿਆ ਹੈ। ਮਹਾਰਾਜ ਬੀਰ ਸਿੰਘ ਜੀ ਨੇ ਵੀ ਮੇਰਾ ਪਹੁੰਚਣਾ ਜ਼ਰੂਰੀ ਦੱਸਕੇ ਆਪਣੇ ਦਸਤਖ਼ਤ ਕੀਤੇ ਹੋਏ ਸਨ। ਸੋ ਮੈਂ ਉਸੇ ਵੇਲੇ ਅਟੈਚੀਕੇਸ ਫੜਾ ਲਿਆ ਤੇ ਕਲ ਸਵੇਰੇ ੮ ਵਜੇ ਤੜ੍ਹ ਸਰਸਾ ਲਈ ਬਸ ਫੜਨ ਦਾ ਇਰਾਦਾ ਬਣਾ ਲਿਆ।

### ੨੨ ਦਸੰਬਰ ੧੯੭੭ ਵੀਰਵਾਰ
### ਰਾਣੀਆਂ (ਸਰਸਾ)

**ਸਾਹਿਬ ਸਿੰਘ ਪਰਵਾਰ**

੨.੩੦ ਵਜੇ ਦੁਪਹਿਰੇ ਸਰਸੇ ਪਹੁੰਚ ਗਿਆ। ਧਰਮ-ਸਾਲਾ ਪਹੁੰਚ ਸ੍ਰ. ਮਹਿੰਦਰ ਸਿੰਘ ਬੱਲ ਆਦਿ ਨੂੰ ਮਿਲਣਾ ਚਾਹਿਆ ਪਰ ਉਹਨਾਂ ਚੋਂ ਕੋਈ ਵੀ ਨ ਮਿਲ ਸਕਿਆ। ਆਪਣੇ ਆਉਣ ਦੀ ਸੂਚਨਾ ਦੇ ਕੇ ਮੈਂ ਆਰਾਮ ਤੇ ਮਿਲਣ ਦੀ ਗਰਜ਼ ਨਾਲ ਆਪਣੀ ਵੱਡੀ ਲੜਕੀ ਉਪਦੇਸ਼ ਤੇ ਜੁਆਤਰੇ ਬਲਬੀਰ ਸਿੰਘ ਢਿਲੋਂ ਕੋਲ ਰਾਣੀਆ ਆ ਗਿਆ।

ਇਹਨਾਂ ਪਾਸ ਬੈਠਿਆਂ ਇਕ ਸੱਜਣ ਸ੍ਰੀ ਧਿਆਨ ਸਿੰਘ (੫੦) ਸਪੁਤਰ ਸੰਤ ਸਾਹਿਬ ਸਿੰਘ (੮੦) ਜੋ ੯੫ ਚਕ ਜ਼ਿਲਾ ਸਰਗੋਧਾਂ ਤੋਂ ਉੱਜੜ ਕੇ ਬਠਿੰਡਾ ਜ਼ਿਲਾ ਦੇ ਭਾਈ ਕੇ ਦਿਆਲਪੁਰੇ ਦੇ ਅਲਾਟੀ ਬਣੇ ਤੇ ਹੁਣ ਇਹ ਉਹ ਜ਼ਮੀਨ ਵੇਚ ਕੇ ਉਸੇ ਰਕਮ ਨਾਲ ੧੯੭੨ ਤੋਂ ਰਾਣੀਆਂ ਵਿਚ ਜ਼ਮੀਨ ਖਰੀਦ ਕੇ ਖੇਤੀਬਾੜੀ ਕਰਦੇ ਹਨ। ਇਹ ਤਿੰਨ ਪੀੜ੍ਹੀਆਂ ਤੋਂ ਨਾਮਧਾਰੀ ਹਨ।

ਸਾਹਿਬ ਸਿੰਘ (੮੦) ਜੀ ਦੀ ਹੇਠ ਲਿਖੇ ਅਨੁਸਾਰ ਸੰਤਾਨ ਹੈ :

੧. ਸ੍ਰੀ ਦੀਦਾਰ ਸਿੰਘ (੫੩)
੨. ਸ੍ਰੀ ਧਿਆਨ ਸਿੰਘ (੫੦)
੩. ਬੀਬੀ ਵੀਰੋ (੪੮)
੪. ਸ੍ਰੀ ਮਸਤਾਨ ਸਿੰਘ (੪੫)
੫. ਸ੍ਰੀ ਗਿਆਨ ਸਿੰਘ (੪੩)
੬. ਸ੍ਰੀ ਰਣਧੀਰ ਸਿੰਘ (੪੦)

ਸ੍ਰੀ ਧਿਆਨ ਸਿੰਘ ਤੋਂ ਮੈਂ ਉਹ ਹਾਲਾਤ ਜਾਣਨੇ ਚਾਹੇ ਜਿਹੜੇ ਨਾਮਧਾਰੀ ਇਲਾਕੇ ਵਿਚ ਵਾਪਰ ਰਹੇ ਹਨ।


Sri Satguru Jagjit Singh Ji Elibrary NamdhariElibrary@gmail.com

ਉਸ ਨੇ ਦੱਸਿਆ ਕਿ ਇਸ ਇਲਾਕੇ ਦੇ ਚੰਦ ਆਦਮੀ ਵਿਗੜੇ ਹੋਏ ਹਨ ਜਿਨ੍ਹਾਂ ਨੂੰ ਚੋਧਰੀ ਦੇਵੀ ਲਾਲ ਮੁਖ ਮੰਤਰੀ ਹਰਿਆਣਾ ਦੀ ਸ਼ਹਿ ਹੈ ਤੇ ਉਹਨਾਂ ਦੇ ਹੋ-ਹੱਲੇ ਕਾਰਨ ਨਾਮ-ਧਾਰੀਆਂ ਨੂੰ ਝੂਠੇ ਕੇਸਾਂ ਤੇ ਕਈ ਤਰ੍ਹਾਂ ਦੇ ਢੰਗ ਤਰੀਕਿਆਂ ਨਾਲ ਪ੍ਰੇਸ਼ਾਨ ਕੀਤਾ ਜਾਂਦਾ ਹੈ। ਅਤੇ ਚੰਗੀ ਗੱਲ ਇਹ ਹੈ ਕਿ ਪੁਲਿਸ ਵਾਲੇ ਉਹਨਾਂ ਦਾ ਕਹਿਆ ਏਨਾਂ ਨਹੀਂ ਮੰਨਦੇ।

ਸ੍ਰੀ ਧਿਆਨ ਸਿੰਘ ਨੇ ਇਸ ਨਾਲ ਸੰਬੰਧਤ ਹੋਰ ਕਈ ਗੱਲਾਂ ਸੁਣਾਈਆਂ।

## ੨੩ ਦਸੰਬਰ ੧੯੭੭ ਸ਼ੁਕਰਵਾਰ
## ਸਰਸਾ

### ਜਲਸਾ ਤੇ ਜਲੂਸ ਸਰਸਾ

ਅੱਗੇ ਤਾਂ ਨਾਮਧਾਰੀ ਕੇਵਲ ਧਾਰਮਿਕ ਦੀਵਾਨ ਹੀ ਲਗਾਂਦੇ ਸਨ ਜਿਸ ਵਿਚ ਸ੍ਰੀ ਸਤਿਗੁਰੂ ਜੀ ਦਰਸ਼ਨ ਦਿੰਦੇ ਸਨ, ਕਥਾ ਕੀਰਤਨ ਤੇ ਭਜਨ ਸਿਮਰਨ ਹੁੰਦਾ ਸੀ ਪਰ ਅਜ ਸਰਸੇ ਵਿਚ ਨਾਮਧਾਰੀਆਂ ਵਲੋਂ ਇਕ ਜਲਸਾ ਹੋਵੇਗਾ ਜਿਸ ਵਿਚ ਗੱਲਾਂ ਪੁਲੀਟੀਕਲ ਢੰਗ ਦੀਆਂ ਹੋਣਗੀਆਂ ਤੇ ਆਪਣੇ ਨਾਲ ਹੋ ਰਹੀ ਸਰਕਾਰੀ ਜ਼ਿਆਦਤੀ ਦੀ ਚਰਚਾ ਹੋਵੇਗੀ।

ਰਾਣੀਆਂ ਤੋਂ ਸਵੇਰੇ ੮ ਵਜੇ ਚਲਿਆ। ਸਬਬ ਨਾਲ ਬਸ ਦੇ ਸਫਰ ਵਿਚ ਹੀ ਮੈਨੂੰ ਉਹ ਮੁਖ ਵਿਰੋਧ ਦੀ ਸੁਰ ਮਿਲ ਪਈ ਜਿਸ ਨੂੰ ਹਰਿਆਣਾ ਦੇ ਮੁਖ ਮੰਤਰੀ ਚੋਧਰੀ ਦੇਵੀ ਲਾਲ ਦੀ ਭਰਪੂਰ ਸ਼ਹਿ ਪ੍ਰਾਪਤ ਸੀ। ਆਵਾਜ਼ ਸੀ : ਹੁਣ ਅਸਾਂ ਮਹਾਰਾਜ ਦਾ ਬੋਰੀਆ ਬਿਸਤਰਾ ਬਨ੍ਹਵਾ ਦਿਤਾ ਹੈ, ਚੁਕਣ ਵੀ ਨਹੀਂ ਦੇਣਾ, ਹੁਣ ਬੰਗਲੌਰ ਹੀ ਘੱਲਾਂਗੇ।

ਕਿਉਂਕਿ ਚੋਧਰੀ ਦੇਵੀ ਲਾਲ ਹੁਰਾਂ ਸਵਾਰਥੀਆਂ ਨੂੰ ਪਰੇਰ ਕੇ ਸਤਿਗੁਰੂ ਜੀ, ਉਨ੍ਹਾਂ ਦੇ ਛੋਟੇ ਭਾਈ ਮਹਾਰਾਜਾ ਬੀਰ ਸਿੰਘ ਜੀ ਤੇ ਭਤੀਜੇ ਠਾਕੁਰ ਦਲੀਪ ਸਿੰਘ ਦੇ ਚੋਰੀ, ਡਾਕੇ ਤੇ ਕਤਲ ਤਕ ਦੇ ਕੇਸ ਬਣਵਾਏ ਹੋਏ ਸਨ। ਇਹਨਾਂ ਨੂੰ ਯਕੀਨ ਸੀ ਕਿ ਨਿਆਇ ਪ੍ਰਬੰਧ ਤੇ ਦਬਾਉ ਪਾਕੇ ਜੇਲ ਵਿਚ ਤਾਂ ਜ਼ਰੂਰ ਘੱਲਿਆ ਜਾ ਸਕੇਗਾ।

੧੦.੩੦ ਵਜੇ ਤਕ ਸਰਸੇ ਦੇ ਨਹਿਰੂ ਪਾਰਕ ਵਿਚ ਨਾਮਧਾਰੀ ਸੰਗਤਾਂ ਕਾਫ਼ੀ ਗਿਣਤੀ ਵਿਚ ਇਕੱਤਰ ਹੋ ਗਈਆਂ। ਸਰਸਾ ਜ਼ਿਲੇ ਦੇ ਸਾਰੇ ਹੀ ਪਿੰਡਾਂ ਦੇ ਨਾਮਧਾਰੀਆਂ ਦਾ ਪ੍ਰਤੀਨਿਧ ਇਕੱਠ ਸੀ। ਮਾਸਟਰ ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਅਤੇ "ਸਤਿਜੁਗ" ਅਖ਼ਬਾਰ ਦੇ ਵਰਤਮਾਨ ਸੰਪਾਦਕ ਸੰਤ ਆਤਮਾ ਸਿੰਘ ਦੇ ਸਟੇਜ ਸੰਭਾਲਣ ਨਾਲ ੧੨.੩੦ ਵਜੇ ਜਲਸੇ ਦੀ ਕਾਰਵਾਈ ਸ਼ੁਰੂ ਹੋਈ। ਇਕ ਵਜਣ ਤਕ ੫੦੦੦ ਤੇ ਦੋ ਵਜਣ ਤਕ ੬੦੦੦ ਤਕ ਦੀ ਠੋਸ ਹਾਜ਼ਰੀ ਹੋ ਗਈ।

ਜਲਸੇ ਵਿਚ ਨਾਮਧਾਰੀ ਵਕਤਿਆਂ ਨੇ ਇਹ ਦੁਖ ਪਰਗਟ ਕੀਤਾ ਕਿ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਅਤੇ ਠਾਕੁਰ ਦਲੀਪ ਸਿੰਘ ਜੀ ਨੂੰ ਝੂਠੇ ਕੇਸਾਂ ਵਿਚ ਚੋਧਰੀ ਲਾਲ ਮੁਖ ਮੰਤਰੀ ਹਰਿਆਣਾ ਦੀ ਸ਼ਹਿ ਤੇ ਫਸਾਇਆ ਜਾ ਰਿਹਾ ਹੈ, ਅਤੇ ਸਰਕਰਦਾ ਨਾਮਧਾਰੀਆਂ ਉਤੇ ਵੀ ਕੂੜ ਘਾੜਤਾਂ ਦੁਆਰਾ ਮੁਕਦਮੇ ਖੜੇ ਕੀਤੇ ਜਾ ਰਹੇ ਤੇ ਧੱਕਾ ਜ਼ੋਰੀ ਹੋ ਰਹੀ ਹੈ। ਨਾਮਧਾਰੀ ਇਸ ਧੱਕੇ ਸ਼ਾਹੀ ਦੇ ਟਾਕਰੇ ਹਿਤ ਜਾਨ ਤਕ ਦੀ ਬਾਜ਼ੀ ਲਗਾ ਦੇਣਗੇ। ਇਸ ਮਸਲੇ ਤੇ ਗਿਆਨੀ ਗੁਰਦਿਆਲ ਸਿੰਘ ਮਾਲਿਕ-ਸੰਪਾਦਕ ਸਤਿਜੁਗ, ਮਾਸਟਰ ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ, ਜਥੇ-ਦਾਰ ਇੰਦਰ ਸਿੰਘ ਸਰਸਾ, ਸ੍ਰ. ਪ੍ਰੀਤਮ ਸਿੰਘ ਦਮਦਮਾ, ਜਥੇਦਾਰ ਤਾਬਾ ਸਿੰਘ ਸੰਤ ਨਗਰ, ਜਥੇਦਾਰ ਨਿਰੰਜਨ ਸਿੰਘ ਕੰਗਣਪੁਰ, ਜਥੇਦਾਰ ਨਾਹਰ ਸਿੰਘ ਲੁਧਿਆਣਾ, ਸੂਬਾ ਅਮਰੀਕ ਸਿੰਘ ਮਹਿਤਪੁਰ, ਨੰਬਰਦਾਰ ਅਮਰ ਸਿੰਘ ਸ੍ਰੀ ਜੀਵਨ ਨਗਰ, ਮਾਸਟਰ ਸੰਪੂਰਨ ਸਿੰਘ ਰਾਣੀਆਂ ਆਦਿ ਤੋਂ ਇਲਾਵਾ ਸ੍ਰੀ ਜਗਦੀਸ਼ ਚੰਦਰ (ਕਾਂਗਰਸ 'ਆਈ') ਸ੍ਰੀ ਮੋਹਨ ਲਾਲ ਧਨੋਜੀਆ, ਚੋਧਰੀ ਕੇਸਰਾ ਰਾਮ ਦਾ ਲੜਕਾ ਸ੍ਰੀ ਅੰਦਰਾਜ ਸਿੰਘ ਚੋਧਰੀ ਜਿਸਨੇ ਚੋਧਰੀ ਦੇਵੀ ਲਾਲ ਵਿਰੁਧ ਆਜ਼ਾਦ ਉਮੀਦਵਾਰ ਦੇ ਤੌਰ ਤੇ ਚੋਣ ਲੜੀ ਸੀ ਤੇ ਪ੍ਰੀਤਮ ਸਿੰਘ ਕਵੀ ਨੇ ਖੜਕਵੀਆਂ ਤਕਰੀਰਾਂ ਕੀਤੀਆਂ। ਸੰਤ ਗੁਰਬਖਸ਼ ਸਿੰਘ ਰਾਮਪੁਰੀ ਤੇ ਸ੍ਰੀ ਬਲਬੀਰ ਸਿੰਘ ਢਿਲੋਂ ਰਾਣੀਆਂ ਨੇ ਕਵਿਤਾਵਾਂ ਪੜ੍ਹ ਕੇ ਨਾਮਧਾਰੀਆਂ ਦੀ ਏਕਤਾ ਸਤਿਗੁਰੂ ਜੀ ਦੀ ਕ੍ਰਿਪਾ ਅਤੇ ਸ਼ਕਤੀ ਦਾ ਇਜ਼ਹਾਰ ਕੀਤਾ।

ਹਾਜ਼ਰੀ ਤੇ ਉਤਸਾਹ ਦੇ ਪੱਖੋਂ ਜਲਸਾ ਕਾਮਯਾਬ ਰਿਹਾ।

ਇਸ ਦਾ ਸਾਰਾ ਪ੍ਰਬੰਧ ੪ ਕੁ ਦਿਨਾਂ ਵਿਚ ਹੀ ਕੀਤਾ ਗਿਆ ਸੀ। ਸ੍ਰ: ਮਹਿੰਦਰ ਸਿੰਘ ਬੱਲ, ਸ੍ਰ: ਬੰਤਾ ਸਿੰਘ ਨੇਤੋਂੜਾ ਤੇ ਉਨ੍ਹਾਂ ਦੇ ੫-੭ ਹੋਰ ਸਾਥੀਆਂ ਦੀ ਪਹਿਲ ਕਦਮੀ ਤੇ ਸਰਗਰਮੀ ਸਦਕਾ ਹੀ ਸਫਲ ਇਕੱਠ ਹੋ ਸਕਿਆ। ਇਸ ਸਮੇਂ ਮੈਨੂੰ ਟੇਪ ਰੀਕਾਰਡ ਦੀ ਕਮੀ ਬੜੀ ਰੜਕੀ ਨਹੀਂ ਤਾਂ ਸਾਰੇ ਵਕਤਿਆਂ ਦੀਆਂ ਤਕਰੀਰਾਂ ਦੇ ਤੱਤ ਤੇ ਖ਼ਾਸ ਕਰ ਹਿੰਦੂ ਮੁਕੱਰਰਾਂ ਦੇ ਇਕਰਾਰ ਠੀਕ ਤਰ੍ਹਾਂ ਸੰਭਾਲੇ ਜਾ ਸਕਦੇ



Sri Satguru Jagjit Singh Ji Elibrary NamdhariElibrary@gmail.com

ਜਿਨ੍ਹਾਂ ਕਿਹਾ ਸੀ ਕਿ ਉਹ, ਲੋੜ ਪਈ ਤਾਂ ਜੇਲ ਜਾਣ ਦੀ ਪਹਿਲ ਕਰਨਗੇ।

ਸੰਤ ਅਮਰ ਸਿੰਘ ਜੀਵਨ ਨਗਰ ਅਨੁਸਾਰ ਇਸ ਵਕਤ ੫ ਫ਼ੌਜਦਾਰੀ ਕੇਸ ਨਾਮਧਾਰੀਆਂ ਤੇ ਚਲ ਰਹੇ ਹਨ। ਨਾਮਧਾਰੀਆਂ ਨੂੰ ਸਬਕ ਸਿਖਾਣ ਤੇ ਸ੍ਰੀ ਸਤਿਗੁਰੂ ਜੀ ਨੂੰ ਕਚਹਿਰੀ ਵਿਚ ਖੜਾ ਕਰਨ ਦੇ ਜਤਨਾਂ ਵਿਚ ਹੇਠ ਲਿਖੀਆਂ ਗੱਲਾਂ ਨੋਟ ਕਰਨ ਵਾਲੀਆਂ ਹਨ :

(੧) ਰਾਣੀਆਂ ਦੀ ਕੋਆਪਰੇਟਿਵ ਸੁਸਾਇਟੀ ਵਿਚ ਨਾਮਧਾਰੀਆਂ ਜਾਂ ਉਨ੍ਹਾਂ ਦੇ ਤਰਫ਼ਦਾਰਾਂ ਦੀ ਬਹੁਗਿਣਤੀ ਹੈ। ਇਸ ਸੁਸਾਇਟੀ ਦੀ ਪ੍ਰਧਾਨਗੀ ਦੀ ਚੋਣ ਨੂੰ ਮਹਿਕਮੇ, ਚੌਧਰੀ ਦੇਵੀ ਲਾਲ ਤੇ ਉਹਦੇ ਲੜਕੇ ਓਮ ਵਲੋਂ ਜ਼ੋਰ ਪੁਆ ਕੇ ਸੱਤ ਵਾਰ ਮੁਲਤਵੀ ਕਰਵਾਇਆ ਗਿਆ ਹੈ। ਕਿਉਂਕਿ ਇਸ ਸੁਸਾਇਟੀ ਵਲੋਂ ਨਾਮਧਾਰੀ ਇਲਾਕੇ ਨੂੰ ਲਾਭ ਪੁੱਜ ਸਕਦਾ ਹੈ, ਇਸ ਲਈ ਇਸ ਨੂੰ ਨਾ-ਕੰਮ-ਯੋਗ ਰਖਣ ਲਈ ਪ੍ਰਧਾਨਗੀ ਦੀ ਚੋਣ ਨਹੀਂ ਹੋਣ ਦਿੱਤੀ ਜਾ ਰਹੀ।

(੨) ਸ੍ਰੀ ਜੀਵਨ ਨਗਰ ਦੇ ਸਾਰੇ ਇਲਾਕੇ ਨੂੰ—ਜਿਸ ਵਿਚ ਜੀਵਨ ਨਗਰ, ਸੰਤ ਨਗਰ, ਸੰਤਾਂ ਵਾਲੀ, ਖੂਹ ਅੰਬਰਸਰੀਆਂ, ਦਮਦਮਾ, ਧਰਮਪੁਰਾ ਤੇ ਸੰਤੋਖਪੁਰਾ ਆਉਂਦੇ ਹਨ—ਸਰਪਲਸ ਏਰੀਆ ਗਰਦਾਨ ਕੇ ਇਹਨਾਂ ਪਿੰਡਾਂ ਦੇ ਕਿਸਾਨਾਂ ਨੂੰ ਤਕਾਵੀ ਅਤੇ ਬੈਂਕ ਕਰਜ਼ੇ ਲੈਣੋਂ ਰੋਕਿਆ ਗਿਆ ਹੈ।

(੩) ਦੋ ਮਹੀਨੇ ਪਹਿਲਾਂ, ੧੯ ਨਾਮਧਾਰੀਆਂ ਨੂੰ ਫੜਕੇ ੧੦੭-੧੫੧ ਧਰਾਵਾਂ ਹੇਠ ਹਵਾਲਾਤੇ ਡੱਕ ਛਡਿਆ ਹੈ। ਜ਼ਮਾਨਤਾ ਨਹੀਂ ਹੋਣ ਦਿਤੀਆਂ ਜਦੋਂ ਕਿ ਇਨ੍ਹਾਂ ਧਾਰਾਵਾਂ ਹੇਠ ਫੜਿਆਂ ਦੀ ਜ਼ਮਾਨਤ ਓਸੇ ਵੇਲੇ ਹੋ ਸਕਦੀ ਹੈ। ਬਦਲੇਖੋਰੀ ਦਾ ਹਾਲ ਇਹ ਹੈ ਕਿ ਕਈ ਸਿੰਘਾਂ ਦੀਆਂ ਜ਼ਮਾਨਤਾਂ ੪-੪ ਵਾਰ ਹੋ ਚੁਕੀਆਂ ਹਨ।

(੪) ਹੁਣ ਨਕੋੜੇ ਦੇ ਇਕ ਹੱਥ ਠੋਕੇ ਵਲੋਂ ਪੁਲਿਸ ਕੋਲ ਕੇਸ ਦਰਜ ਕਰਵਾਇਆ ਗਿਆ ਹੈ ਜਿਸ ਵਿਚ ਚੌਧਰੀ ਦੇਵੀ ਲਾਲ ਵਿਸ਼ੇਸ਼ ਰੁਚੀ ਦਿਖਲਾ ਰਹੇ ਹਨ। ਇਸ ਕੇਸ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਠਾਕੁਰ ਦਲੀਪ ਸਿੰਘ ਤੇ ੨੧ ਹੋਰ ਨਾਮਧਾਰੀਆਂ ਨੇ ੨੧-੨੨ ਦਸੰਬਰ ਦੀ ਰਾਤ ਨੂੰ ਹਮਲਾ ਕਰਕੇ ਹਥ ਠੋਕੇ ਦਾ ਝੁੱਗਾ ਲੁਟਿਆ ਤੇ ਫਿਰ ਉਸ ਦੇ ਘਰ ਜਾਕੇ ਉਹਦੀ ਤੀਵੀਂ ਦੇ ਟਰੰਕ ਦਾ ਤਾਲਾ ਤੋੜ ਕੇ ੬੭੦੦/- ਰੁਪਿਆ ਕਢਿਆ ਗਿਆ ਹੈ। ਇਹ ਰਪਟ ਵੀ ਲਿਖਵਾਈ ਕਿ ਠਾਕਰ ਦਲੀਪ ਸਿੰਘ ਉਸਨੂੰ ਜਾਨੋਂ ਮਰਵਾ ਦੇਣ ਦੀਆਂ ਵਿਉਂਤਾਂ ਬਣਾਈ ਬੈਠਾ ਹੈ।

ਅੱਜ ਜੋ ਨਾਮਧਾਰੀਆਂ ਵਲੋਂ ਇਸ ਸਾਰੀ ਜ਼ਿਆਦਤੀ ਵਿਰੁੱਧ ਰੋਹ ਜਲੂਸ ਨਿਕਲਿਆ, ਇਹ ਅਦੁਤੀ ਸੀ। ਨਾਮਧਾਰੀ ਕਦੇ ਹੀ ਜਲਸੇ ਜਲੂਸ ਨਹੀਂ ਕਰਦੇ। ਅਤਿ ਹੋਣ ਤੇ ਹੀ ਅਜਿਹੇ ਕਦਮ ਪੁਟੇ ਜਾਂਦੇ ਹਨ। ਜਲੂਸ ਵਿਚ ਸਫੈਦ ਵਸਤਰਧਾਰੀ ਬਿਰਧ, ਪ੍ਰੌਢ, ਜੁਆਨ ਅਤੇ ਕਿਸ਼ੋਰ ਨਾਮਧਾਰੀ ਸ਼ਾਮਲ ਸਨ। ਇਸਤਰੀਆਂ ਨੂੰ ਭਾਵੇਂ ਵਰਜਿਆ ਗਿਆ ਸੀ ਫਿਰ ਵੀ ਸਿਆਣੀਆਂ ਇਸਤਰੀਆਂ ਇਸ ਵਿਰੋਧ ਜਲੂਸ ਵਿਚ ਆਪਣਾ ਭਾਗ ਪਾਣ ਅਈਆਂ। ਕਿਉਂਕਿ ਹਰ ਜ਼ਿਆਦਤੀ ਦਾ ਪ੍ਰਭਾਵ ਘਰ—ਸੁਆਣੀਆਂ ਤੇ ਪੈਂਦਾ ਹੀ ਹੈ।

ਜਲੂਸ ਦੇ ਨਾਅਰੇ ਸਨ :

ਦੇਵੀ ਲਾਲ ਦੀ ਧੱਕੇਸ਼ਾਹੀ !
ਨਹੀਂ ਚਲੇਗੀ, ਨਹੀਂ ਚਲੇਗੀ !!
ਓਮ ਪ੍ਰਕਾਸ਼ ਦੀ ਧੱਕੇਸ਼ਾਹੀ !
ਨਹੀਂ ਚਲੇਗੀ, ਨਹੀਂ ਚਲੇਗੀ !!
ਨਾਮਧਾਰੀਆਂ ਤੇ ਬਣਾਏ ਝੂਠੇ ਮੁਕਦਮੇ !
ਵਾਪਸ ਲਓ, ਵਾਪਸ ਲਓ !!
ਸਤਿਗੁਰੂ ਜਗਜੀਤ ਸਿੰਘ ਜੀ !
ਜ਼ਿੰਦਾਬਾਦ !!
ਨਾਮਧਾਰੀ ਏਕਤਾ !
ਜ਼ਿੰਦਾਬਾਦ !!

੨ ਵਜੇ ਦਾ ਤਿਆਰ ਹੋ ਕੇ ਚੱਲਿਆ ਜਲੂਸ ੩.੪੫ ਵਜੇ ਕਚਹਿਰੀਆਂ ਵਿਚ ਪੁਜਾ—ਸੁਦ੍ਰਿੜ, ਸੁਵਿਵਸਥਤ ਤੇ ਪੁਰਅਮਨ। ਸ੍ਰ: ਮਹਿੰਦਰ ਸਿੰਘ ਬੱਲ, ਨਕੋੜਾ ਅਤੇ ਨੰਬਰਦਾਰ ਅਮਰ ਸਿੰਘ ਸ੍ਰੀ ਜੀਵਨ ਨਗਰ ਨੇ ਐਸ.ਡੀ.ਐਮ. ਨੂੰ ਮੈਮੋਰੈਂਡਮ ਪੇਸ਼ ਕੀਤਾ।

ਮੈਮੋਰੈਂਡਮ ਤਾਂ ਡੀ.ਸੀ. ਸਰਸਾ ਨੂੰ ਦੇਣਾ ਸੀ, ਪਰ ਉਹ ਐਨ ਵਕਤ ਸਿਰ ਕਿਤੇ ਬਾਹਰ ਚਲਾ ਗਿਆ।

ਸੁਣਨ ਵਿਚ ਆਇਆ ਹੈ ਕਿ ਐਸ ਡੀ.ਐਮ. ਇਸ ਜਲੂਸ ਤੋਂ ਕਾਫ਼ੀ ਪ੍ਰਭਾਵਤ ਸੀ। ਕਚਹਿਰੀ ਵਿਚ ਹਰ ਪਾਸੇ ਨਾਮਧਾਰੀ ਹੀ ਨਾਮਧਾਰੀ ਸਨ। ਇਲਾਕੇ ਦੇ ਨਾਮਧਾਰੀਆਂ ਦੇ ਹਮਾਇਤੀ ਹੋਰ ਲੋਕ ਵੀ ਜਲੂਸ ਵਿਚ ਸ਼ਾਮਲ ਸਨ।





Sri Satguru Jagjit Singh Ji Elibrary NamdhariElibrary@gmail.com

ਮੈਮੋਰੰਡਮ ਵਿਚ ਉਕਤ ਭਾਵ ਦੇ ਹੀ ਤੱਥ ਤੇ ਅੰਕੜੇ ਸਨ। ਇਹ ਮੈਮੋਰੰਡਮ ਨਾਮਧਾਰੀ ਸੰਗਤ ਜ਼ਿਲਾ ਸਰਸਾ ਵਲੋਂ ਸੀ ਤੇ ਇਹਦੀਆਂ ਕਾਪੀਆਂ ਚੋਧਰੀ ਚਰਨ ਸਿੰਘ ਗ੍ਰਹਿ ਮੰਤਰੀ ਭਾਰਤ ਸਰਕਾਰ, ਸ੍ਰੀ ਚੰਦਰ ਸ਼ੇਖਰ ਪ੍ਰੈਜੀਡੈਂਟ ਜਨਤਾ ਪਾਰਟੀ, ਚੋਧਰੀ ਦੇਵੀ ਲਾਲ ਮੁਖ ਮੰਤਰੀ ਹਰਿਆਣਾ, ਆਈ. ਜੀ. ਪੁਲਸ ਚੰਡੀਗੜ੍ਹ, ਡੀ. ਆਈ. ਜੀ, ਹਿਸਾਰ, ਡੀ. ਸੀ. ਸਰਸਾ ਅਤੇ ਐਸ. ਪੀ. ਸਰਸਾ ਨੂੰ ਭੇਜੀਆਂ ਗਈਆਂ।

## ੨੪ ਦਸੰਬਰ ੧੯੭੭ ਸ਼ਨੀਵਾਰ
## ਨਵੀਂ ਦਿੱਲੀ

ਸਵੇਰੇ ੧੦ ਵਜੇ ਤਕ ਮੈਂ ਦਿੱਲੀ ਪਹੁੰਚ ਗਿਆ। ਸ਼ਾਮੀਂ ਸ: ਹਰਵਿੰਦਰ ਸਿੰਘ ਹੰਸਪਾਲ ਸਮੇਤ ਪਤਨੀ ਮੇਰੇ ਨਿਵਾਸ ਆਏ। ਉਹਨਾਂ ਦੱਸਿਆ ਕਿ ਕਲ੍ਹ ਦਿੱਲੀ ਵਿਚ ਚੋਧਰੀ ਚਰਨ ਸਿੰਘ ਗ੍ਰਹਿ ਮੰਤਰੀ ਭਾਰਤ ਦਾ ਜਨਮ ਦਿਨ 'ਕਿਸਾਨ ਦਿਨ' ਦੇ ਤੌਰ ਤੇ ਮਨਾਇਆ ਗਿਆ। ਇਸ ਵਿਚ ਸਰਕਾਰੀ ਪ੍ਰਭਾਵ ਨਾਲ ੫੦੦੦ ਬੱਸਾਂ ਤੇ ਟਰੱਕ ਯੂ. ਪੀ. ਵਿਚੋਂ ਆਏ। ਲੋਕਾਂ ਦੇ ਤਕੜੇ ਹਜੂਮ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਜ ਨਰਾਇਣ ਨੇ ਪੁਛਿਆ :

ਤੁਹਾਨੂੰ ਕਿਸੇ ਨੇ ਜਾ ਕੇ ਤਾਂ ਨਹੀਂ ਲਿਆਂਦਾ ?
ਨਹੀਂ !

ਤੁਹਾਨੂੰ ਕਿਸੇ ਨੇ ਕਰਾਇਆ ਤੇ ਪੈਸੇ ਤਾਂ ਨਹੀਂ ਦਿਤੇ ? ਨਹੀਂ !

ਤੁਹਾਨੂੰ ਕਿਸੇ ਨੇ ਏਥੇ ਆਇਆਂ ਖਰਚਣ ਨੂੰ ਰਕਮਾਂ ਦਿਤੀਆਂ ? ਨਹੀਂ !

ਭਾਵ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਚੋਧਰੀ ਚਰਨ ਸਿੰਘ ਦੇ ਸਨੇਹ ਵਿਚ ਪਾਗਲ ਹੋਏ ਲੋਕੀਂ ਆਪ ਤੋਂ ਆਪ ਜਨਮ ਦਿਨ ਤੇ ਵਧਾਈਆਂ ਦੇਣ ਚਲੇ ਆਏ।

ਸ੍ਰੀ ਹੰਸਪਾਲ ਨੇ ਇਕ ਲਤੀਫ਼ਾ ਸੁਣਾ ਕੇ ਇਸ ਸਾਰੇ ਡਰਾਮੇ ਦੀ ਸਪਸ਼ਟਤਾ ਕੀਤੀ :

ਕੋਈ ਕਥਾ ਵਾਚਕ ਸੀ। ਲਾਊਡ ਸਪੀਕਰਾਂ ਨਾਲ ਸੁਸੱਜਿਤ ਪੰਡਾਲ ਵਿਚ ਭਰਪੂਰ ਸਰੋਤਿਆਂ ਨੂੰ ਕਥਾ ਸੁਨਾਣ ਉਪਰੰਤ ਉਸ ਪੁਛਿਆ :

ਆਪ ਨੂੰ ਰਾਹ ਵਿਚ ਆਉਂਦਿਆਂ ਕੋਈ ਕਸ਼ਟ ਤਾਂ ਨਹੀਂ ਹੋਇਆ ? ਗੂੰਜਵਾਂ ਉਤਰ – ਨਹੀਂ ਜੀ !

ਲਾਊਡ ਸਪੀਕਰ ਵਿਚ ਕੋਈ ਖਰਾਬੀ ਤਾਂ ਨਹੀਂ ਹੋਈ ? ਗੂੰਜਵਾਂ ਉੱਤਰ— ਨਹੀਂ ਜੀ !

ਆਪ ਨੇ ਮੇਰਾ ਕਥਨ ਧਿਆਨ ਪੂਰਬਕ ਸੁਣਿਆ ?
ਗੂੰਜਵਾਂ ਉੱਤਰ – ਨਹੀਂ ਜੀ !

ਜੇਕਰ ਉਹਨਾਂ ਚਰਨ ਸਿੰਘ ਪ੍ਰੇਮੀਆਂ ਨੂੰ ਪੁਛਿਆ ਜਾਂਦਾ : ਕੀ ਤੁਸੀਂ ਚੋਧਰੀ ਚਰਨ ਸਿੰਘ ਨੂੰ ਵਧਾਈ ਦੇਣ ਆਏ ਹੋ ? ਤਾਂ ਉਸੇ ਸੁਰ ਵਿਚ ਜਵਾਬ ਮਿਲਣਾ ਸੀ— ਨਹੀਂ ! ਭਾਵ ਲੋਕਾਂ ਨੂੰ ਕੇਵਲ 'ਨਹੀਂ ਜੀ' ਕਹਿਣਾ ਸਿਖਾਇਆ ਗਿਆ ਸੀ।

ਹੰਸਪਾਲ ਨੇ 'ਬਲਿਟਜ਼' ਪ੍ਰਤੀਨਿਧ ਸ੍ਰੀ ਜੋਗਾਰਾਵ ਨਾਲ ਆਪਣੀ ਮੁਲਾਕਾਤ ਬਾਰੇ ਵੀ ਦਸਿਆ ਕਿ ਉਸਨੂੰ ਨਾਮਧਾਰੀਆਂ ਤੇ ਸ੍ਰੀ ਸਤਿਗੁਰੂ ਜੀ ਦੇ ਖਿਲਾਫ ਝੂਠੇ ਮੁਕਦਮਿਆਂ ਨੂੰ ਦਸਤਾਵੇਜ਼ਾਂ ਆਦਿ ਵਿਖਾ ਕੇ ਸਪਸ਼ਟ ਕੀਤਾ। ਉਸਨੇ ਇਹ ਵੀ ਦਸਿਆ ਕਿ ਸਰਸਾ ਜ਼ਿਲੇ ਦੇ ਨਾਮਧਾਰੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਬਾਰੇ ਉਸਨੇ ਕੇਂਦਰੀ ਲੀਡਰਾਂ ਨਾਲ ਵੀ ਮੁਲਾਕਾਤਾਂ ਕੀਤੀਆਂ ਤੇ ਚਿਠੀਆਂ ਲਿਖੀਆਂ ਹਨ, ਉਹਨਾਂ ਵਿਚੋਂ ਕੁਝ ਨੇ ਤਾਂ ਹਾਂ ਪੱਖੀ ਉੱਤਰ ਵੀ ਦਿਤੇ ਹਨ। ਬੀਬੀ ਸੁਸ਼ਮਾ ਸਵਰਾਜ ਨੇ ਉਚੇਚਿਆਂ ਆਖਿਆ ਹੈ ਕਿ ਉਸਨੂੰ ਜਾ ਕੇ ਮਿਲਾਂ ਤੇ ਵੇਰਵੇ ਸਮਝਾਵਾਂ।

## ੨੫ ਦਸੰਬਰ ੧੯੭੭ ਐਤਵਾਰ
## ਨਵੀਂ ਦਿੱਲੀ

ਕਲ੍ਹ ਸਵੇਰੇ ਕੁਝ ਸਰੀਰਾਂ ਨੇ, ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕਲਕਤੇ ਪਹੁੰਚਣਾ ਹੈ ਜਿਥੇ ਪ੍ਰਸਿੱਧ ਸਰੋਦ ਵਾਦਕ ਉਸਤਾਦ ਅਮਜਦ ਅਲੀ ਖਾਂ ਦੇ ਪਿਤਾ ਹਾਫ਼ਿਜ਼ ਅਲੀ ਖਾਂ ਦੀ ਯਾਦ ਵਿਚ ਕਲਾਸੀਕਲ ਮਿਊਜ਼ਿਕ ਕਾਨਫਰੰਸ ਹੋ ਰਹੀ ਹੈ। ਖਾਨ ਸਾਹਿਬ ਦੇ ਸ਼ਾਗਿਰਦਾਂ ਗੁਰਦੇਵ ਸਿੰਘ, ਹਰਭਜਨ ਸਿੰਘ (ਸਿਤਾਰ) ਨੂੰ ੨੩ ਦਸੰਬਰ ਤੋਂ ਕਲਕੱਤੇ ਲਈ ਗੱਡੀ ਚੜ੍ਹਾ ਦਿਤਾ ਗਿਆ ਸੀ।

ਕੋਠੀ ਪੂਸਾ ਰੋਡ ਗਿਆ ਤਾਂ ਠਾਕਰ ਉਦੇ ਸਿੰਘ ਜੀ ਮਿਲੇ। ਉਹਨਾਂ ਤੋਂ ਪਤਾ ਲਗਾ ਕਿ ਜਿਨ੍ਹਾਂ ੧੦ ਆਦਮੀਆਂ ਹੋਰ ਕਲਕੱਤੇ ਜਾਣਾ ਹੈ ਉਹਨਾਂ ਵਿਚ ਲੇਖਕ ਦਾ ਵੀ ਨਾਮ ਹੈ। ਪਰ ਕਲਕੱਤੇ ਪਹੁੰਚਣਾ ਕਿਥੇ ਹੈ, ਦਸਾਂ ਵਿਚੋਂ ਕਿਸੇ ਨੂੰ ਵੀ ਪਤਾ ਨਹੀਂ ਸੀ। ਸੇਠ ਤਰਲੋਕ ਸਿੰਘ ਦੁਆਰਾ ਸਤਿਗੁਰੂ ਜੀ ਨੂੰ ਫੋਨ ਕਰਵਾ ਕੇ ਕਲਕੱਤੇ ਵਿਚ ਪਹੁੰਚ ਸਥਾਨ ਦਾ ਪਤਾ ਕੀਤਾ। ਸੇਠ ਕਿਰਪਾਲ ਸਿੰਘ ਦੇ ਸਪੁਤਰ ਸ: ਬਰਿੰਦਰ ਸਿੰਘ ਦੀ ਫਰਮ ਜੋ ਸ੍ਰੀ ਜਗਜੀਤ ਹੌਜ਼ਰੀ ਮਿਲਜ਼ ਦੇ ਨਾਂ ਨਾਲ ਚਲਦੀ ਹੈ ਦਾ ਐਡਰੈਸ ਮਿਲਿਆ, ਏਥੇ ਪਹੁੰਚਣਾ ਸੀ।

ਵਰਿਆਮ



Sri Satguru Jagjit Singh Ji Elibrary NamdhariElibrary@gmail.com

ਸ: ਹਰਮੀਤ ਸਿੰਘ, ਜੁ ਸਦਾ ਲਈ ਨਾਮਧਾਰੀ ਹੈਡਕੁਆਟਰ ਵਲੋਂ ਗੁਰੂ ਆਗਿਆ ਅਨੁਸਾਰ ਸਫ਼ਰ ਕਰਨ ਵਾਲਿਆਂ ਦੀਆਂ ਟਿਕਟਾਂ ਦਾ ਪ੍ਰਬੰਧ ਕਰਦਾ ਹੈ, ਤੋਂ ਪਤਾ ਲਗਾ ਕਿ ਸਾਡੀਆਂ ਇਹਨਾਂ ੧੦ ਟਿਕਟਾਂ ਦਾ ਖਰਚਾ ਸ: ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਨੇ ਅਦਾ ਕੀਤਾ ਹੈ।

## ੨੬ ਦਸੰਬਰ ੧੯੭੭ ਸੋਮਵਾਰ
## ਸਫ਼ਰ ਕਲਕੱਤਾ ਨੂੰ

ਪੁਰਾਣੀ ਦਿੱਲੀਓਂ ਜਦੋਂ ਸਵੇਰੇ ੮-੨੦ ਵਜੇ ਕਾਲਕਾ ਮੇਲ ਕਲਕੱਤੇ ਲਈ ਚਲੀ, ਉਸ ਵਿਚ ਸਾਡੀਆਂ ਹੇਠ ਲਿਖੀਆਂ ਸਵਾਰੀਆਂ ਸਨ : ੧. ਸੰਤ ਕਿਰਪਾਲ ਸਿੰਘ ਝੱਬਰ (ਬਸਤਰ ਸਾਧਕ), ੨. ਸੰਤ ਮਹਿੰਦਰ ਸਿੰਘ ਦਮਦਮਾ (ਲਾਂਗਰੀ), ੩. ਪ੍ਰੀਤਮ ਸਿੰਘ ਕਵੀ, ੪. ਸ੍ਰੀ ਸੁਖਦੇਵ ਸਿੰਘ ੫. ਸ੍ਰੀ ਮੋਹਨ ਸਿੰਘ (ਸੰਗੀਤ ਵਿਦਿਆਰਥੀ), ੬. ਸ: ਮਹਿੰਦਰ ਸਿੰਘ ਠੁਮਰੀ ਗਾਇਕ, ੭. ਸ੍ਰੀ ਬਲਜੀਤ ਸਿੰਘ (ਸੰਗੀਤ ਵਿਦਿਆਰਥੀ)। ਤਿੰਨ ਜਣੇ ਮੌਕੇ ਤੇ ਪਹੁੰਚ ਨਹੀਂ ਸਕੇ।

ਸਾਡੀ ਨਾਮਧਾਰੀ ਵੇਸ ਭੂਸ਼ਾ ਗਾਉਣ ਵਾਲੇ ਬੱਚਿਆਂ ਕਾਰਨ ਸਾਡੇ ਸਾਰੇ ਸਫਰ ਵਿਚ ਦੂਜਿਆਂ ਤੇ ਅੱਛਾ ਪ੍ਰਭਾਵ ਰਿਹਾ। ਸਾਡੇ ਨਾਲ ਦੀਆਂ ਦੋ ਸੀਟਾਂ ਤੇ ਰਾਜਿਸਥਾਨ ਦੇ ਸ਼ਹਿਰ ਬੀਕਾਨੇਰ ਦੇ ਦੋ ਬੜੇ ਵਿਦਵਾਨ ਨੌਜਵਾਨ ਸਫ਼ਰ ਕਰ ਰਹੇ ਸਨ। ਉਨ੍ਹਾਂ ਵੀ ਹਾਵੜੇ ਜਾਣਾ ਸੀ। ਉਹਨਾਂ 'ਚੋਂ ਇਕ, ਉਨ੍ਹਾਂ ਦੇ ਦੱਸਣ ਮੁਤਾਬਕ, ਸ੍ਰੀ ਗੋਪਾਲ ਨਰਾਇਣ ਵਿਆਸ ਜਿਓਤਿਸ਼ ਤੇ ਫਲਿਤ ਜਿਓਤਿਸ਼ ਦੇ ਸਿਆਣੇ ਹਨ। ਇਹ ਐਮ. ਏ. ਹਨ ਤੇ ਸ਼ਾਇਦ ਪੀ. ਐਚ. ਡੀ. ਵੀ। ਇਹ ਨੌਕਰੀ ਨਹੀਂ ਕਰਦੇ। ਸ੍ਰੀ ਮਦਭਾਗਵਤ ਦਾ ਵਿਆਖਿਆ ਸਹਿਤ ਪਾਠ ਕਰਨ ਤੋਂ ਉਨ੍ਹਾਂ ਦੀ ਭੇਟਾ............... ਰੁਪਏ ਤਕ ਹੋ ਜਾਂਦੇ ਹਨ। ਦੂਸਰਾ ਭਰਾ ਸ੍ਰੀ ਹਰੀ ਕ੍ਰਿਸ਼ਨ ਵਿਆਸ ਵੀ ਏਨਾ ਪੜ੍ਹਿਆ ਲਿਖਿਆ ਹੈ ਪਰ ਉਹ ਸਾਹਿਤ ਅਤੇ ਸੰਗੀਤ ਵਿਚ ਰੁਚੀ ਰਖਦਾ ਹੈ। ਉਸਨੇ ਸਾਨੂੰ ਯਮਨ ਵਿਚ ਥੋੜ੍ਹਾ ਸਮਾਂ ਸ਼ਾਸਤਰੀ ਢੰਗ ਨਾਲ ਗਾ ਕੇ ਮੁਗਧ ਕੀਤਾ। ਜਾਂਦੇ ਜਾਂਦੇ ਬਾ-ਸੁਆਦ ਚਰਚਾ ਵੀ ਹੁੰਦੀ ਰਹੀ।

ਸਾਡੇ ਬੱਚਿਆਂ ਮੋਹਨ-ਸੁਖਦੇਵ ਨੇ ਪੌਣੀਆਂ ਪੰਦਰਾਂ ਮਾਤਰਾਂ ਵਿਚ ਸਤਿਗੁਰੂ ਜੀ ਦਾ ਸਿਖਾਇਆ ਸ਼ਬਦ ਸੁਣਾ ਕੇ ਵਿਆਸ ਭਰਾਵਾਂ ਨੂੰ ਮੁਗਧ ਕਰ ਦਿਤਾ।

ਇਕ ਪੂਰਾ ਦਿਨ ਤੇ ਪੂਰੀ ਰਾਤ ਬਹੁਤ ਸੁਖਾਵੇਂ ਸਫ਼ਰ ਵਿਚ ਬੀਤੀ। ਸਾਡੇ ਰਾਜਸਥਾਨੀ ਸਾਥੀਆਂ ਨੂੰ ਮਾਸ, ਸ਼ਰਾਬ ਤੇ ਸਿਗਰਟ ਦੀ ਇਲਤ ਨਹੀਂ ਸੀ। ਸੁ ਛੇਤੀ ਹੀ ਅਸੀਂ ਘੁਲ ਮਿਲ ਗਏ।

ਦਿੱਲੀਓਂ ਤੁਰੇ ਗਾਜ਼ੀਆਬਾਦ ਯੂ. ਪੀ. ਦਾ ਇੰਡਸ-ਟਰੀਅਲ ਤੇ ਕਾਰੋਬਾਰੀ ਸ਼ਹਿਰ, ਖੁਰਜਾ—ਜਿਦ੍ਹੇ ਅੱਗੇ ਚਲ ਕੇ ਕਮਾਦ ਤੇ ਕਣਕ ਦੇ ਖੇਤ ਬਹੁਤਾਤ ਵਿਚ ਮਿਲੇ, ਅਲੀਗੜ੍ਹ ਮੁਸਲਿਮ ਸਭਿਅਤਾ ਦਾ ਪੰਘੂੜਾ, ਜਿਸ ਤੋਂ ਅਗੇ ਆਮ ਕਰਕੇ ਅੰਬਾਂ ਦੇ ਬਾਗ ਤੇ ਫੇਰ ਸ਼ਿਕੋਹਾਬਾਦ, ਇਟਾਵਾ, ਕਾਨਪੁਰ, ਫਤਹਿਪੁਰ ਤੋਂ ਮੁਗਲ ਸਰਾਇ ਵਡੇ ਵਡੇ ਸਟੇਸ਼ਨ ਰਾਹ ਵਿਚ ਪਏ। ਮੁਗਲ ਸਰਾਇ ਪਹੁੰਚਿਆਂ ਰਾਤ ਦੇ ੮ ਵਜ ਗਏ। ਅਗੇ ਬਿਹਾਰ ਪ੍ਰਾਂਤ ਸ਼ੁਰੂ ਹੋ ਜਾਂਦਾ ਹੈ।

### ਸਾਧ ਦਾ ਮੇਲ

ਏਥੇ ਸਾਨੂੰ ਡਾਲਟਨ ਗੰਜ ਦੇ ਸੰਤ ਬਲਵੰਤ ਸਿੰਘ ਦੇ ਵਡੇ ਸਪੁਤਰ ਸ੍ਰੀ ਗੁਰਦੇਵ ਸਿੰਘ ਦੇ ਦਰਸ਼ਨ ਹੋਏ। ਇਹ ਇੰਟਰਮੀਡੀਏਟ ਕਰਕੇ ਹਟਿਆ ਹੈ ਤੇ ਪਿਛਲੇ ਕਈ ਸਾਲਾਂ ਤੋਂ ਸੋਧ ਰਖਦਾ ਆ ਰਿਹਾ ਹੈ। ਅੱਜ ਵੀ ਜਦੋਂ ਉਸਦੀ ਭਰਜਾਈ ਉਸ ਨੂੰ ਏਥੇ ਲੈ ਕੇ ਆਈ, ਉਹ ਸੋਧ ਦੇ ਜਲ-ਗੜਵੇ, ਸੁਚੇ ਲੰਗਰ ਤੇ ਫਲ-ਟੋਕਰੀ ਨੂੰ ਕਿਸੇ ਦੂਜੇ ਡੱਬੇ ਦੀ ਥ੍ਰੀਟੇਅਰ ਵਿਚ ਰਖ ਕੇ ਆਇਆ ਸੀ। ਮਧਰਾ ਕੱਦ, ਖੂਬਸੂਰਤ ਚਿਹਰਾ, ਤਿੱਖਾ ਨੱਕ ਰੰਗ ਸਾਫ ਤੇ ਨਾਮਧਾਰੀ ਪਹਿਰਾਵਾ, ਛੋਟਾ ਜਿਹਾ ਗੁਰੂ ਰਾਮ ਸਿੰਘ ਲਗਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਕੈਸਾ ਸਮਾਜ ਰਚਿਆ ਹੈ ਜੁ ਵੇਖਦਿਆਂ ਹੀ ਮਨ ਮੋਹ ਲੈਂਦਾ ਹੈ।

ਗੁਰਦੇਵ ਸਿੰਘ ਦੇ ਮਿਲਿਆਂ ਸਾਡੀ ਚਿੰਤਾ ਮੁਕ ਗਈ ਕਿ ਅਸੀਂ ਕਲਕੱਤੇ ਕਿਥੇ ਤੇ ਕਿਸ ਕੋਲ ਜਾਵਾਂਗੇ। ਬੀਬੀ ਨੇ ਸਾਡੇ ਵਾਸਤੇ ਵੀ ਲੁੜੀਂਦੇ ਫਲ ਲੈ ਆਂਦਾ।

ਪਦਾਰਥ ਤਾਂ ਸਾਧ ਸੰਗਤ ਦਾ ਹੁੰਦਾ ਹੈ ਪਰ ਜਦੋਂ ਅਸੀਂ ਕੋਲ ਬੈਠਿਆਂ ਨਾਲ ਵੰਡ ਕੇ ਛਕਣ ਦਾ ਜਤਨ ਕਰਦੇ ਹਾਂ ਤਾਂ ਸਾਡੀ ਉਦਾਰਤਾ ਦਾ ਸੁਭਾਵਕ ਪ੍ਰਭਾਵ ਪੈਂਦਾ ਹੈ। ਰਾਹ ਵਿਚ ਜਦੋਂ ਵੀ ਕੁਝ ਮੂੰਹ ਪਾਇਆ ਉਹ ਤਾਜ਼ੇ ਫਲ ਹੀ ਸਨ। ਇਕ ਵਾਰ ਸੰਤ ਕਿਰਪਾਲ ਸਿੰਘ ਝੱਬਰ ਨੇ ਇਕ ਲਿਫ਼ਾਫ਼ੇ ਵਿਚੋਂ ਕਾਜੂ, ਪਿਸਤਾ, ਨੇਜਾ, ਸੌਂਗੀ ਲੱਪ ਲੱਪ ਵੰਡੀ। ਸਾਨੂੰ, ਖਾਂਦੇ-ਪੀਂਦੇ ਸਫਰ ਕਰਦਿਆਂ ਨੀਂਦ ਆ ਗਈ ਤੇ ਸੁੱਤੇ ਸੁੱਤੇ ਪਿਆ ਬਿਹਾਰ ਪ੍ਰਾਂਤ ਦੇ ਪ੍ਰਸਿਧ ਸ਼ਹਿਰ ਗਯਾ, ਧਨਵਾਦ ਲੰਘ ਗਏ। ਡੇਰੀ ਆਨਸੂਨ ਤੋਂ ਅੱਗੇ ਗੱਡੀ ਹਾਵੜਾ ਹੀ ਜਾਕੇ ਰੁਕੀ।

੨੭.੧੨.੭੭ ਦਾ ਦਿਨ ਚੜ੍ਹਿਆ, ਕਾਲਕਾ ਮੇਲ



Sri Satguru Jagjit Singh Ji Elibrary NamdhariElibrary@gmail.com

੬.੧੫ ਤੇ ਹਾਵੜਾ ਸਟੇਸ਼ਨ ਤੇ ਆਕੇ ਰੁਕ ਗਈ। ਏਥੇ ਨਾਮਧਾਰੀ ਸਜਣ ਸਾਡੇ ਸੁਆਗਤ ਲਈ ਆਏ ਹੋਏ ਸਨ।

**੨੭ ਦਸੰਬਰ ੧੯੭੭ ਮੰਗਲਵਾਰ**
**ਕਲਕੱਤਾ**

### ਰਿਹਾਇਸ਼ ਦਾ ਪ੍ਰਬੰਧ

ਸੁਆਗਤਕਾਰੀਆਂ ਚੋਂ ਸੰਤ ਕਰਤਾਰ ਸਿੰਘ ਨੇ, ਜੋ ਸੇਠ ਕਿਰਪਾਲ ਸਿੰਘ ਹੁਰਾਂ ਵਲੋਂ ਉਨ੍ਹਾਂ ਦੀ ਗੱਦੀ )ਦੁਕਾਨ-ਦਾਰੀ ਦਫਤਰ) ਵਿਚ ਇਕ ਪ੍ਰਬੰਧਕ ਤੇ ਤੋਰ ਤੇ ਕੰਮ ਕਰਦਾ ਹੈ, ਸਾਡੀ ਮਦਦ ਕੀਤੀ। ਇਸਦੇ ਨਾਲ ਹੋਰ ਬੜਾ ਤੇਜ਼-ਤਰਾਰ ਕਾਰਿੰਦਾ ਸੀ। ਇਹ ਸਾਰਾ ਸਾਮਾਨ ਉਠਵਾ ਕੇ, ਸਾਨੂੰ ਦੋ ਟੈਕਸੀਆਂ ਉਤੇ ਸ੍ਰੀ ਸਵਰਨ ਸਿੰਘ ਸਪੁਤਰ ਸੰਤ ਅਮਰ ਸਿੰਘ (ਸੰਤ ਦੀਵਾਨ ਸਿੰਘ ਸੂਬਾ ਦੇ ਭਤੀਜੇ) ਡਾਲਟਨਗੰਜ ਦੇ ਘਰ, ਸਿੰਧੀ ਮੋੜ ਐਮ. ਸੀ. ਰਾਇ ਦੇ ਮਕਾਨ ੮੮/੧ ਨੈਨਪਾੜਾ ਲੇਨ (ਉਪਰਲੀ ਛੱਡ) ਤੇ ਲੈ ਆਏ।

ਸਵਰਨ ਸਿੰਘ ਜਵਾਨ ਹੈ ਤੇ ਇੰਜ ਹੀ ਇਸਦੀ ਪਤਨੀ ਬੀਬੀ ਰਣਜੀਤ ਕੌਰ। ਦੋਵੇਂ ਜੀ ਸੇਵਕ, ਨਿਸ਼ਚਾ ਵਾਲੇ ਤੇ ਉੱਦਮੀ ਹਨ। ਦੋਵੇਂ ਦੋ ਨਿਕੇ ਨਿਕੇ ਸ਼ਰਾਰਤੀ ਬੱਚਿਆਂ ਦੇ ਮਾਂ-ਬਾਪ ਹਨ। ਜੋੜੇ ਨੂੰ ਹੀ ਸਾਨੂੰ ਵੇਖਦਿਆਂ ਚਾਅ ਚੜ੍ਹ ਗਿਆ। ਲੰਗਰ ਪਾਣੀ ਤਿਆਰ ਹੋਣ ਲਗਾ। ਸੋਧੀ ਸਿੰਘ ਆਪਣੇ ਛੱਕਣ-ਛਕਾਣ ਦੇ ਆਹਰੇ ਲਗ ਗਏ।

ਏਥੇ ਸਾਰੇ ਸਜਣ ਹੀ ਸਤਿਗੁਰੂ ਜੀ ਦੀ ਬੜੀ ਤੀਬਰਤਾ ਨਾਲ ਇੰਤਜ਼ਾਰ ਕਰ ਰਹੇ ਹਨ। ਪ੍ਰਸ਼ਾਦ-ਪਾਣੀ ਛਕ ਕੇ ਅਸੀਂ ਗੱਦੀ ਸ੍ਰੀ ਜਗਜੀਤ ਹੋਜ਼ਰੀ ਮਿਲਜ਼, ਮੰਦਰ ਸਟਰੀਟ, ਨੇੜੇ ਕ੍ਰਿਸ਼ਨਾ ਸਿਨੇਮਾ ਪਹੁੰਚ ਗਏ। ਏਥੇ ਸ੍ਰੀ ਬਚਿੱਤਰ ਸਿੰਘ 'ਨਾਮਧਾਰੀ ਸ਼ਾਪਿੰਗ ਸੈਂਟਰ' ਨਵੀਂ ਦਿੱਲੀ ਵਲੋਂ ਫੋਨ ਆ ਚੁਕਾ ਸੀ ਕਿ ਸਤਿਗੁਰੂ ਜੀ ਰਾਤੀਂ ੯.੩੦ ਵਜੇ ਹਵਾਈ ਜਹਾਜ਼ ਦੁਆਰਾ ਆਉਣਗੇ ਅਤੇ ਸਿੱਧੇ ਸੰਗੀਤ ਸਭਾ ਵਿਚ ਹੀ ਪਹੁੰਚ ਜਾਣਗੇ।

### ਢੂੰਡ

ਸੰਤ ਕਰਤਾਰ ਸਿੰਘ ਸਪੁਤਰ ਸੰਤ ਕਿਰਪਾਲ ਸਿੰਘ ਗੜ੍ਹੀ ਮਹਾਂ ਸਿੰਘ ਵਾਲਾ ਸੇਠ ਕਿਰਪਾਲ ਸਿੰਘ ਦੀ ਇਸ ਗੱਦੀ ਤੇ ਕੰਮ ਕਰਨ ਆਇਆ ਹੈ। ਇਹ ਤਾਂ ਡਿਊਟੀ ਤੇ ਡਟ ਗਿਆ ਪਰ ਸੰਤ ਸਵਰਨ ਸਿੰਘ ਸਾਡੀ ਮਦਦ ਲਈ ਟੈਕਸੀ ਲੈਕੇ ਸ੍ਰੀ ਗੁਰਦੇਵ ਸਿੰਘ-ਹਰਭਜਨ ਸਿੰਘ ਦਾ ਪਤਾ ਕਰਨ ਚੱਲਿਆ। ਸਾਡੀ ਲੋੜ ਇਹ ਵੀ ਸੀ ਕਿ ਸਤਿਗੁਰੂ ਜੀ ਦੇ ਆਗਮਨ ਤੋਂ ਪਹਿਲੋਂ ਸਾਨੂੰ ਉਸਤਾਦ ਹਾਫਿਜ਼ ਅਲੀ ਨਮਿਤ ਫੰਕਸ਼ਨ ਦੀ ਜਗਹ ਅਤੇ ਸਮੇਂ ਆਦਿ ਦੀ ਵਾਕਫ਼ੀ ਮਿਲ ਜਾਵੇ।

ਜਾਣਕਾਰੀ ਪ੍ਰਾਪਤ ਕਰਨ ਲਈ ਸ੍ਰ. ਸੁਰਜੀਤ ਸਿੰਘ ਸੇਠੀ 'ਸਪੀਡਵੇਜ਼' ਵਾਲਿਆਂ ਦੇ ਪਹੁੰਚੇ। ਇਹਨਾਂ ਪਾਸ ਹੀ ਸ੍ਰੀ ਸਤਿਗੁਰੂ ਜੀ ਨੇ ਆਕੇ ਠਹਿਰਨਾ ਹੈ। ਸੇਠੀ ਸਾਹਿਬ ਨੇ ਦੱਸਿਆ ਕਿ ਗੁਰਦੇਵ ਸਿੰਘ ਹਰਭਜਨ ਸਿੰਘ ਹੁਰੀਂ ਸਾਡੇ ਬਾਰੇ ਪੁੱਛ ਰਹੇ ਸਨ ਤੇ ਉਹ ਹੁਣ ਰਾਸ ਬਿਹਾਰੀ, ਐਵੇਨਿਊ, 'ਕੋਮਲ ਵਿਲਾਸ' (ਹੋਟਲ) ਦੇ ਕਮਰਾ ਨੰ: ੪੭ ਵਿਚ ਠਹਿਰੇ ਹੋਏ ਹਨ। ਇਸ ਰਿਹਾਇਸ਼ ਦਾ ਖਰਚ ਸੰਗੀਤ ਸੁਸਾਇਟੀ ਨੇ ਹੀ ਕਰਨਾ ਸੀ। ਇਹਨਾਂ ਨਾਮਧਾਰੀ ਜਵਾਨਾਂ ਨੂੰ ਕਮਰਾ ਨੰ: ੪੭ ਵਿਚ ਮਿਲਕੇ ਹਾਰਦਿਕ ਪ੍ਰਸੰਨਤਾ ਹੋਈ ਕਿਉਂਕਿ ਇਹਨਾਂ ਨੂੰ ਪੂਰੀ ਸੁਖ ਸੁਵਿਧਾ ਵਿਚ ਰਹਿਣ ਦਾ ਅਵਸਰ ਦਿਤਾ ਗਿਆ ਸੀ। ਮੈਂ ਤਾਂ ਇਹਨਾਂ ਪਾਸ ਹੀ ਠਹਿਰ ਗਿਆ।

### ਸੰਗੀਤ ਸਭਾ

ਸ਼ਾਮੀਂ ਜਦੋਂ ਅਸੀਂ 'ਰਾਵਿੰਦਰ ਸਦਨ' ਵਿਖੇ ਸ਼ਾਸਤ੍ਰੀ ਸੰਗੀਤ ਸੁਣਨ ਲਈ ਪਹੁੰਚੇ ਤਾਂ ਪਤਾ ਲਗਾ ਕਿ ਇਹ ਸੰਗੀਤ ਆਯੋਜਨ ਦਾ ਤੀਸਰਾ ਦਿਨ ਸੀ। ਉਸਤਾਦ ਅਮਜਦ ਅਲੀ ਦੇ ਸ਼ਾਗਿਰਦਾਂ, ਸ੍ਰੀ ਗੁਰਦੇਵ ਸਿੰਘ-ਹਰਭਜਨ ਸਿੰਘ ਨੂੰ ਇਸ ਸਦਨ ਦੇ ਬਾਹਰਵਾਰ ਮਿਲਿਆ। ਉਨ੍ਹਾਂ ਸਤਿਕਾਰ ਵਟਾਂਦਰਾ ਕਰਕੇ ਮੈਨੂੰ ਨਾਲ ਦੇ ਸਾਥੀ ਬਾਬਤ ਦੱਸਿਆ ਕਿ ਇਹ ਅਰੂਪ ਸਰਕਾਰ ਹਨ 'ਆਨੰਦ ਬਾਜ਼ਾਰ ਪਤ੍ਰਿਕਾ' ਵਾਲੇ ਇਹ ਹਫਤੇਵਾਰ 'ਰਵੀਵਾਰ' ਦੇ ਵੀ ਮਾਲਿਕ ਹਨ। ਇਸ ਵਿਸ਼ਾਲ ਸੰਗੀਤ ਸਮੇਲਨ ਦਾ ਸਾਰਾ ਕਾਰਜ ਭਾਰ ਤੇ ਖਰਚਾ ਇਹਨਾਂ ਦੇ ਹੀ ਸਿਰ ਹੈ। ਉਸਤਾਦ ਅਮਜਦ ਅਲੀ ਦੀ ਸੁਦਰਸ਼ਨਾ ਪਤਨੀ ਸੁਬਾ ਲਕਸ਼ਮੀ ਵੀ ਬੜੀ ਪ੍ਰਸੰਨ ਮੁੱਦ੍ਰਾ ਵਿਚ ਪਾਸ ਹੀ ਸੀ।

ਪ੍ਰੋਗਰਾਮ ਸਮੇਂ ਅਸੀਂ ਮੁਨਾਸਬ ਸੀਟਾਂ ਤੇ ਬੈਠੇ। ਏਥੇ ਇਕ ਮਦਰਾਸੀ ਸੱਜਣ ਐਸ. ਬਾਲ ਚੰਦਰ ਦਾ ਵੀਣਾ ਵਾਦਨ ਸੀ। ਇਹ ਪ੍ਰੌਢ ਮਨੁਖ ਬੜੇ ਜਚਵੇਂ ਵਸਤਰਾਂ ਵਿਚ ਵੀਣਾ ਸਮੇਤ, ਪਰਦਾ ਉਠਣ ਤੇ, ਨਜ਼ਰ ਪਿਆ। ਇਸ ਦੇ ਨਾਲ ਹੀ ਇਕ ਪਖਾਵਜ ਵਾਦਨ ਲਈ ਮ੍ਰਿਦੰਗ ਫੜੀ ਬੈਠਾ ਸੀ। ੬ ਤੋਂ ੮.੩੦ ਵਜੇ ਰਾਤ ਤਕ ਇਸ ਨੇ ਕਰਨਾਟਕੀ ਢੰਗ ਅਤੇ ਕਿਸੇ ਕਰਨਾਟਕੀ ਰਾਗ ਵਿਚ ਏਨੀ ਬਹੁਰੰਗੀ ਵੀਣਾ ਵਜਾਈ ਕਿ ਸਰੋਤੇ ਮੁਗਧ ਹੋ ਹੋ ਗਏ। ਉਹ ਇਕ ਇਕ



Sri Satguru Jagjit Singh Ji Elibrary NamdhariElibrary@gmail.com

ਤਾਰ ਨੂੰ ਛੇੜਦਿਆਂ ਸੀਡਾ, ਖਿੱਚਾਂ ਤੇ ਜ਼ਮਜ਼ਮੇ ਇੰਜ ਵਖਾ ਰਿਹਾ ਸੀ ਜਿਵੇਂ ਇਹ ਤਾਰਾਂ ਅਜੇ ਵੀ ਉਸ ਦੀ ਮਨਮਰਜ਼ੀ ਪੂਰੀ ਨਹੀਂ ਕਰ ਰਹੀਆਂ। ਇਕ ਵਾਰ ਤਾਂ ਉਸ ਨੇ ੫ ਸਪਤਕਾਂ ਇਕੋ ਤਾਰ ਤੋਂ ਵਖਾ ਦਿਤੀਆਂ। ਉਸ ਦੀ ਅਦਾ-ਇਗੀ, ਹੱਥਾਂ-ਉਂਗਲਾਂ ਦੀ ਮੁਦ੍ਰਾ ਤਾਰਾਂ ਦਾ ਟੁਣਕਾਣਾ ਅਤੀ ਸੁੰਦਰ ਸੀ।

ਸਤਿਗੁਰੂ ਜੀ ਦੀਆਂ ਉਡੀਕਾਂ ਸਾਡੇ ਹਿਰਦਿਆਂ ਵਿਚ ਸਨ ਅਤੇ ਰਸ ਲੁਟ ਰਹੇ ਸਾਂ ਬਾਲ ਚੰਦਰ ਦੀ ਵੀਣਾ ਦਾ। ਗੁਰਦੇਵ ਸਿੰਘ ਦਾ ਜੀ ਕਰੇ ਕੀ ਇਸ ਨੂੰ ਨਾਮਧਾਰੀਆਂ ਵਲੋਂ ਕੀਤੇ ਜਾ ਰਹੇ ਬੰਬਈ ਸੰਗੀਤ ਸਮੇਲਨ ਲਈ ਬੁਕ ਕਰ ਲਈਏ। ਪਤਾ ਲਗਾ ਕਿ ਇਸ ਕਲਾਕਾਰ ਦੀ ਇਕ ਬੈਠਕ ਦੀ ਭੇਟਾ ੮੦੦੦ ਰੁਪਏ ਹੈ। ਉਸਦੀ ਆਰਾਧਨਾ ਤੇ ਪੇਸ਼-ਕਾਰੀ ਦਾ ਇਹ ਮੁੱਲ ਕੋਈ ਬਹੁਤਾ ਨਾ ਲਗਿਆ।

ਦੂਜੀ ਆਈਟਮ ਸੀ ਸ਼੍ਰੀ ਬਿਰਜੂ ਮਹਾਰਾਜ ਦਾ ਨ੍ਰਿਤ। ਸਤਿਗੁਰੂ ਜੀ ਬਿਰਜੂ ਮਹਾਰਾਜ ਦੇ ਨ੍ਰਿਤ ਨੂੰ ਸ਼ਾਸ਼ਤਰੀ ਨ੍ਰਿਤ ਵਜੋਂ ਸਨਮਾਨਦੇ ਹਨ। ਅੱਜ ਦੇ ਦਿਹਾੜੇ ਆਉਣ ਦਾ ਮਨਰੋਥ ਵੀ ਇਸ ਕਲਾ ਦਾ ਰਸਾ ਸਵਾਦਨ ਕਰਨਾ ਹੀ ਸੀ। ਸਤਿਗੁਰੂ ਜੀ ਦੇ ਮਨ ਵਿਚ ਇਹ ਭਾਵਨਾ ਵੀ ਹੈ ਕਿ ਬਿਰਜੂ ਮਹਾਰਾਜ ਨਾਲ ਤਾਲ-ਮੇਲ ਪੈਦਾ ਕਰ ਤੇ ਫਿਰ ਵਧਾ ਕੇ ਕਿਸੇ ਨਾਮਧਾਰੀ ਬੱਚੇ ਨੂੰ ਨ੍ਰਿਤਕਾਰੀ ਦੀ ਸਿੱਖਿਆ ਦੁਆਈ ਜਾਵੇ।

ਗੁਰਦੇਵ-ਹਰਭਜਨ ਸਿੰਘ ਤੇ ਮੈਂ ੯ ਵਜੇ ਤੋਂ ਹੀ ਇਸ ਚਿੰਤਾ ਵਿਚ ਹੋ ਗਏ ਕਿ ਸਤਿਗੁਰੂ ਜੀ ਇਸ ਤਖਤ ਭੂਸ਼ਣ ਕਲਾਕਾਰ ਨੂੰ ਉਸ ਦੇ ਨ੍ਰਿਤ ਸਮੇਂ ਵਿਚ ਹੀ ਆ ਕੇ ਵੇਖ-ਸੁਣ ਸਕਣ। ੯.੪੦ ਤੇ ਜਹਾਜ਼ ਆਉਣਾ ਸੀ। ਬਾਹਰ ਬਰਸਾਤ ਸ਼ੁਰੂ ਹੋ ਗਈ। ਇੰਤਜ਼ਾਰ ਤੇ ਸਤਿਗੁਰੂ-ਸੁਆਗਤ ਹਿਤ ਅਸੀਂ ੧੦.੧੦ ਤੋਂ ਹੀ ਬਾਹਰ ਵਰਾਂਡੇ ਵਿਚ ਆ ਗਏ। ਇਹ ਵੀ ਡਰ ਸੀ ਕਿ ਵਰਖਾ ਨੇ ਜਹਾਜ਼ ਨੂੰ ਲੇਟ ਜਾਂ ਉਡਾਣ ਰੋਕ ਹੀ ਨਾ ਦਿੱਤੀ ਹੋਵੇ। ਪਲ ਪਲ ਫ਼ਿਕਰਾਂ ਵਿੱਧਾ ਸੀ।

ਅੰਦਰ, ਹਾਲ ਵਿਚ ਹਾਊਸ ਫੁਲ ਦੇ ਦਰਸ਼ਕ ਸਨ। ਨਰਤਕ ਬਿਰਜੂ ਚਰਨਾਂ ਦੀ ਥੱਪ ਥੱਪ, ਥਿੱਪ ਥਿੱਪ ਤੇ ਝਣ-ਝਣ ਨਾਲ ਇਕ ਅਲੋਕਾਰ ਵਾਤਾਵਰਣ ਸਿਰਜ ਰਿਹਾ ਸੀ।

ਭਾਰਤ ਦੇ ਮਨੀਸ਼ੀਆਂ ਨੇ ਜਿੱਥੇ ਸੰਗੀਤ ਦੀਆਂ ਸੱਤ ਸੁਰਾਂ ਮਿਥ ਕੇ ਹਜ਼ਾਰਾਂ ਰਾਗਾਂ ਤੇ ਲੱਖਾਂ ਤਾਨਾਂ ਦੀ ਸਰਜਨਾ ਕੀਤੀ ਉਥੇ ਬੇ-ਰਸ ਗਲੇ ਵਾਲੇ ਕਲਾਕਾਰਾਂ ਨੂੰ ਤਾਰ-ਸਾਜ਼ਾਂ ਦੀ ਮਦਦ ਨਾਲ ਮਨੋਭਾਵਾਂ ਦਾ ਪ੍ਰਗਟਾਵਾ ਕਰਨ ਲਈ ਸ਼ਕਤੀ ਦੇ ਦਿਤੀ। ਇਸ ਦੇ ਨਾਲ ਹੀ ਮਹਾਨ ਆਤਮਾਵਾਂ ਨੇ ਤਬਲਾ ਮ੍ਰਿਦੰਗ ਆਦਿ ਸਾਧਨਾ ਦੀ ਉਪਜ ਕਰਕੇ ਸੰਗੀਤ ਦੇ ਸਾਗਰ ਨੂੰ ਲੈਅ-ਤਾਲ ਦੇ ਕਿਨਾਰਿਆਂ ਵਿਚ ਬੰਨ੍ਹ ਲਿਆ ਪਰ ਅਜੇ ਪੈਰ ਮਨੁਖ ਕੋਲ ਵਿਹਲੇ ਸਨ ਜਿਨ੍ਹਾਂ ਨੂੰ ਕੰਮ ਮਿਲਣਾ ਚਾਹੀਦਾ ਸੀ। ਇਹਨਾਂ ਨੂੰ ਬਿਰਜੂ ਮਹਾਰਾਜ ਵਰਗੇ ਪੁਰਖਿਆਂ ਨੇ ਇਸ ਢੰਗ ਨਾਲ ਕਲਾ ਬੱਧ ਕੀਤਾ ਕਿ ਅੱਜ ਮਨੁਖ ਦੇ ਚਰਨ ਵੀ ਗੱਲਾਂ ਕਰਨ ਲਗ ਪਏ ਹਨ। ਅੱਜ ਅਨੇਕ ਪਰਣਾਂ, ਉਠਾਨਾਂ ਤੇ ਉਛਾਲ, ਸਟੇਜ ਤੇ ਪੈਰਾ ਦੀ ਪਟਕ, ਝਟਕ ਤੇ ਸਰੀਰਕ ਮਟਕ ਨਾਲ ਹਾਵ ਭਾਵ ਮਿਲਾ ਕੇ ਰਸ-ਗੰਗਾ ਵਹਾ ਦਿਤੀ ਜਾਂਦੀ ਹੈ ਕਿ ਕੀ ਰਾਮ, ਕੀ ਕ੍ਰਿਸ਼ਨ ਸਾਰੇ ਹੀ ਘੁਂਘਰੂ-ਬੱਧੇ ਚਰਨਾਂ ਦੀ ਪਕੜ ਵਿਚ ਆ ਜਾਂਦੇ ਹਨ।

ਰਾਤੀਂ ੧੦.੩੦ ਵਜੇ ਸਤਿਗੁਰੂ ਜੀ ਸ੍ਰ: ਸੁਰਜੀਤ ਸਿੰਘ ਸੇਠੀ ਦੀ ਕਾਰ ਤੇ ਬੈਠ, ਸ੍ਰ: ਸੁਰਿੰਦਰ ਸਿੰਘ ਮਨਚੰਦਾ ਤੇ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਨੂੰ ਸੇਠੀ ਸਾਹਿਬ ਦੇ ਘਰ ਛਡ ਕੇ, ਸੰਤ ਕਰਤਾਰ ਸਿੰਘ ਨੂੰ ਨਾਲ ਲੈ ਕੇ ਆ ਗਏ। ਅਸੀਂ ਨਮਸਕਾਰ ਕਰਦੇ ਹੀ ਪਏ ਸਾਂ ਕਿ ਉਸਤਾਦ ਅਮਜਦ ਅਲੀ ਖਾਨ ਆਪ ਉਠਕੇ ਅਗਵਾਨੀ ਲਈ ਆ ਪਹੁੰਚੇ। ਇਹਨਾਂ ਦੇ ਪਿਤਾ ਦੀ ਯਾਦ ਵਿਚ ਹੀ ਇਹ ਸਾਰਾ ਆਯੋਜਨ ਸੀ। ਖਾਂ ਸਾਹਿਬ ਬੈਠਣ ਲਈ ਲੈ ਜਾ ਰਹੇ ਸਨ ਕਿਸੇ ਪਹਿਲੀ ਪਾਲ ਦੀ ਕੁਰਸੀ ਤੇ ਕਿ ਸਤਿਗੁਰੂ ਜੀ ਤੇ ਬਿਰਜੂ ਮਹਾਰਾਜ ਦੀਆਂ ਨਜ਼ਰਾਂ ਮਿਲੀਆਂ। ਬਿਰਜੂ ਮਹਾਰਾਜ ਨੇ ਨ੍ਰਿਤ ਕਰਦਿਆਂ ਹੀ ਸਤਿਕਾਰ ਵਿਚ ਸਿਰ ਝੁਕਾਇਆ। ਪਖਾਵਜ ਕਰ ਰਹੇ ਪੰ: ਕਿਸ਼ਨ ਮਹਾਰਾਜ ਨੇ ਵੀ ਸਤਿਗੁਰੂ ਜੀ ਦੇ ਅਦਬ ਵਿਚ ਸਿਰ ਝੁਕਾ ਨਮਸਕਾਰ ਕੀਤੀ।

ਜ਼ੋਰਦਾਰ ਤਬਲਾ, ਮਾਈਕ ਤੇ ਬਿਰਜੂ ਮਹਾਰਾਜ ਦੇ ਘੁੰਘਰੂਆਂ ਦੀ ਛਣਕਾਰ ਨੂੰ ਮੱਧਮ ਪਾ ਰਿਹਾ ਸੀ। ਇਹ ਦੋਵੇਂ (ਬਿਰਜੂ ਮਹਾਰਾਜ ਤੇ ਕਿਸਨ ਮਹਾਰਾਜ) ਯੁਗਲਬੰਦੀ ਤੇ ਕ੍ਰਿਸ਼ਨ-ਮੱਖਣ ਚੋਰੀ ਨੂੰ ਹਾਵ ਭਾਵ ਦੁਆਰਾ ਰੂਪ ਮਾਨ ਕਰ ਰਹੇ ਹਨ। ੧੧ ਵਜੇ ਤਕ ਇਸ ਅਨੰਦ ਗੰਗਾ ਵਿਚ ਤਾਰੀਆਂ ਲਾਂਦਿਆਂ ਸਭਾ ਸਮਾਪਤ ਹੋਣ ਪਿਛੋਂ, ਨੇਪੱਥ ਵਿਚ ਜਾ ਕੇ, ਸਤਿਗੁਰੂ ਜੀ ਅਤੇ ਅਸੀਂ ਨ੍ਰਿਤ-ਪਖਾਵਜਕਾਰਾਂ ਨੂੰ ਮਿਲੇ। ਸ੍ਰੀ ਸਤਿਗੁਰੂ ਜੀ ਨੂੰ ਪੰ: ਕਿਸ਼ਨ ਮਹਾਰਾਜ ਨਾਲ ਮਿਲਾਂਦਿਆਂ ਖਾਂ ਸਾਹਿਬ ਅਮਜਦਅਲੀ ਨੇ ਆਖਿਆ :



Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਤਬ ਆਏ ਜਬ ਉਨ ਕੀ ਪ੍ਰਿਯ ਤਾਰ ਧਮਾਰ, ਖਜ ਰਹੀ ਸੀ।

ਏਥੇ ਹੀ ਕਿਸ਼ਨ ਮਹਾਰਾਜ ਅਤੇ ਸਤਿਗੁਰੂ ਜੀ ਨੇ ਪੰ: ਬਿਰਜੂ ਮਹਾਰਾਜ ਨਾਲ ਉਹ ਤਾਰੀਖ਼ ਤੈ ਕੀਤੀ ਜਦੋਂ ਪੰ. ਕਿਸ਼ਨ ਸਪੁਤਰ ਪੂਰਨ ਮਹਾਰਾਜ ਨੇ ਸੰਗੀਤ ਆਯੋਜਨ ਕਰਨਾ ਸੀ। ਇਸ ਦਾ ਉਦਘਾਟਨ ਸਤਿਗੁਰੂ ਜੀ ਦੁਆਰਾ ਹੋਣਾ ਸੀ। ਸ੍ਰੀ ਸਤਿਗੁਰੂ ਜੀ ਅਤੇ ਪੰ: ਬਿਰਜੂ ਮਹਾਰਾਜ ਕਾਰਨ ਪਿਛਲੇ ਤਿੰਨ ਮਹੀਨੇ ਤੋਂ ਇਹ ਤਾਰੀਖ ਅੱਗੇ ਤੋਂ ਅਗੇ ਪੈਂਦੀ ਆਈ ਹੈ।

ਰਾਤ ਨੂੰ, ਆਰਾਮ ਕਰਨ ਲਈ, ਸ੍ਰੀ ਸਤਿਗੁਰੂ ਜੀ ਅਤੇ ਸਾਡਾ ਸਭ ਦਾ ਡੇਰਾ ਐਸ. ਐਸ. ਸੇਠੀ ੯੦ ਐਨ. ਨਿਊ ਅਲੀਪੁਰ, ਬਲਾਕ ਈ. ਵਿਚ ਲਗਿਆ। ਮਸਾਂ ੧੨.੩੦ ਵਜੇ ਤਕ ਹੀ ਖਿਰਾਜਿਆ ਜਾ ਸਕਿਆ।

## ੨੮ ਦਸੰਬਰ ੧੯੭੭ ਬੁਧਵਾਰ
## ਕਲਕੱਤਾ

ਸਵੇਰੇ ਆਸਾ ਦੀ ਵਾਰ ਸ: ਸੁਰਜੀਤ ਸਿੰਘ ਸੇਠੀ ਕੇ ਘਰ ਲਗੀ। ਸੰਗੀਤ ਸਿਖਦੇ ਬੱਚਿਆਂ ਤੇ ਸ੍ਰੀ ਹਰਭਜਨ ਸਿੰਘ ਦੁਆਰਾ ਆਸਾ ਦੀ ਵਾਰ ਦਾ ਕੀਰਤਨ ਸਤਿਗੁਰੂ ਜੀ ਦੇ ਦਿਲ ਰੁਬਾ ਯੁਕਤ ਅਗਵਾਈ ਵਿਚ ਹੋਇਆ। ਵਾਰ ਦਾ ਭੋਗ ੬.੧੫ ਤੇ ਪੈ ਗਿਆ ਜਦੋਂ ਕਿ ਦਿੱਲੀ ਵਿਚ ਇਹ ੭.੨੦ ਤੇ ਪੈ ਜਾਂਦਾ ਸੀ।

### ਸੇਠੀ ਨਾਲ

ਚੰਡੀ ਦੀ ਵਾਰ ਦੇ ਪਾਠ ਉਪਰੰਤ ਸੇਠੀ ਜੀ ਨੂੰ ਮੇਰੇ ਨਾਲ ਹੀ ਅੰਦਰ ਸੱਦਿਆ ਤੇ ਵੱਖਰੇ ਹੋ ਕੇ ਸਤਿਗੁਰੂ ਜੀ ਨੇ ਪੁਛਿਆ: ਤੁਸੀਂ ਨਾਮਧਾਰੀ ਹੋ ਕਿ ਨਹੀਂ? ਉੱਤਰ: ਮੈਂ ਨਾਮਧਾਰੀ ਹਾਂ ਜੀ। ਸਤਿਗੁਰਾਂ ਸ੍ਰੀ ਸੇਠੀ ਨੂੰ ਰਾਤ ਦੇ ਰਖੇ ਹੋਏ ਕੇਲੇ, ਸੰਤਰੇ ਆਦਿ ਫਲ ਵਖਾਏ ਜੁ ਇਸ ਸ਼ਕੋਂ ਵਰਤੋਂ ਵਿਚ ਨਾ ਲਿਆਂਦੇ ਗਏ ਕਿ ਸਿਖ ਬਹੁਤ ਦੇਰ ਬਾਅਦ ਮਿਲਿਆ ਹੈ ਕਿਤੇ ਥਿੜਕ ਹੀ ਨਾ ਗਿਆ ਹੋਵੇ।

ਇਹ ਦਸਦਿਆਂ ਸਤਿਗੁਰੂ ਜੀ ਨੇ ਇਕ ਆਦਰਸ਼ਵਾਦੀ ਸਿੱਖ ਦੀ ਗੱਲ ਸੁਣਾਈ। ਉਸ ਨਾਮਧਾਰੀ ਦੀ ਕਿਸੇ ਕਾਰਨ ਇੰਦਰੀ ਏਨੀ ਆਕੜ ਗਈ ਕਿ ਸ਼ਾਂਤ ਹੋਣ ਵਿਚ ਨਾ ਆਵੇ, ਲਕੜ ਵਾਂਗ ਸਖਤ ਰਹੇ ਹਰ ਦਮ। ਡਾਕਟਰਾਂ ਪਾਸ ਦਿੱਲੀ ਲਿਆਂਦਾ ਗਿਆ। ਪੁਣ ਛਾਣ ਕਰਕੇ ਡਾਕਟਰਾਂ ਸਿੱਟਾ ਕਢਿਆ ਕਿ ਇਸਦੇ ਕੁਛ ਹਿੱਸੇ ਦਾ ਉਪਰੇਸ਼ਨ ਕੀਤਾ ਜਾਇ। ਇਸ ਕੰਮ ਲਈ ਵਾਲ ਕੱਟਣ ਦਾ ਮਸਲਾ ਸਾਹਵੇਂ ਆਇਆ ਤਾਂ ਸਿਖ ਨੇ ਉਪਰੇਸ਼ਨੋਂ ਸਿਰ ਫੇਰ ਦਿਤਾ: ਇਹ ਅਵਗਿਆ ਨਹੀਂ ਹੋਵੇਗੀ। ਇਸ ਸਿਖ ਨਾਲ ਸੰਬੰਧਤ ਵਿਅਕਤੀ ਸਤਿਗੁਰਾਂ ਪਾਸ ਆਏ। ਸਤਿਗੁਰੂ ਜੀ ਨੇ ਜਲ-ਚਕਿਤਸਾ ਨਾਲ ਹੀ ਉਸਨੂੰ ਰੋਗ ਮੁਕਤ ਕਰ ਦਿਤਾ। ਅਤੇ ਸਤਿਗੁਰਾਂ ਪ੍ਰੇਰਨਾਂ ਦਿਤੀ ਕਿ ਧਰਮ ਤੋਂ ਗੇਰਨ ਵਾਲੀ ਕਿਸੇ ਵੀ ਸ਼ਕਤੀ ਦੇ ਅਧੀਨ ਨਹੀਂ ਹੋਣਾ ਚਾਹੀਦਾ।

### ਛਕਣ ਛਕਾਣ

ਬੀਤੀ ਰਾਤੀਂ ਕਾਫੀ ਬਾਰਸ਼ ਹੋਈ। ਰਾਤੀਂ ੧੦ ਵਜੇ ਸੇਠ ਕਿਰਪਾਲ ਸਿੰਘ ਅਤੇ ਉਸ ਦਾ ਛੋਟਾ ਭਾਈ ਸੰਤ ਅਮਰ ਸਿੰਘ ਡਾਲਟਨ ਗੰਜੋਂ ਆ, ਕਲਕੱਤੇ ਵਿਚ ਆਪਣੀ 'ਗੱਦੀ' ਵਿਖੇ ਸੁੱਤੇ। ਸਵੇਰੇ ਆਸਾ ਦੀ ਵਾਰ ਸਮੇਂ, ਮੀਂਹ ਵਰ੍ਹਦੇ ਵਿਚ ਹੀ ਕਿਤੋਂ ਪੁਛਦੇ ਪੁਛਾਂਦੇ ਟੈਕਸੀ ਦੁਆਰਾ ਇਹ ਵੀ ਸੇਠੀ ਕੇ ਮਕਾਨ ਤੇ ਪਹੁੰਚ ਗਏ। ਕਲਕੱਲੇ ਵਿਚ ਹੀ ਵੈਲਡਿੰਗ ਦਾ ਕੰਮ ਕਰਦੇ ਸੰਤ ਹਰਭਜਨ ਸਿੰਘ ਸ਼ਾਹਪੁਰੀ, ਸੰਤ ਮਲਕੀਅਤ ਸਿੰਘ ਸਪੁਤਰ ਸੰਤ ਭਗਤ ਸਿੰਘ ਸ਼ਾਹਪੁਰ ਭਿਲਾਈ ਤੋਂ ਆਕੇ ਏਥੇ ਪਹੁੰਚ ਗਏ। ਹਰਭਜਨ ਸਿੰਘ ਦਾ ਲੜਕਾ ਵੀ ਮੋਟਰ ਸਾਈਕਲ ਤੇ ਆਣ ਪੁੱਜਾ।

ਸਾਰੇ ਸਿਖਾਂ ਦੇ ਬੈਠਿਆਂ ਹੀ, ਸਤਿਗੁਰੂ ਜੀ ਨੇ ਮੈਨੂੰ ਪੁੱਛਿਆ: ਸਰਸੇ ਵਿਚ ਕੀ ਕੁਝ ਹੋਇਆ ੨੩ ਦਸੰਬਰ ਨੂੰ? ਮੈਨੂੰ ਬੜੇ ਲੋਕ ਮਿਲੇ ਪਰ ਹਰ ਕੋਈ ਥੋੜੀ ਕੁ ਗੱਲ ਕਰਕੇ ਕਹਿ ਦਿੰਦਾ ਹੈ—ਕਵੀ ਹੁਰਾਂ ਨੂੰ ਪੁੱਛੋ।

ਮੈਂ ਸਰਸੇ ਵਿਚ ਹੋਏ ਬੀਤੇ ਦੀ ਸੰਖੇਪ ਰਿਪੋਰਟ ਸੁਣਾ ਦਿਤੀ।

ਸਾਰਾ ਸਾਮਾਨ ਸੇਠੀ ਸਾਹਿਬ ਕੇ ਫਲੈਟ ਤੇ ਰਖ ਕੇ, ਆਗਿਆ ਹੋਈ ਕਿ ਪ੍ਰਸ਼ਾਦ ਪਾਣੀ ਸਵਰਨ ਸਿੰਘ ਕੇ ਮਕਾਨ ਤੇ ਛਕਿਆ ਜਾਵੇ। ਸੋ ਤਿੰਨ ਚਾਰ ਟੈਕਸੀਆਂ ਤੇ ਸਾਰੇ ਹਾਜ਼ਰ ਨਾਮਧਾਰੀ ਨੈਨਾ ਪਾੜਾ ਵਿਖੇ ਪਹੁੰਚੇ। ਬਰਸਾਤ ਕਾਰਨ ਹਾਲ ਮਾੜਾ ਸੀ ਕਲਕੱਲੇ ਦਾ। ਸਵਰਨ ਸਿੰਘ ਕੇ ਘਰ ਸੰਤ ਮਹਿੰਦਰ ਸਿੰਘ ਦਮਦਮਾ ਨੇ ਲੰਗਰ ਤਿਆਰ ਕੀਤਾ ਹੋਇਆ ਸੀ। ਸਤਿਗੁਰੂ ਜੀ ਪਰਸ਼ਾਦ ਛਕ ਕੇ ਬਿਰਾਜ ਗਏ। ਬੜੇ ਥਕੇ ਹੋਣ ਕਾਰਨ ਸੰਤ ਪੂਰਵਾ ਤੇ ਸ੍ਰ. ਸੁਰਿੰਦਰ ਸਿੰਘ ਵੀ ਲੇਟ ਗਏ। ਸੰਤ ਕਿਰਪਾਲ ਸਿੰਘ ਨੇ ਆਕੇ ਸ੍ਰ. ਮਨਚੰਦਾ ਨੂੰ ਖੜਕਵੀਂ ਆਵਾਜ਼ ਵਿਚ ਆਖਿਆ: ਰਖਣੇ ਯਰਾਨੇ ਉਠਾਂ ਵਾਲਿਆਂ ਨਾਲ ਤੇ ਦਰਵਾਜ਼ੇ ਰਖਣੇ ਛੋਟੇ, ਭਲਾ ਕਿਵੇਂ



Sri Satguru Jagjit Singh Ji Elibrary NamdhariElibrary@gmail.com

ਚਲੇਗਾ ? ਮਤਲਬ ਸੀ ਕਿ ਸਤਿਗੁਰੂ ਜੀ ਦੀ ਤਾਬਿਆ ਵਿਚ ਆਕੇ ਨੀਂਦ-ਭੁਖ ਤਿਆਗ, ਆਗਿਆ ਦੀ ਉਡੀਕ ਵਿਚ ਰਹਿਣਾ ਚਾਹੀਦਾ ਹੈ ।

ਬੰਬਈ ਤੋਂ ਹੁੰਦਾ ਹੋਇਆ, ਸਤਿਗੁਰੂ ਜੀ ਦਾ ਇਕ ਹੋਰ ਪਿਆਰਾ ਸ੍ਰ. ਸੁਰਿੰਦਰ ਸਿੰਘ ਲੁਧਿਆਣਾ ਵੀ ਏਥੇ ਅਪੱੜ ਪਿਆ । ਉਸ ਵੀ ਸਤਿਗੁਰੂ ਚਰਨ ਪਰਸੇ ।

ਜਗਹ ਦੀ ਤੰਗੀ ਜਾਣ ਮੈਂ ਅਤੇ ਹਰਭਜਨ ਸਿੰਘ ਗੁਰਦੇਵ ਸਿੰਘ ਕੋਲ ਕੋਮਲ ਵਿਲਾਸ ਵਿਖੇ ਆ ਗਏ । ਸ਼ਾਮ ਨੂੰ ੬ ਵਜੇ ਰਵਿੰਦਰ ਸਦਨ ਪਹੁੰਚੇ ।

**ਸੰਗੀਤ ਸਭਾ**

ਜਾਂਦਿਆਂ ਨੂੰ ਸਤਿਗੁਰੂ ਜੀ ਆਪਣੇ ਸੇਵਕਾਂ ਸੰਤ ਮਹਿੰਦਰ ਸਿੰਘ ਪੂਰਵਾ, ਸ੍ਰ. ਸੁਰਿੰਦਰ ਸਿੰਘ ਮਨਚੰਦਾ, ਸੰਤ ਕਿਰਪਾਲ ਸਿੰਘ, ਸੰਤ ਅਮਰ ਸਿੰਘ, ਸ੍ਰੀ ਗੁਰਦੇਵ ਸਿੰਘ (ਤਿੰਨੇ) ਡਾਲਟਨ ਗੰਜ ਅਤੇ ਸ੍ਰ. ਸੁਰਿੰਦਰ ਸਿੰਘ ਲੁਧਿਆਣਾ ਨਾਲ ਸਾਹਮਣੀਆਂ ਸੀਟਾਂ ਤੇ ਸਜੇ ਹੋਏ ਸਨ । ਸਰੋਤਿਆਂ ਨਾਲ ਹਾਲ ਲਥਾਲਥ ਸੀ ।

ਅੱਜ ਗਾਇਨ ਸੀ ਸ੍ਰੀ ਨਾਸਰ ਅਮੀਨੁਦੀਨ ਡਾਗਰ ਦਾ । ਉਸਨੇ ਯਮਨ ਨੂੰ ਆਲਾਪ ਦੁਆਰਾ ਕਰੀਬ ਇਕ ਘੰਟਾ ੬.੧੫ ਤੋਂ ੭.੧੫ ਤਕ ਗਾਇਨ ਕੀਤਾ ਅਤੇ ਫਿਰ ਰੱਜਕ ਲੱਚਨ ਡੇ ਪੰਪਾ ਜੀ ਮਹਾਰਾਜ ਨਾਲ ਮ੍ਰਿਦੰਗ ਦੀ ਸੰਗਤ ਲੈਕੇ ਭਰਵਾਂ ਧ੍ਰਪਦ ਗਾਇਆ । ਭਾਰੀ ਸੁਰ ਕਾਰਨ ਆਲਾਪ ਕਰਨ ਸਮੇਂ ਉਪਰਲੇ ਸਾ ਤੇ ਆਵਾਜ਼ ਹੋਰ ਵੀ ਭਾਰੀ ਹੋ ਜਾਂਦੀ ਜਿਵੇਂ ਛੱਤ ਪਾੜ ਸੁੱਟਣ ਵਾਲੀ ਹੋਵੇ । ਸ੍ਰੀ ਸਤਿਗੁਰੂ ਜੀ ਨੇ ਡਾਗਰ ਸਾਹਿਬ ਦੇ ਗਾਇਨ ਨੂੰ ਡਾਢਾ ਪਸੰਦ ਕੀਤਾ । ਉਹਨਾਂ ਦੀ ਲੈਅ ਕਾਰੀ ਕਮਾਲ ਦੀ ਸੀ ।

ਡਾਗਰ ਤਾਂ ਧ੍ਰੁਰਪਦ ਗਾਇਨ ਵਿਚ ਮਸਤ ਸਨ ਕਿ ਸਤਿਗੁਰੂ ਜੀ ਆਪਣੇ ਸੰਗਤ ਸਕਤਰ ਗੁਰਦੇਵ ਸਿੰਘ-ਹਰ-ਭਜਨ ਸਿੰਘ ਨੂੰ ਨਾਲ ਲੈ ਕੇ ਉਸਤਾਦ ਅਮਜਦ ਅਲੀ ਖਾਨ ਨੂੰ ਮਿਲੇ ਤੇ ਸ੍ਰੀ ਮਨਚੰਦਾ ਤੋਂ ੧੦੦੦/- ਇਸ ਸਭਾ ਨੂੰ ਦਿਵਾਇਆ । ਹਰਭਜਨ ਸਿੰਘ ਨੇ ਮੈਨੂੰ ਦੱਸਿਆਂ : ਬੰਗਾਲੀ ਸਾਨੂੰ ਵੇਖ ਵੇਖ ਔਖੇ ਹੁੰਦੇ ਰਹੇ ਸਨ ਤੇ ਉਸਤਾਦ ਜੀ ਨੂੰ ਜਾ ਜਾ ਕਹਿੰਦੇ ਸਨ—ਇਹ ਸੀਟਾਂ ਮੱਲੀ ਬੈਠੇ ਰਹਿੰਦੇ ਹਨ । ਹੁਣ ਸੱਚੇ ਪਾਤਸ਼ਾਹ ਜੀ ਨੇ ਇਹਨਾਂ ਦੇ ਮੂੰਹ ਤੇ ਮਾਇਆ ਦੀ ਚਪੇੜ ਮਾਰ ਦਿਤੀ ਹੈ ।

ਸਤਿਗੁਰੂ ਜੀ ਜਦੋਂ ਫਿਰ ਸੀਟ ਤੇ ਆਏ ਤਾਂ ਸ੍ਰੀ ਅਲੀ ਅਕਬਰ ਖਾਨ ਦਾ ਸਰੋਦਵਾਂਦਨ ਸ਼ੁਰੂ ਹੋਣ ਵਾਲਾ ਸੀ । ਪਰਦਾ ਉਠਦਿਆਂ ਹੀ ਅਲੀ ਅਕਬਰ ਖਾਨ ਮੰਚ ਉੱਤੇ ਨਜ਼ਰ ਪਏ ਆਪ ਨਾਲ ਪੰਡਿਤ ਕ੍ਰਿਸ਼ਨ ਮਹਾਰਾਜ ਤਬਲਾ ਲੈ ਕੇ ਡਟ ਗਏ । ਖਾਂ ਸਾਹਿਬ ਨੇ ਹੇਮ ਬਿਹਾਗ ਵਿਚ ਆਲਾਪ ਕੀਤਾ । ਸੁੰਦਰ ਤੇ ਮਿੱਠਾ ਸਰੋਦਵਾਦਨ ਸੀ । ਜਦੋਂ ਬੰਗਲਾ ਵਿਚ ਅਲੀ ਅਕਬਰ ਖਾਨ ਸਾਹਿਬ ਨੇ ਉਸਤਾਦ ਹਾਫਿਜ਼ਅਲੀ ਖਾਨ ਨੂੰ ਸ਼ਰਧਾਂਜਲੀ ਭੇਟ ਕੀਤੀ ਤਾਂ ਦੱਸਿਆ ਕਿ ਇਹਨਾਂ ਅਤੇ ਉਹਨਾਂ ਦੇ ਦਾਦਾ ਗੁਰੂ ਇਕੋ ਸਨ । ਅਤੇ ਫਿਰ ਯਮਨ ਵਿਚ ਵਿਲੰਬਤ ਪੇਸ਼ ਕੀਤੀ । ਪੰਡਿਤ ਕ੍ਰਿਸ਼ਨ ਮਹਾਰਾਜ ਦਾ ਤਬਲਾ ਵਾਦਨ ਹਮੇਸ਼ਾ ਜ਼ੋਰਦਾਰ ਹੁੰਦਾ ਹੈ । ਲੈਅਕਾਰੀ ਦੇ ਆਪ ਮੰਨੇ-ਦੰਨੇ ਉਸਤਾਦ ਹਨ । ਬੰਗਾਲੀ ਜਨਤਾ ਨੇ ਸਮਾ ਸਮਾਪਤੀ ਤੇ ਖਾਂ ਸਾਹਿਬ ਨੂੰ ਫਿਰ ਕਾਨੜਾ ਸੁਣਾਨ ਲਈ ਆਗ੍ਰਹਿ ਕੀਤਾ । ਤਦ ਨੂੰ ਅਸੀਂ ਸ੍ਰੀ ਸਤਿ-ਗੁਰੂ ਜੀ ਦੀ ਹਜ਼ੂਰੀ ਵਿਚ ਸੇਠੀ ਸਾਹਿਬ ਦੇ ਘਰ ਆ ਗਏ ।

ਡੀਲੱਕਸ ਰੇਲ ਤੋਂ ਉਤਰ ਕੇ ਭਾਈ ਨਿਹਾਲ ਸਿੰਘ ਪਿੰਕੀ ਦਾ ਤਬਲਾ ਉਸਤਾਦ, ਸ੍ਰੀ ਸੁਖਵਿੰਦਰ ਸਿੰਘ ਪਿੰਕੀ ਅਤੇ ਸ੍ਰੀ ਬਲਜੀਤ ਸਿੰਘ ਖਾਪੜ ਖੇੜੀ (ਅੰਮ੍ਰਿਤਸਰ) ਆਣ ਪਹੁੰਚੇ । ਸੰਗੀਤ ਵਿਦਿਆਰਥੀਆਂ ਦਾ ਇਹ ਜਥਾ ੯ ਵਜੇ ਰਾਤੀਂ ਸੰਗੀਤ ਸਭਾ ਵਿਚ ਪਹੁੰਚ ਗਿਆ ਸੀ ।

ਮੰਚ ਸਾਹਮਣੇ ਕੁਰਸੀਆਂ ਤੇ ਖਾਲੀ ਜਗਾਹ ਨਾ ਹੋਣ ਕਰਕੇ, ਮੰਚ ਉਤੇ ਹੀ ਸੱਜੇ ਤੇ ਖੱਬੇ, ਕੁਛ ਦੁਰਾਈ ਤੇ, ਪੱਛੜ ਕੇ ਆਏ ਸਰੋਤਿਆਂ ਲਈ ਬੈਠਣ ਦੀ ਮਜਬੂਰੀ ਸੀ । ਬਿਲਕੁਲ ਪਹਿਲੀਆਂ ਸੀਟਾਂ ਤੇ, ਸਾਹਮਣੇ ਬੈਠਣ ਦਾ ਅਵਸਰ ਸ੍ਰੀ ਸਤਿਗੁਰੂ ਜੀ, ਸ੍ਰੀ ਸੁਰਿੰਦਰ ਸਿੰਘ ਮਨਚੰਦਾ, ਪ੍ਰੀਤਮ ਸਿੰਘ ਕਵੀ, ਗੁਰਦੇਵ ਸਿੰਘ-ਹਰਭਜਨ ਸਿੰਘ ਨੂੰ ਹੀ ਮਿਲਦਾ ਰਿਹਾ ।

ਸੇਠੀ ਸਾਹਿਬ ਦੇ ਫਲੈਟ ਵਿਚ ਆ ਕੇ ਬੱਚਿਆਂ ਤੋਂ ਦੋ ਵਾਰ ਸ਼ਬਦ 'ਕਰੁਣਾ ਨਿਧਾਨ' ਸਤਿਗੁਰਾਂ ਨੇ ਸੁਣਿਆ । ਇਸ ਮੌਕੇ ਸੇਠੀ ਜੀ ਦੀ ਮਤਾ ਜੁ ਨਜ਼ਰੋਂ ਰਹਿ ਚੁਕੀ ਤੇ ਸਰੀਰੋਂ ਵੀ ਤੁਰਨ ਫਿਰਨ ਦੇ ਯੋਗ ਨਹੀਂ ਸੀ, ਪਹੀਏਦਾਰ ਕੁਰਸੀ ਤੇ ਆਪਣੇ ਨੌਕਰ ਅਤੇ ਬੱਚੇ ਦੀ ਸਹਾਇਤਾ ਨਾਲ ਸ੍ਰੀ ਗੁਰੂ ਚਰਨਾਂ ਤੇ ਮਸਤਕ ਨਿਵਾਣ ਲਈ ਆਈ। ਸਤਿਗੁਰੂ ਜੀ ਨੇ ਉਠਕੇ ਚਰਨ ਉਸਦੇ ਨੇੜੇ ਕੀਤਾ । ਮਾਤਾ ਨੇ ਚਰਨ ਪਲਸਦਿਆਂ ਸਿਰ ਝੁਕਾ ਕੇ ਆਖਿਆ : ਬੜੀ ਕਿਰਪਾ ਕੀਤੀ ਜੇ, ਅਸਾਂ ਗੁਨਾਹਗਾਰਾ ਤੇ । ਅਤੇ ਫਿਰ ਅਰਜ਼ ਕੀਤੀ ਆਜਜ਼ੀ ਨਾਲ : ਇਕ ਵਾਰ ਸ਼ਬਦ ਸੁਣਵਾ ਦਿਓ, ਹੋਵੇਗੇ ਤਾਂ ਤੁਸੀਂ ਥੱਕੇ ਹੀ ਹੋਏ । (ਚਲਦਾ)



Sri Satguru Jagjit Singh Ji Elibrary NamdhariElibrary@gmail.com

*WITH BEST COMPLIMENTS FROM :*

# *Harbhajan Sarbjeet & Associates*

*CIVIL ENGINEERING CONTRACTORS*

*Head office :*
*562/6 Ramgarh Colony*
*Kanpur Road, LUCKNOW-5 (U.P.)*
*Phone : 51510.*

*Administrative office :*
*2, S B H officers colony*
*Jalna Road,*
*AURANGABAD-431001*
*(Maharashtra)*
*Phone : 3587.*

**Works in Hand :**

Construction of Paithan Right bank Canal
Jayakwadi Project
AURANGABAD (M S )
Costing Rs. 3 20 Crores

Construction of Central Railways Project in between Karjat & Lonavala (Bombay)
Costing Rs. 1.13 Crores

Construction of Waranga Tunnel 2.5 km long & Canal Works on Upper Penganga Project
NANDED (M.S.)
Costing Rs 4.50 Crores

Sri Satguru Jagjit Singh Ji Elibrary NamdhariElibrary@gmail.com

Registered NW/JL—97 MONTHLY WARIAM November 1981
Registered with the registrar of News Papers for India No. 26453/75

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ


# ASOKA BISCUIT




ਭਰਪੂਰ ਤੰਦਰੁਸਤੀ ਅਤੇ ਵਧੀਆ ਸਵਾਦ ਲਈ ਵਰਤੋ

Phones : 565693
562588

## *Sri Hari Partap Trading Centre*

**6/85 W. E. A. KAROL BAGH**

**NEW DELHI-110005**


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

Sri Satguru Jagjit Singh Ji Elibrary NamdhariElibrary@gmail.com